@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

ਦਿੱਲੀ, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 1 August 2026

VISIT:
www.qaumipatrika.org
Email: qpatrika@gmail.com

Punjabi National Daily
Qaumi Patrika NO.1

ਨਵੀਂ ਦਿੱਲੀ: ਸ਼ਨੀਵਾਰ 1 ਅਗਸਤ 2026, 17 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 268, qpatrika@gmail.com ਫੋਨ : 9971359517 www.qaumipatrika.org

## ਅੰਕਿਤ ਸ਼ਰਮਾ ਕਤਲ ਮਾਮਲੇ 'ਚ ਤਾਹਿਰ ਹੁਸੈਨ ਨੂੰ ਝਟਕਾ, ਦਿੱਲੀ ਦੀ ਅਦਾਲਤ ਨੇ ਸੁਣਾਈ ਉਮਰ ਕੈਦ ਦੀ ਸਜ਼ਾ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 31 ਜੁਲਾਈ। ਫਰਵਰੀ 2020 ਦੇ ਦਿੱਲੀ ਦੰਗਿਆਂ ਦੌਰਾਨ ਇੰਟੈਲੀਜੈਂਸ ਬਿਊਰੋ (IB) ਦੇ ਅਧਿਕਾਰੀ ਅੰਕਿਤ ਸ਼ਰਮਾ ਦੇ ਕਤਲ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਸਾਬਕਾ ਕੌਂਸਲਰ ਤਾਹਿਰ ਹੁਸੈਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਮਾਮਲੇ ਵਿੱਚ ਅਦਾਲਤ ਨੇ 13 ਜੁਲਾਈ ਨੂੰ ਤਾਹਿਰ ਹੁਸੈਨ, ਨਾਜ਼ਿਮ, ਕਾਸਿਮ, ਜਾਵੇਦ ਅਤੇ ਅਨਸ ਨੂੰ ਕਤਲ, ਅਪਰਾਧਿਕ ਸਾਜ਼ਿਸ਼ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ੀ ਕਰਾਰ ਦਿੱਤਾ ਸੀ। ਸਜ਼ਾ ਬਾਰੇ ਹੋਈ ਬਹਿਸ ਦੌਰਾਨ ਅਭਿਯੋਗ ਪੱਖ ਦੇ ਵਿਸ਼ੇਸ਼ ਲੋਕ ਅਭਿਯੋਜਕ ਮਧੁਕਰ ਪਾਂਡੇ ਨੇ ਅਦਾਲਤ ਨੂੰ ਦਲੀਲ ਦਿੱਤੀ ਕਿ ਇਹ ਕਤਲ ਪੂਰੀ ਤਰ੍ਹਾਂ ਯੋਜਨਾਬੱਧ, ਬੇਰਹਿਮ ਅਤੇ ਸਮਾਜ ਵਿੱਚ ਡਰ ਦਾ ਮਾਹੌਲ ਪੈਦਾ ਕਰਨ ਵਾਲਾ ਸੀ। ਉਨ੍ਹਾਂ ਨੇ ਇਸ ਮਾਮਲੇ ਨੂੰ ਰੇਅਰੇਸਟ ਆਫ਼ ਦ ਰੇਅਰ ਕਰਾਰ ਦਿੰਦਿਆਂ ਸਾਰੇ ਦੋਸ਼ੀਆਂ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ। ਅਭਿਯੋਗ ਪੱਖ ਦਾ ਕਹਿਣਾ ਸੀ ਕਿ ਅਜਿਹੇ ਅਪਰਾਧਾਂ ਲਈ ਸਭ ਤੋਂ ਕਠੋਰ ਸਜ਼ਾ ਦੇਣਾ ਲਾਜ਼ਮੀ ਹੈ ਤਾਂ ਜੋ ਸਮਾਜ ਵਿੱਚ ਸਪੱਸ਼ਟ ਸੰਦੇਸ਼ ਜਾਵੇ। ਦੂਜੇ ਪਾਸੇ,



ਬਚਾਵ ਪੱਖ ਨੇ ਮੌਤ ਦੀ ਸਜ਼ਾ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਮਾਮਲਾ ਰੇਅਰੇਸਟ ਆਫ਼ ਦ ਰੇਅਰ ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ। ਉਨ੍ਹਾਂ ਨੇ ਦੋਸ਼ੀਆਂ ਦੀਆਂ ਸਮਾਜਿਕ ਅਤੇ ਪਰਿਵਾਰਕ ਸਥਿਤੀਆਂ ਸਮੇਤ ਹੋਰ ਕਾਰਨਾਂ ਦਾ ਹਵਾਲਾ ਦੇ ਕੇ ਮੌਤ ਦੀ ਸਜ਼ਾ ਨਾ ਦੇਣ ਅਤੇ ਘੱਟ ਸਜ਼ਾ ਸੁਣਾਉਣ ਦੀ ਅਪੀਲ ਕੀਤੀ। ਦੋਵੇਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਫ਼ੈਸਲਾ ਸੁਣਾਉਣ ਲਈ 31 ਜੁਲਾਈ ਦੀ ਤਾਰੀਖ ਨਿਰਧਾਰਤ ਕੀਤੀ ਸੀ। ਅੰਕਿਤ ਸ਼ਰਮਾ ਦੀ ਲਾਸ਼ 26 ਫਰਵਰੀ 2020 ਨੂੰ ਚਾਂਦਬਾਗ ਇਲਾਕੇ ਦੇ ਇੱਕ ਨਾਲੇ ਵਿੱਚੋਂ ਬਰਾਮਦ ਹੋਈ ਸੀ। ਅਦਾਲਤ ਨੇ ਕਿਹਾ ਕਿ ਅੰਕਿਤ ਸ਼ਰਮਾ ਨੂੰ ਜਾਨਵਰਾਂ ਵਾਂਗ ਬੇਰਹਿਮੀ ਨਾਲ ਮਾਰਿਆ ਗਿਆ ਅਤੇ ਕਤਲ ਕਰਨ ਤੋਂ ਬਾਅਦ ਉਸ ਦੀ ਲਾਸ਼ ਨਾਲੇ ਵਿੱਚ ਸੁੱਟ ਦਿੱਤੀ ਗਈ। ਅਦਾਲਤ ਨੇ ਇਸ ਨੂੰ ਸਮਾਜ ਨੂੰ ਝੰਝੋੜ ਦੇਣ ਵਾਲਾ ਮਾਮਲਾ ਦੱਸਿਆ। ਬਚਾਵ ਪੱਖ ਵੱਲੋਂ ਦੋਸ਼ੀਆਂ ਦੇ ਪਰਿਵਾਰਕ ਮੈਂਬਰਾਂ ਦੇ ਉਨ੍ਹਾਂ 'ਤੇ ਨਿਰਭਰ ਹੋਣ ਦੇ ਆਧਾਰ 'ਤੇ ਸਜ਼ਾ ਘਟਾਉਣ ਦੀ ਮੰਗ ਕੀਤੀ ਗਈ ਸੀ, ਪਰ ਅਦਾਲਤ ਨੇ ਇਸ ਨੂੰ ਮਨਜ਼ੂਰ ਕਰਨ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਇਹ ਵੀ ਕਿਹਾ ਕਿ ਅਭਿਯੋਗ ਪੱਖ ਵੱਲੋਂ ਤਾਹਿਰ ਹੁਸੈਨ ਦੇ ਘਰ ਨੂੰ ਦੰਗਿਆਂ ਦਾ ਲਾਂਚ ਪੈਡ ਦੱਸਿਆ ਗਿਆ ਸੀ, ਪਰ ਇਹ ਗੱਲ ਇਸ ਮਾਮਲੇ ਵਿੱਚ ਲਗਾਏ ਗਏ ਦੋਸ਼ਾਂ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਨਹੀਂ ਸੀ। ਇਸ ਤੋਂ ਬਾਅਦ ਅਦਾਲਤ ਨੇ ਤਾਹਿਰ ਹੁਸੈਨ ਨੂੰ ਆਜੀਵਨ ਕੈਦ (ਉਮਰ ਕੈਦ) ਦੀ ਸਜ਼ਾ ਸੁਣਾਈ ਅਤੇ ਵੱਖ-ਵੱਖ ਧਾਰਾਵਾਂ ਤਹਿਤ ਜੁਰਮਾਨਾ ਵੀ ਲਗਾਇਆ।

## ਨੈਸ਼ਨਲ ਹੇਰਾਲਡ ਕੇਸ: ਸੋਨੀਆ ਤੇ ਰਾਹੁਲ ਗਾਂਧੀ ਨੂੰ ਹਾਈ ਕੋਰਟ ਤੋਂ ਮਿਲੀ ਰਾਹਤ

ਕੌਮੀ ਪਤ੍ਰਿਕਾ

ਨਵੀਂ ਦਿੱਲੀ 31 ਜੁਲਾਈ। ਦਿੱਲੀ ਹਾਈ ਕੋਰਟ ਨੇ ਕਾਂਗਰਸੀ ਆਗੂਆਂ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਹੋਰਾਂ ਨੂੰ ਨੈਸ਼ਨਲ ਹੇਰਾਲਡ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਪਟੀਸ਼ਨ 'ਤੇ ਜਵਾਬ ਦਾਖਲ ਕਰਨ ਲਈ ਉਨ੍ਹਾਂ ਨੂੰ ਤਿੰਨ ਹਫ਼ਤਿਆਂ ਦਾ ਵਾਧੂ ਸਮਾਂ ਦਿੱਤਾ ਹੈ। ਸੁਣਵਾਈ ਦੌਰਾਨ ਕਾਂਗਰਸੀ ਆਗੂਆਂ ਦੇ ਵਕੀਲਾਂ ਨੇ ਆਪਣਾ ਪੱਖ ਪੇਸ਼ ਕਰਨ ਲਈ ਅਦਾਲਤ ਤੋਂ ਹੋਰ ਸਮੇਂ ਦੀ ਮੰਗ ਕੀਤੀ ਸੀ। ਹਾਲਾਂਕਿ, 54 ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਇਸ ਦਾ ਵਿਰੋਧ ਕਰਦਿਆਂ ਦਲੀਲ ਦਿੱਤੀ ਕਿ ਪ੍ਰਤੀਵਾਦੀਆਂ ਨੂੰ ਦੋ ਮਹੀਨੇ ਪਹਿਲਾਂ ਸਮਾਂ ਦਿੱਤਾ ਗਿਆ ਸੀ, ਫਿਰ ਵੀ ਉਹ ਜਵਾਬ ਦਾਖਲ ਕਰਨ ਵਿੱਚ ਅਸਫਲ ਰਹੇ। ਮਹਿਤਾ ਨੇ ਕਿਹਾ ਕਿ ਇਹ ਮਾਮਲਾ ਪੂਰੀ ਤਰ੍ਹਾਂ ਕਾਨੂੰਨੀ ਪਹਿਲੂਆਂ 'ਤੇ ਅਧਾਰਿਤ ਹੈ ਅਤੇ ਹੇਠਲੀ ਅਦਾਲਤ ਦਾ ਫੈਸਲਾ ਗਲਤ ਸੀ। ED ਨੇ ਰਾਊਜ਼ ਐਵੇਨਿਊ ਕੋਰਟ (ਟਰਾਇਲ ਕੋਰਟ) ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿੱਚ ਇਨ੍ਹਾਂ ਆਗੂਆਂ ਵਿਰੁੱਧ ED ਦੀ ਚਾਰਜਸ਼ੀਟ ਨੂੰ ਖਾਰਜ ਕਰ ਦਿੱਤਾ ਗਿਆ ਸੀ। ਨਿਚਲੀ ਅਦਾਲਤ ਨੇ 16 ਦਸੰਬਰ 2025 ਨੂੰ ਇਹ ਕਹਿ ਕੇ ਚਾਰਜਸ਼ੀਟ 'ਤੇ ਨੋਟਿਸ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਬਿਨਾਂ FIR ਦੇ ਪੀ.ਐਮ.ਐਲ.ਏ. ਤਹਿਤ ਜਾਂਚ ਏਜੰਸੀ ਦੀ ਸ਼ਿਕਾਇਤ 'ਤੇ ਕਾਰਵਾਈ ਕਰਨਾ ਕਾਨੂੰਨੀ ਤੌਰ 'ਤੇ ਸਹੀ ਨਹੀਂ ਹੈ। ਅਦਾਲਤ ਨੇ ਨੋਟ ਕੀਤਾ ਸੀ ਕਿ ਸਾਬਕਾ ਰਾਜ ਸਭਾ ਮੈਂਬਰ ਸੁਬ੍ਰਮਣੀਅਮ ਸਵਾਮੀ ਦੀ ਸ਼ਿਕਾਇਤ ਅਤੇ 2014 ਵਿੱਚ ਸੰਮਨ ਜਾਰੀ ਹੋਣ ਦੇ ਬਾਵਜੂਦ ਸੀਬੀਆਈ ਨੇ ਇਸ ਮਾਮਲੇ ਵਿੱਚ ਕੋਈ FIR



ਦਰਜ ਨਹੀਂ ਕੀਤੀ ਸੀ। ED ਦਾ ਤਰਕ ਹੈ ਕਿ ਹੇਠਲੀ ਅਦਾਲਤ ਨੇ ਇਹ ਮੰਨ ਕੇ ਗਲਤੀ ਕੀਤੀ ਹੈ ਕਿ ਕਿਸੇ ਮੁੱਖ ਅਪਰਾਧ ਵਿੱਚ FIR ਤੋਂ ਬਿਨਾਂ PMLA ਤਹਿਤ ਸ਼ਿਕਾਇਤ ਅੱਗੇ ਨਹੀਂ ਵਧ ਸਕਦੀ। ਹਾਈ ਕੋਰਟ ਨੇ ਇਸ ਮਾਮਲੇ ਵਿੱਚ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਹੋਰਾਂ ਨੂੰ 22 ਦਸੰਬਰ 2025 ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ। ਦਿੱਲੀ ਹਾਈ ਕੋਰਟ ਹੁਣ ਇਸ ਅਹਿਮ ਮਾਮਲੇ ਦੀ ਅਗਲੀ ਸੁਣਵਾਈ 10 ਸਤੰਬਰ 2026 ਨੂੰ ਕਰੇਗੀ।

## ਰੋਕੀ ਗਈ ਚਾਰਧਾਮ ਯਾਤਰਾ, ਪ੍ਰਸ਼ਾਸਨ ਨੇ ਕਿਉਂ ਲਿਆ ਫੈਸਲਾ

ਚਮੋਲੀ/ਟਹਿਰੀ/ਰੁਦਰਪ੍ਰਯਾਗ 31 ਜੁਲਾਈ। ਉਤਰਾਖੰਡ ਵਿੱਚ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਕਾਰਨ ਕਈ ਥਾਵਾਂ 'ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰ ਗਈਆਂ ਹਨ। ਜ਼ਮੀਨ ਖਿਸਕਣ ਦੇ ਮੱਦੇਨਜ਼ਰ ਚਾਰਧਾਮ ਜਾਣ ਵਾਲੇ ਸ਼ਰਧਾਲੂਆਂ ਦੀ ਸੁਰੱਖਿਆ ਲਈ ਪ੍ਰਸ਼ਾਸਨ ਨੇ ਮੰਗਲਵਾਰ ਨੂੰ ਚਾਰਧਾਮ ਯਾਤਰਾ ਦੋ ਦਿਨਾਂ ਲਈ ਮੁਅੱਤਲ ਕਰ ਦਿੱਤੀ ਹੈ। ਇਹ ਫੈਸਲਾ ਗੜ੍ਹਵਾਲ ਡਿਵੀਜ਼ਨਲ ਕਮਿਸ਼ਨਰ ਨੇ ਲਿਆ ਹੈ। ਗੜ੍ਹਵਾਲ ਡਿਵੀਜ਼ਨਲ ਕਮਿਸ਼ਨਰ ਨੇ ਦੱਸਿਆ ਕਿ ਲਗਾਤਾਰ ਮੀਂਹ ਕਾਰਨ ਚਾਰਧਾਮ ਯਾਤਰਾ ਰੂਟ ਦੇ ਕਈ ਹਿੱਸਿਆਂ ਵਿੱਚ ਜ਼ਮੀਨ ਖਿਸਕਣ ਕਾਰਨ ਸੜਕਾਂ ਬੰਦ ਹੋ ਗਈਆਂ ਹਨ। ਮੌਸਮ ਵਿਭਾਗ ਨੇ ਆਉਣ ਵਾਲੇ ਸਮੇਂ ਵਿੱਚ ਭਾਰੀ ਬਾਰਿਸ਼ ਹੋਣ ਦੀ ਚੇਤਾਵਨੀ ਵੀ ਜਾਰੀ ਕੀਤੀ ਹੈ। ਅਜਿਹੀ ਸਥਿਤੀ ਵਿੱਚ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਸਭ ਤੋਂ ਵੱਧ ਤਰਜੀਹ ਦਿੰਦੇ ਹੋਏ ਅੱਜ ਅਤੇ ਕੱਲ੍ਹ ਲਈ ਚਾਰਧਾਮ ਯਾਤਰਾ ਨੂੰ ਮੁਅੱਤਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪ੍ਰਸ਼ਾਸਨ ਨੇ ਸਾਰੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਮੌਸਮ ਅਤੇ ਰੂਟ ਦੀਆਂ ਸਥਿਤੀਆਂ ਦੀ ਸਮੀਖਿਆ ਕੀਤੇ ਬਿਨਾਂ ਯਾਤਰਾ 'ਤੇ ਨਾ ਜਾਣ ਅਤੇ ਪ੍ਰਸ਼ਾਸਨ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ। ਅਧਿਕਾਰੀਆਂ ਨੇ ਕਿਹਾ ਹੈ ਕਿ ਮੌਸਮ ਦੇ ਹਾਲਾਤ ਆਮ ਹੋਣ ਅਤੇ ਯਾਤਰਾ ਦੇ ਰਸਤੇ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਘੋਸ਼ਿਤ ਕਰਨ ਤੋਂ ਬਾਅਦ ਚਾਰਧਾਮ ਯਾਤਰਾ ਮੁੜ ਸ਼ੁਰੂ ਕੀਤੀ ਜਾਵੇਗੀ।

## ਹੁਣ ਗੈਸ ਸਿਲੰਡਰ ਲਈ ਨਹੀਂ ਕਰਨਾ ਪਵੇਗਾ ਲੰਬਾ ਇੰਤਜ਼ਾਰ

ਨਵੀਂ ਦਿੱਲੀ 31 ਜੁਲਾਈ। ਜੇਕਰ ਤੁਹਾਡੇ ਘਰ ਦਾ ਰਸੋਈ ਗੈਸ ਸਿਲੰਡਰ ਅਚਾਨਕ ਖਤਮ ਹੋ ਜਾਂਦਾ ਹੈ, ਤਾਂ ਹੁਣ ਤੁਹਾਨੂੰ ਲੰਬਾ ਇੰਤਜ਼ਾਰ ਨਹੀਂ ਕਰਨਾ ਪਵੇਗਾ। ਸਰਕਾਰੀ ਤੇਲ ਕੰਪਨੀ ਇੰਡੀਅਨ ਆਇਲ ਨੇ ਗਾਹਕਾਂ ਦੀ ਸਹੂਲਤ ਲਈ 'Indane XTRALITE NOW' ਨਾਮਕ ਇੱਕ ਨਵੀਂ ਐਕਸਪ੍ਰੈਸ ਡਿਲੀਵਰੀ ਸੇਵਾ ਸ਼ੁਰੂ ਕੀਤੀ ਹੈ। ਇਸ ਸਰਵਿਸ ਦੇ ਤਹਿਤ ਗਾਹਕਾਂ ਨੂੰ ਸਿਲੰਡਰ ਦੀ ਬੁਕਿੰਗ ਦੇ ਮਹਿਜ਼ 4 ਘੰਟਿਆਂ ਦੇ ਅੰਦਰ ਹੋਮ ਡਿਲੀਵਰੀ ਦਿੱਤੀ ਜਾਵੇਗੀ। ਫਿਲਹਾਲ ਇਹ ਵਿਸ਼ੇਸ਼ ਸੁਵਿਧਾ ਦੇਸ਼ ਦੇ ਚਾਰ ਪ੍ਰਮੁੱਖ ਸ਼ਹਿਰਾਂ—ਪੁਣੇ, ਗੁਰੂਗ੍ਰਾਮ, ਇੰਦੌਰ ਅਤੇ ਕੋਇੰਬਟੂਰ—ਵਿੱਚ ਸ਼ੁਰੂ ਕੀਤੀ ਗਈ ਹੈ। ਕੰਪਨੀ ਅਨੁਸਾਰ, ਆਉਣ ਵਾਲੇ ਮਹੀਨਿਆਂ ਵਿੱਚ ਇਸ ਸੇਵਾ ਦਾ ਵਿਸਤਾਰ ਦੇਸ਼ ਦੇ ਹੋਰਨਾਂ ਸ਼ਹਿਰਾਂ ਵਿੱਚ ਵੀ ਕੀਤਾ ਜਾਵੇਗਾ। ਇਸ ਨਵੀਂ ਸੇਵਾ ਦੇ ਨਾਲ ਇੰਡੀਅਨ ਆਇਲ ਨੇ 10 ਕਿਲੋਗ੍ਰਾਮ ਦਾ ਹਲਕਾ (ਕੰਪੋਜ਼ਿਟ) LPG ਸਿਲੰਡਰ ਵੀ ਪੇਸ਼ ਕੀਤਾ ਹੈ। ਇਹ ਸਿਲੰਡਰ ਰਵਾਇਤੀ ਲੋਹੇ ਦੇ ਸਿਲੰਡਰਾਂ ਦੇ ਮੁਕਾਬਲੇ ਕਾਫੀ ਹਲਕਾ ਹੈ, ਜਿਸ ਕਾਰਨ ਇਸ ਨੂੰ ਚੁੱਕਣਾ ਅਤੇ ਇੱਕ ਥਾਂ ਤੋਂ ਦੂਜੀ ਥਾਂ ਲਿਜਾਣਾ ਬਹੁਤ ਆਸਾਨ ਹੈ। ਇਹ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਫਾਇਦੇਮੰਦ ਹੋਵੇਗਾ ਜੋ ਹਲਕੇ ਅਤੇ ਵਰਤਣ ਵਿੱਚ ਆਸਾਨ ਸਿਲੰਡਰ ਦੀ ਭਾਲ ਵਿੱਚ ਹਨ। ਇਹ ਐਕਸਪ੍ਰੈਸ ਡਿਲੀਵਰੀ ਸਿਰਫ਼ 10 ਕਿਲੋ ਵਾਲੇ ਸਿਲੰਡਰ ਤੱਕ ਹੀ ਸੀਮਤ ਨਹੀਂ ਹੈ। ਕੰਪਨੀ ਨੇ 5 ਕਿਲੋਗ੍ਰਾਮ ਵਾਲੇ 'Indane Chhotu' LPG ਸਿਲੰਡਰ ਲਈ ਵੀ 4 ਘੰਟਿਆਂ ਵਾਲੀ ਸੇਵਾ ਸ਼ੁਰੂ ਕਰ ਦਿੱਤੀ ਹੈ। ਇਹ ਛੋਟਾ ਸਿਲੰਡਰ ਵਿਦਿਆਰਥੀਆਂ, ਛੋਟੇ ਪਰਿਵਾਰਾਂ ਅਤੇ ਰੇਹੜੀ-ਫੜ੍ਹੀ ਵਾਲਿਆਂ ਵਿੱਚ ਕਾਫੀ ਪ੍ਰਸਿੱਧ ਹੈ, ਜਿਨ੍ਹਾਂ ਨੂੰ ਹੁਣ ਗੈਸ ਖਤਮ ਹੋਣ 'ਤੇ ਜ਼ਿਆਦਾ ਇੰਤਜ਼ਾਰ ਨਹੀਂ ਕਰਨਾ ਪਵੇਗਾ। ਇੰਡੀਅਨ ਆਇਲ ਨੇ ਇਸ ਸੇਵਾ ਲਈ ਪੂਰੀ ਤਰ੍ਹਾਂ ਡਿਜੀਟਲ ਬੁਕਿੰਗ ਸਿਸਟਮ ਤਿਆਰ ਕੀਤਾ ਹੈ। ਗਾਹਕ ਮੋਬਾਈਲ ਐਪ ਜਾਂ ਆਨਲਾਈਨ ਮਾਧਿਅਮ ਰਾਹੀਂ ਆਸਾਨੀ ਨਾਲ ਗੈਸ ਬੁੱਕ ਕਰ ਸਕਦੇ ਹਨ। ਇਸ ਤੋਂ ਇਲਾਵਾ, ਗਾਹਕ ਆਪਣੀ ਸਹੂਲਤ ਅਨੁਸਾਰ ਡਿਲੀਵਰੀ ਦਾ ਸਮਾਂ ਵੀ ਚੁਣ ਸਕਣਗੇ, ਤਾਂ ਜੋ ਉਨ੍ਹਾਂ ਨੂੰ ਪੂਰਾ ਦਿਨ ਇੰਤਜ਼ਾਰ ਨਾ ਕਰਨਾ ਪਵੇ।

## ਜਬਰ ਜਨਾਹ ਮਾਮਲੇ ਦਾ ਸਾਹਮਣੇ ਕਰ ਰਹੇ ਜਸਕਰਨ ਨੂੰ ਅਕਾਲੀ ਦਲ ਨੇ ਮੁਲਾਂਪੁਰ ਦਾਖਾ ਤੋਂ ਉਮੀਦਵਾਰ ਐਲਾਨਿਆ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਮੁੱਲਾਂਪੁਰ ਦਾਖਾ 31 ਜੁਲਾਈ। ਨਾਬਾਲਿਗਾ ਨਾਲ ਜਬਰ ਜਨਾਹ ਮਾਮਲੇ 'ਚ ਢਾਈ ਮਹੀਨੇ ਦੀ ਪੁਲਿਸ ਨਾਲ ਲੁਕਣਮੀਚੀ ਤੋਂ ਬਾਅਦ ਅਦਾਲਤ ਵੱਲੋਂ ਮਿਲੀ ਰਾਹਤ 'ਤੇ ਅਕਾਲੀ ਦਲ ਦੇ ਮੁੱਲਾਂਪੁਰ ਦਾਖਾ ਤੋਂ ਹਲਕਾ ਇੰਚਾਰਜ ਜਸਕਰਨਜੀਤ ਸਿੰਘ ਦਿਓਲ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਨਾਲ ਪਹਿਲੀ ਵਾਰ ਮੁੱਲਾਂਪੁਰ ਪੁੱਜੇ। ਜਬਰ ਜਨਾਹ ਮਾਮਲੇ ਦਾ ਸਾਹਮਣਾ ਕਰ ਰਹੇ ਜਸਕਰਨਜੀਤ ਸਿੰਘ ਦਿਓਲ ਨੂੰ ਅੱਜ ਪਾਰਟੀ ਪ੍ਰਧਾਨ ਵੱਲੋਂ ਤੋਹਫ਼ੇ ਵਿਚ ਮੁੱਲਾਂਪੁਰ ਤੋਂ ਉਮੀਦਵਾਰ ਬਣਾਇਆ ਗਿਆ। ਉਨ੍ਹਾਂ ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਕਿ ਜਸਕਰਨਜੀਤ ਸਿੰਘ ਨੂੰ ਵੱਡੀ ਗਿਣਤੀ 'ਚ ਜਿਤਾਉਣ। ਬੁੱਧਵਾਰ ਨੂੰ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਮੁੱਲਾਂਪੁਰ ਦਾਖਾ ਪਾਰਟੀ ਦਫ਼ਤਰ 'ਚ ਆਮਦ ਨੂੰ ਲੈ ਕੇ ਵੱਡੀ ਗਿਣਤੀ 'ਚ ਲੀਡਰਸ਼ਿਪ ਅਤੇ ਵਰਕਰ ਪਹੁੰਚੇ ਹੋਏ ਸਨ। ਉਨ੍ਹਾਂ ਸਰਕਾਰ ਨਾਲ ਇੱਕ ਗੱਲ ਹੈ। ਉਨ੍ਹਾਂ ਜਸਕਰਨਜੀਤ ਸਿੰਘ ਦਿਓਲ ਨੂੰ ਪਾਰਟੀ ਲਈ ਹਲਕਾ ਦਾਖਾ ਤੋਂ



ਇਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਸਕਰਨਜੀਤ ਸਿੰਘ ਦਿਓਲ 'ਤੇ ਝੂਠਾ ਪਰਚਾ ਦਰਜ ਕਰਵਾਉਣ ਪਿੱਛੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਦਾ ਹੱਥ ਹੈ, ਜਿਸ ਦੀ ਇਸ ਸਮੇਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਐਲਾਨਦਿਆਂ ਕਿਹਾ ਕਿ ਲੋਕ ਜੁਲਮ ਅਤੇ ਧੱਕੇਸ਼ਾਹੀ ਦਾ ਬਦਲਾ ਜਸਕਰਨਜੀਤ ਸਿੰਘ ਨੂੰ ਵੱਡੀ ਜਿੱਤ ਨਾਲ ਜਿਤਾ ਕੇ ਲੈਣ। ਇਸ ਮੌਕੇ ਜਸਕਰਨਜੀਤ ਸਿੰਘ ਦਿਓਲ ਨੇ ਆਪਣੇ 'ਤੇ ਦਰਜ ਮੁਕੱਦਮੇ ਨੂੰ ਝੂਠਾ ਦੱਸਦਿਆਂ ਕਿਹਾ ਕਿ ਜਲਦੀ ਹੀ ਸਾਰਾ ਸੱਚ ਸਾਹਮਣੇ ਆ ਜਾਵੇਗਾ। ਉਨ੍ਹਾਂ ਦੀ ਪਾਰਟੀ ਵਿਚ ਮਜ਼ਬੂਤ ਸ਼ਾਖ ਅਤੇ ਵੱਧ ਰਹੀ ਲੋਕਪ੍ਰਿਯਤਾ 'ਤੇ ਅਕਾਲੀ ਦਲ ਦੀ ਬਦੌਲਤ ਵੱਡੇ ਲੀਡਰ ਅਤੇ ਵੱਡੇ ਧਨਾਢ ਬਣੇ ਵਿਰੋਧੀਆਂ ਨੇ ਇਹ ਸਾਰੀ ਝੂਠੀ ਸਾਜਿਸ਼ ਰਚੀ ਸੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ, ਸਵਰਨ ਸਿੰਘ ਛੱਜਾਵਾਲ, ਜਗਦੀਸ਼ ਸਿੰਘ ਗੋਰਸੀਆ, ਪ੍ਰਧਾਨ ਜਸਵਿੰਦਰ ਸਿੰਘ ਗੋਰਸ਼ੀਆ, ਸੁਰਜੀਤ ਸਿੰਘ ਕੋਠੇ ਹਾਂਸ, ਗੁਰਦੀਪ ਸਿੰਘ ਸਵੱਦੀ, ਸਤਵੰਤ ਸਿੰਘ ਮਲਸੀਹਾਂ ਭਾਈ ਕੇ, ਹਰਪਾਲ ਸਿੰਘ ਕੋਠੇ ਪੋਨਾ, ਹਰਦਿੰਦਰ ਸਿੰਘ ਈਸੇਵਾਲ, ਸੁਖਮਿੰਦਰ ਕੌਰ ਗੁੱਜਰਵਾਲ, ਜੱਥੇਦਾਰ ਜਸਵੀਰ ਸਿੰਘ ਛਪਾਰ, ਸੁਰਿੰਦਰ ਸਿੰਘ ਦਾਖਾ, ਗੁਰਮੁੱਖ ਸਿੰਘ ਲਤਾਲਾ, ਦਲਵੀਰ ਸਿੰਘ ਲਤਾਲਾ ਚਮਕੌਰ ਸਿੰਘ ਭਰੋਵਾਲ, ਗੁਰਦੀਪ ਸਿੰਘ ਫੱਲੇਵਾਲ ਅਤੇ ਬਿੱਲਾ ਬੱਲੋਵਾਲ ਆਦਿ ਹਾਜ਼ਰ ਸਨ।

## ਫਾਸਟ ਟ੍ਰੈਕ ਕੋਰਟ 'ਚ ਪਹਿਲੇ ਦਿਨ ਸੁਣਵਾਈ ਟਲੀ, ਸੀ. ਬੀ. ਆਈ. ਵੱਲੋਂ ਕੋਈ ਵਕੀਲ ਨਹੀਂ ਪਹੁੰਚਿਆ

ਨਵੀਂ ਦਿੱਲੀ, 31 ਜੁਲਾਈ। ਨੀਟ ਪੇਪਰ ਲੀਕ ਮਾਮਲੇ ਵਿਚ ਰਾਊਜ਼ ਐਵੇਨਿਊ ਦੀ ਸਪੈਸ਼ਲ ਫਾਸਟ ਟ੍ਰੈਕ ਕੋਰਟ ਵਿਚ ਪਹਿਲੇ ਹੀ ਦਿਨ ਸੁਣਵਾਈ ਟਲ ਗਈ। ਸੁਣਵਾਈ ਦੌਰਾਨ ਸੀ. ਬੀ. ਆਈ. ਵੱਲੋਂ ਕੋਈ ਸਰਕਾਰੀ ਵਕੀਲ ਮੌਜੂਦ ਨਹੀਂ ਸੀ। ਇਸ ਤੋਂ ਬਾਅਦ ਅਦਾਲਤ ਨੇ ਡਾਇਰੈਕਟਰ ਆਫ਼ ਪ੍ਰੋਸੀਕਿਊਸ਼ਨ ਨੂੰ ਸੀ. ਬੀ. ਆਈ. ਦਾ ਪੱਖ ਰੱਖਣ ਲਈ ਸਰਕਾਰੀ ਵਕੀਲ ਨਿਯੁਕਤ ਕਰਨ ਦੇ ਹੁਕਮ ਦਿੱਤੇ। ਅਦਾਲਤ ਨੇ ਮੁਲਜ਼ਮ ਦਿਨੇਸ਼ ਬਿਵਾਲ ਅਤੇ ਵਿਕਾਸ ਬਿਵਾਲ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ 3 ਅਗਸਤ ਤੱਕ ਮੁਲਤਵੀ ਕਰ ਦਿੱਤੀ। ਮੁਲਜ਼ਮਾਂ ਵੱਲੋਂ ਵਕੀਲ ਏ. ਪੀ. ਸਿੰਘ ਪੇਸ਼ ਹੋਏ ਸਨ। ਇਹ ਪਬਲਿਕ ਐਗਜ਼ਾਮੀਨੇਸ਼ਨ (ਪ੍ਰੀਵੈਂਸ਼ਨ ਆਫ਼ ਅਨਫੇਅਰ ਮੀਨਜ਼) ਐਕਟ, 2024 ਦੇ ਤਹਿਤ ਬਣੀ ਸਪੈਸ਼ਲ ਫਾਸਟ ਟ?ਰੈਕ ਕੋਰਟ ਵਿਚ ਇਸ ਮਾਮਲੇ ਦੀ ਪਹਿਲੀ ਸੁਣਵਾਈ ਸੀ। ਹੁਣ ਨੀਟ ਪੇਪਰ ਲੀਕ ਨਾਲ ਜੁੜੇ ਸਾਰੇ ਮਾਮਲਿਆਂ ਦੀ ਸੁਣਵਾਈ ਇਸੇ ਅਦਾਲਤ ਵਿਚ ਹੋਵੇਗੀ। ਪ੍ਰਧਾਨ ਮੰਤਰੀ ਮੋਦੀ ਨੇ 23 ਜੁਲਾਈ ਨੂੰ ਪੇਪਰ ਲੀਕ ਮਾਮਲੇ ਨੂੰ ਲੈ ਕੇ ਆਪਣੇ ਪਹਿਲੇ ਸੋਸ਼ਲ ਮੀਡੀਆ ਪੋਸਟ ਵਿਚ ਫਾਸਟ ਟ?ਰੈਕ ਅਦਾਲਤਾਂ ਬਣਾਉਣ ਦਾ ਐਲਾਨ ਕੀਤਾ ਸੀ। 23 ਜੁਲਾਈ ਅਤੇ 26 ਜੁਲਾਈ ਨੂੰ ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ 'ਤੇ 2 ਵੀਡੀਓ ਮੈਸੇਜ ਜਾਰੀ ਕੀਤੇ ਸਨ। ਦੋਵਾਂ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਮੁਲਜ਼ਮਾਂ 'ਤੇ ਕਾਰਵਾਈ ਲਈ ਅਸੀਂ ਫਾਸਟ ਟ?ਰੈਕ ਕੋਰਟ ਬਣਾ ਦਿੱਤੇ ਹਨ।

## ਵਿਦਿਆਰਥੀ ਪ੍ਰਦਰਸ਼ਨ ਦੌਰਾਨ ਮੌਜੂਦ ਸਨ 2873 ਸੰਗੀਨ ਅਪਰਾਧੀ, ਦਿੱਲੀ ਪੁਲਸ ਦਾ ਵੱਡਾ ਦਾਅਵਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ 31 ਜੁਲਾਈ। ਕਾਕਰੋਚ ਪ੍ਰੋਟੈਸਟ ਦੌਰਾਨ ਜੰਤਰ-ਮੰਤਰ ਅਤੇ ਨਵੀਂ ਦਿੱਲੀ ਦੇ ਆਸ-ਪਾਸ ਹੋਈ ਹਿੰਸਾ ਦੇ ਮਾਮਲੇ ਵਿਚ ਦਿੱਲੀ ਪੁਲਸ ਦੀ ਜਾਂਚ ਤੇਜ਼ ਹੋ ਗਈ ਹੈ। ਪੁਲਸ ਸਰੋਤਾਂ ਨੇ ਦਾਅਵਾ ਕੀਤਾ ਹੈ ਕਿ 20 ਤੋਂ 25 ਜੁਲਾਈ ਦੌਰਾਨ ਵਿਰੋਧ ਪ੍ਰਦਰਸ਼ਨ ਵਾਲੀ ਥਾਂ 'ਤੇ ਸੰਗੀਨ ਅਪਰਾਧਾਂ ਦੇ 2873 ਮੁਲਜ਼ਮ ਅਤੇ ਅਪਰਾਧੀ ਮੌਜੂਦ ਸਨ। ਦਿੱਲੀ ਪੁਲਸ, ਤਕਨੀਕੀ ਸਾਧਨਾਂ ਅਤੇ ਫੇਸ਼ੀਅਲ ਰਿਕੋਗਨਿਸ਼ਨ ਸਿਸਟਮ ਰਾਹੀਂ ਅਪਰਾਧੀਆਂ ਦੀ ਪਛਾਣ ਕਰ ਰਹੀ ਹੈ। ਇਨ੍ਹਾਂ ਵਿਚੋਂ ਕਈ ਸ਼ਾਤਿਰ ਅਪਰਾਧੀ ਵਾਰ-ਵਾਰ ਪ੍ਰਦਰਸ਼ਨ ਵਾਲੀ ਥਾਂ 'ਤੇ ਆ ਰਹੇ ਸਨ, ਜਿਸ ਕਰ ਕੇ ਪੁਲਸ ਹੁਣ ਹਿੰਸਾ ਵਿਚ ਉਨ੍ਹਾਂ ਦੀ ਸਿੱਧੀ ਸ਼ਮੂਲੀਅਤ ਦੇ ਖ਼ਦਸ਼ੇ ਹੇਠ ਜਾਂਚ ਕਰ ਰਹੀ ਹੈ। ਜਾਂਚ 'ਚ ਕੁੱਲ 100 ਵੀਡੀਓਜ਼ ਦੀ ਵਰਤੋਂ ਕੀਤੀ ਗਈ। ਇਨ੍ਹਾਂ ਵਿਚ ਵੱਖ-ਵੱਖ ਥਾਵਾਂ ਦੇ ਸੀ. ਸੀ. ਟੀ. ਵੀ. ਫੁਟੇਜ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓਜ਼ ਸ਼ਾਮਲ ਦੱਸੇ ਗਏ ਹਨ। ਇਨ੍ਹਾਂ ਹੀ ਵੀਡੀਓਜ਼ ਦੇ ਆਧਾਰ 'ਤੇ ਪ੍ਰਦਰਸ਼ਨ ਦੌਰਾਨ ਮੌਜੂਦ ਲੋਕਾਂ ਦੀ ਪਛਾਣ ਅਤੇ ਉਨ੍ਹਾਂ ਦੇ ਅਪਰਾਧਿਕ ਰਿਕਾਰਡ ਦਾ ਵਿਸ਼ਲੇਸ਼ਣ ਕੀਤਾ ਗਿਆ। ਜਾਂਚ ਦੇ ਮੁਤਾਬਕ ਕੁੱਲ 2873 ਲੋਕਾਂ ਦੀ ਪਛਾਣ ਕੀਤੀ ਗਈ। ਇਨ੍ਹਾਂ ਵਿਚੋਂ 989 ਲੋਕਾਂ ਖ਼?ਲਾਫ ਗੰਭੀਰ ਅਪਰਾਧਾਂ 'ਚ ਪਹਿਲਾਂ ਤੋਂ ਰਿਕਾਰਡ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਨ੍ਹਾਂ ਮਾਮਲਿਆਂ ਵਿਚ ਕਤਲ, ਕਤਲ ਦੀ ਕੋਸ਼ਿਸ਼, ਡਕੈਤੀ, ਲੁੱਟ, ਜਬਰ-ਜ਼ਨਾਹ, ਔਰਤਾਂ ਖ਼?ਲਾਫ ਅਪਰਾਧ, ਆਰਮਜ਼ ਐਕਟ, ਝਪਟਮਾਰੀ, ਅਗਵਾ ਅਤੇ ਨਸ਼ੀਲੇ ਪਦਾਰਥਾਂ ਨਾਲ ਜੁੜੇ ਮਾਮਲੇ ਸ਼ਾਮਲ ਦੱਸੇ ਗਏ ਹਨ। ਦਿੱਲੀ 'ਚ ਸੀਜੇਪੀ ਪਾਰਟੀ ਦੇ 20 ਜੁਲਾਈ ਨੂੰ ਹੋਏ 'ਸੰਸਦ ਚੱਲੋ' ਮਾਰਚ ਦੌਰਾਨ ਆਰ. ਏ. ਐੱਫ. ਦੇ ਇਕ ਜਵਾਨ ਨੇ ਆਪਣੀ ਪੈਲਟ ਗੰਨ 'ਚੋਂ ਕੁੱਲ 7 ਰਾਊਂਡ ਫਾਇਰ ਕੀਤੇ ਸਨ। CRPF ਦੀ ਸ਼ੁਰੂਆਤੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਇਨ੍ਹਾਂ 'ਚੋਂ 5 ਰਾਊਂਡ ਪ੍ਰਦਰਸ਼ਨਕਾਰੀਆਂ ਨੂੰ ਲੱਗੇ, ਜਦਕਿ 2 ਜ਼ਮੀਨ 'ਤੇ ਲੱਗੇ। ਇਹ ਜਾਣਕਾਰੀ ਮਾਮਲੇ ਨਾਲ ਸਬੰਧਤ ਸੂਤਰਾਂ ਦੇ ਹਵਾਲੇ ਤੋਂ ਸਾਹਮਣੇ ਆਈ ਹੈ। ਜਾਂਚ ਮੁਤਾਬਕ ਜਵਾਨ ਦੀ ਤਾਇਨਾਤੀ ਕਨਾਟ ਪਲੇਸ ਇਲਾਕੇ 'ਚ ਸੀ। ਇਸ ਦੌਰਾਨ ਉਸ ਨੇ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ ਪੈਲਟ ਗੰਨ ਨਾਲ ਫਾਇਰ ਕੀਤਾ। ਇਸ ਮਾਮਲੇ ਦੇ ਸਬੰਧ ਵਿਚ ਸੂਤਰਾਂ ਦਾ ਕਹਿਣਾ ਹੈ ਕਿ ਇਹ ਫਾਇਰਿੰਗ ਉਸ ਸਮੇਂ ਕੀਤੀ ਗਈ

## ਐਨਰਜੀ ਡ੍ਰਿੰਕ ਦੀ ਗਲਤ ਬ੍ਰਾਂਡਿੰਗ ਮਾਮਲੇ 'ਚ ਕੰਪਨੀਆਂ ਨੂੰ ਰਾਹਤ ਨਹੀਂ

ਕੌਮੀ ਪਤ੍ਰਿਕਾ

ਬਿਜ਼ਨੈੱਸ ਡੈਸਕ 31 ਜੁਲਾਈ। ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ਼ ਇੰਡੀਆ (ਐੱਫ. ਐੱਸ. ਐੱਸ. ਏ. ਆਈ.) ਨੇ ਪੈਪਸੀਕੋ ਅਤੇ ਰਿਲਾਇੰਸ ਰਿਟੇਲ ਵਰਗੀਆਂ ਕੰਪਨੀਆਂ ਨੂੰ ਆਪਣੇ ਪ੍ਰੋਡਕਟਸ ਤੋਂ 'ਐਨਰਜੀ ਡ੍ਰਿੰਕਸ' ਵਾਲੇ ਗੁੰਮਰਾਹਕੁੰਨ ਦਾਅਵੇ ਨੂੰ ਹਟਾਉਣ ਦੇ ਹੁਕਮ ਦਿੱਤੇ ਹਨ। ਐੱਫ. ਐੱਸ. ਐੱਸ. ਏ. ਆਈ. ਨੇ ਇਨ੍ਹਾਂ ਕੰਪਨੀਆਂ ਨੂੰ ਇਸ ਲਈ 90 ਦਿਨਾਂ ਦਾ ਸਮਾਂ ਦਿੱਤਾ ਹੈ। ਦੱਸਦੇ ਚੱਲੀਏ ਕਿ ਫੂਡ ਰੈਗੂਲੇਟਰ ਐੱਫ. ਐੱਸ. ਐੱਸ. ਏ. ਆਈ. ਨੇ 1 ਜੁਲਾਈ ਨੂੰ ਐਨਰਜੀ ਡ੍ਰਿੰਕ ਵੇਚਣ ਵਾਲੀਆਂ 6 ਬੈਵਰੇਜ ਕੰਪਨੀਆਂ ਨੂੰ ਗਲਤ ਬ੍ਰਾਂਡਿੰਗ ਅਤੇ ਗੁੰਮਰਾਹ ਕਰਨ ਵਾਲੇ ਦਾਅਵਿਆਂ ਲਈ ਨੋਟਿਸ ਜਾਰੀ ਕੀਤੇ ਸਨ। ਐੱਫ. ਐੱਸ. ਐੱਸ. ਏ. ਆਈ. ਨੇ ਕਿਹਾ ਸੀ ਕਿ ਉਸ ਨੇ ਐਨਰਜੀ ਡ੍ਰਿੰਕ ਕੈਟੇਗਰੀ ਲਈ ਕੋਈ ਸਟੈਂਡਰਡ ਤੈਅ ਨਹੀਂ ਕੀਤਾ ਹੈ। ਜਿਨ੍ਹਾਂ 6 ਕੰਪਨੀਆਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ, ਉਨ੍ਹਾਂ 'ਚ ਰੈੱਡ ਬੁੱਲ ਐਨਰਜੀ ਡ੍ਰਿੰਕ, ਪੈਪਸੀਕੋ ਦਾ ਐਡਰੇਨਾਲਾਈਨ ਰਸ਼ ਐਨਰਜੀ ਡ੍ਰਿੰਕ, ਰਿਲਾਇੰਸ ਕੰਜ਼ਿਊਮਰ ਦਾ ਕੈਂਪਾ ਐਨਰਜੀ ਡ੍ਰਿੰਕ- ਗੋਲਡ ਬੂਸਟ, ਸਟਿੰਗ ਐਨਰਜੀ ਡ੍ਰਿੰਕ, ਹੈਲ ਐਨਰਜੀ ਅਤੇ ਕੋਕਾ-ਕੋਲਾ ਸਮਰਥਿਤ ਮੌਨਸਟਰ ਐਨਰਜੀ ਦੇ ਨਾਂ ਸ਼ਾਮਲ ਹਨ। ਸੂਤਰਾਂ ਮੁਤਾਬਕ ਇੰਡੀਅਨ ਬੈਵਰੇਜ ਐਸੋਸੀਏਸ਼ਨ (ਆਈ. ਬੀ. ਏ.) ਦੇ ਹੇਠ ਐਨਰਜੀ ਡ੍ਰਿੰਕ ਬਣਾਉਣ ਵਾਲੀਆਂ ਪ੍ਰਮੁੱਖ ਕੰਪਨੀਆਂ ਨੇ ਪਿਛਲੇ ਸ਼ੁੱਕਰਵਾਰ ਨੂੰ ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ਼ ਇੰਡੀਆ ਦੇ ਸੀ. ਈ. ਓ. ਅਤੇ ਦੂਜੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ। ਇਹ ਮੀਟਿੰਗ ਅਥਾਰਟੀ ਵੱਲੋਂ ਜਾਰੀ ਕੀਤੇ ਗਏ ਨੋਟਿਸ ਨੂੰ ਲੈ ਕੇ ਹੋਈ ਸੀ। ਜਿੱਥੇ ਗੁਜਰਾਤ ਅਤੇ ਮਹਾਰਾਸ਼ਟਰ ਸਮੇਤ ਕੁਝ ਰਾਜਾਂ ਦੇ ਫੂਡ ਸੇਫਟੀ ਅਧਿਕਾਰੀ ਵੀ ਮੌਜੂਦ ਸਨ। ਐੱਫ. ਐੱਸ. ਐੱਸ. ਏ. ਆਈ. ਨੇ ਕਿਹਾ, ਐੱਫ. ਐੱਸ. ਐੱਸ. ਐਕਟ 2006 ਅਤੇ ਇਸ ਦੇ ਹੇਠ ਬਣੇ ਨਿਯਮਾਂ ਅਤੇ ਰੈਗੂਲੇਸ਼ਨ ਅਨੁਸਾਰ, ਖਾਣ-ਪੀਣ ਦੀਆਂ ਚੀਜ਼ਾਂ ਲਈ ਸਰੀਰ ਅਤੇ ਮਨ ਨੂੰ ਸਫੂਰਤੀ ਦੇਣਾ, ਧਿਆਨ ਕੇਂਦ੍ਰਿਤ ਕਰਨ ਦੀ ਸਮਰੱਥਾ ਵਧਾਉਣਾ, ਐਨਰਜੀ ਲੈਵਲ ਵਧਾਉਣਾ, ਆਮ ਕਮਜ਼ੋਰੀ 'ਚ ਮਦਦ ਕਰਨਾ ਜਾਂ ਅਜਿਹੀਆਂ ਹੀ ਦੂਜੀਆਂ ਸਥਿਤੀਆਂ ਨਾਲ ਜੁੜੇ ਫੰਕਸ਼ਨਲ ਜਾਂ ਥੈਰੇਪਿਊਟਿਕ ਦਾਅਵੇ ਕਰਨ ਦੀ ਇਜਾਜ਼ਤ ਨਹੀਂ ਹੈ।

## ਭਗਵੰਤ ਮਾਨ ਸਰਕਾਰ ਨੇ 'ਉੱਡਦਾ ਪੰਜਾਬ' ਨੂੰ 'ਪੜ੍ਹਦਾ ਪੰਜਾਬ' ਵਿੱਚ ਤਬਦੀਲ ਕੀਤਾ: ਹਰਜੋਤ ਸਿੰਘ ਬੈਂਸ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ; 31 ਜੁਲਾਈ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਕਿਹਾ ਕਿ ਪੰਜਾਬ ਪੁਲਿਸ ਨੇ ਭਿਵਾਨੀ ਦੇ ਇੱਕ ਮਾਸਟਰਮਾਈਂਡ ਦੀ ਅਗਵਾਈ ਵਾਲੇ ਹਰਿਆਣਾ ਸਥਿਤ ਅੰਤਰਰਾਜੀ ਨਕਲ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ ਜਿਸਨੇ ਕਥਿਤ ਤੌਰ 'ਤੇ ਬੀ.ਐਫ.ਯੂ.ਐਚ.ਐਸ. ਫਰੀਦਕੋਟ ਫਾਰਮੇਸੀ ਭਰਤੀ ਪ੍ਰੀਖਿਆ ਵਿੱਚ ਅਤਿ-ਆਧੁਨਿਕ ਤਕਨਾਲੋਜੀ ਦੀ ਵਰਤੋਂ ਨਕਲ ਕਰਵਾਈ ਸੀ। ਇਸ ਨਾਲ ਹਰਿਆਣਾ ਦੇ ਸੰਗਠਿਤ ਨਕਲ ਨੈੱਟਵਰਕ ਦਾ ਪਰਦਾਫਾਸ਼ ਕੀਤਾ ਗਿਆ ਹੈ ਅਤੇ ਪੰਜਾਬ 'ਤੇ ਲੱਗੇ ਪੇਪਰ ਲੀਕ ਦੇ ਦੋਸ਼ਾਂ ਨੂੰ ਨਕਾਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਇਸ ਰੈਕੇਟ ਨੂੰ ਸਾਲਾਂ ਤੋਂ ਵਧਣ-ਫੁੱਲਣ ਦਿੱਤਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਕਿਸੇ ਨੂੰ ਵੀ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਬਦਨਾਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਸੂਬਾ ਸਰਕਾਰ ਨੇ ਉੱਡਦਾ ਪੰਜਾਬ ਨੂੰ ਪੜ੍ਹਦਾ ਪੰਜਾਬ ਵਿੱਚ ਬਦਲ ਦਿੱਤਾ ਹੈ। ਅੱਜ ਇੱਥੇ ਪੇਡਾ ਕੰਪਲੈਕਸ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੀ ਸਿੱਖਿਆ ਪ੍ਰਣਾਲੀ ਪਾਰਦਰਸ਼ਤਾ ਅਤੇ ਯੋਗਤਾ 'ਤੇ ਅਧਾਰਤ ਹੈ, ਜਦੋਂ ਕਿ ਹਰਿਆਣਾ ਸਾਲਾਂ ਤੋਂ ਉੱਥੇ ਚੱਲ ਰਹੇ ਰੈਕੇਟ ਦੇ ਬਾਵਜੂਦ ਪ੍ਰੀਖਿਆ ਵਿੱਚ ਨਕਲ ਨੂੰ ਰੋਕਣ ਵਿੱਚ ਅਸਫਲ ਰਿਹਾ ਹੈ। ਉਨ੍ਹਾਂ ਕਿਹਾ, ਹਰਿਆਣਾ ਦੇ ਮੁੱਖ ਮੰਤਰੀ ਦੂਜੇ ਸੂਬਿਆਂ ਵਿੱਚ ਰਾਜਨੀਤਿਕ ਏਜੰਡੇ ਤੈਅ ਕਰਨ ਵਿੱਚ ਰੁੱਝੇ ਹੋਏ ਹਨ, ਪਰ ਉਨ੍ਹਾਂ ਕੋਲ ਆਪਣੇ ਸੂਬੇ ਦੇ ਵਿਦਿਆਰਥੀਆਂ ਦੇ ਭਵਿੱਖ ਦੀ ਰਾਖੀ ਲਈ ਸਮਾਂ ਨਹੀਂ ਹੈ। ਸ. ਬੈਂਸ ਨੇ ਕਿਹਾ, ਹਰਿਆਣਾ ਪੁਲਿਸ ਨਕਲ ਸਿੰਡੀਕੇਟ ਵਿਰੁੱਧ ਕਾਰਵਾਈ ਕਰਨ ਵਿੱਚ ਅਸਫਲ ਰਹੀ ਹੈ। ਇਹ ਪੰਜਾਬ ਪੁਲਿਸ ਸੀ ਜਿਸਨੇ ਬੀ.ਐਫ.ਯੂ.ਐਚ.ਐਸ. ਫਰੀਦਕੋਟ ਫਾਰਮੇਸੀ ਨਕਲ ਮਾਮਲੇ ਨੂੰ ਸੁਲਝਾਇਆ, ਜਿਸ ਦੀਆਂ ਤਾਰਾਂ ਭਿਵਾਨੀ ਦੇ ਮਾਸਟਰਮਾਈਂਡ ਨਾਲ ਜੁੜੀਆਂ ਹੋਈਆਂ ਸਨ। ਫਿਰ ਵੀ ਸਾਨੂੰ ਬਦਨਾਮ ਕੀਤਾ ਜਾ ਰਿਹਾ ਹੈ। ਸ. ਹਰਜੋਤ ਸਿੰਘ ਬੈਂਸ ਨੇ ਦੋਸ਼ ਲਗਾਉਂਦਿਆਂ ਕਿਹਾ, ਹਰਿਆਣਾ ਵਿੱਚ ਭਿਵਾਨੀ ਸਿਰਫ਼ ਇੱਕ ਸ਼ਹਿਰ ਨਹੀਂ ਹੈ, ਇਹ ਨਕਲ ਦਾ ਗੜ੍ਹ ਹੈ। ਉਨ੍ਹਾਂ ਨੇ ਹਰਿਆਣਾ ਦੇ ਉਨ੍ਹਾਂ ਹਜ਼ਾਰਾਂ ਨੌਜਵਾਨਾਂ ਦੇ ਸੁਪਨਿਆਂ ਨੂੰ ਤਬਾਹ ਕਰ ਦਿੱਤਾ ਜੋ ਨੌਕਰੀਆਂ, ਦਾਖਲੇ ਅਤੇ ਪਲੇਸਮੈਂਟ ਪ੍ਰਾਪਤ ਕਰ ਸਕਦੇ ਸਨ। ਆਪਣੇ ਬੱਚਿਆਂ ਨੂੰ ਤਬਾਹ ਕਰਨ ਤੋਂ ਬਾਅਦ, ਉਹ ਆਪਣਾ ਕਾਰੋਬਾਰ ਵਧਾਉਣ ਲਈ ਪੰਜਾਬ ਆਏ। ਇਹ ਸੈਣੀ ਸਰਕਾਰ ਦਾ ਮਾਡਲ ਹੈ; ਆਪਣੇ ਆਪ ਨੂੰ ਤਬਾਹ ਕਰੋ, ਫਿਰ ਦੂਜਿਆਂ ਨੂੰ ਤਬਾਹ ਕਰੋ। ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਰੈਕੇਟ ਹਰਿਆਣਾ ਤੋਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਫਾਰਮ ਭਰ ਕੇ ਅਤੇ ਨਕਲ ਕਰਵਾਉਣ ਲਈ ਆਧੁਨਿਕ ਉਪਕਰਨਾਂ ਦੀ ਵਰਤੋਂ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਮੁਲਜ਼ਮ ਨੈੱਟਵਰਕ ਚਲਾਉਣ ਲਈ ਮਾਈਕ੍ਰੋ-ਚਿੱਪ ਡਿਵਾਈਸਾਂ ਵਿੱਚ ਬਦਲੇ ਕੇਚੌਂਡਾ (ਕੇ33) ਫੋਨਾਂ, ਲੁਕਾਏ ਗਏ ਸੰਚਾਰ ਉਪਕਰਣਾਂ ਅਤੇ ਹੋਰ ਉੱਨਤ ਯੰਤਰਾਂ ਦੀ ਵਰਤੋਂ ਕਰਦੇ ਸਨ। ਉਨ੍ਹਾਂ ਕਿਹਾ, ਮਾਸਟਰਮਾਈਂਡ ਹਰਿਆਣਾ ਦੇ ਭਿਵਾਨੀ ਦਾ ਰਹਿਣ



ਵਾਲਾ ਹੈ। ਇਹ ਹੈਂਡਲਰ ਸਾਲਾਂ ਤੋਂ ਹਰਿਆਣਾ ਵਿੱਚ ਅਜਿਹੀਆਂ ਗਤੀਵਿਧੀਆਂ ਨੂੰ ਅੰਜ਼ਾਮ ਦਿੰਦੇ ਸਨ। ਜਦੋਂ ਉਨ੍ਹਾਂ ਦੇ ਆਪਣੇ ਸੂਬਾ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਉਹ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਪੰਜਾਬ ਵੱਲ ਆਏ। ਸਿੱਖਿਆ ਦੇ ਖੇਤਰ ਵਿੱਚ ਪੰਜਾਬ ਦੀ ਪ੍ਰਗਤੀ ਨੂੰ ਉਜਾਗਰ ਕਰਦਿਆਂ, ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸੂਬੇ ਦੀ ਕਾਰਗੁਜ਼ਾਰੀ ਲਗਾਤਾਰ ਕਈ ਜਾਣੇ-ਪਛਾਣੇ ਸਿੱਖਿਆ ਕੇਂਦਰਾਂ ਨੂੰ ਪਛਾੜਦੀ ਰਹੀ ਹੈ। ਉਨ੍ਹਾਂ ਕਿਹਾ, ਹਰਿਆਣਾ ਦਾਅਵਾ ਕਰਦਾ ਹੈ ਕਿ ਸਿੱਖਿਆ ਪੱਖੋਂ ਗੁਰੂਗ੍ਰਾਮ ਇਸਦਾ ਨੰਬਰ ਇੱਕ ਸ਼ਹਿਰ ਹੈ। ਪਰ ਪੰਜਾਬ ਦਾ ਸਭ ਤੋਂ ਘੱਟ ਪ੍ਰਦਰਸ਼ਨ ਕਰਨ ਵਾਲਾ ਜ਼ਿਲ੍ਹਾ ਪਟਿਆਲਾ ਵੀ ਗੁਰੂਗ੍ਰਾਮ ਨਾਲੋਂ ਬਿਹਤਰ ਪ੍ਰਦਰਸ਼ਨ ਕਰਦਾ ਹੈ। ਪੰਜਾਬ ਨੇ ਪ੍ਰਾਇਮਰੀ ਸਕੂਲ ਸਿੱਖਿਆ ਵਿੱਚ ਕੇਰਲਾ ਨੂੰ ਵੀ ਪਛਾੜ ਦਿੱਤਾ ਹੈ। ਜਦੋਂ ਕਿ ਉਹ ਰਾਜਨੀਤੀ ਖੇਡਣ ਵਿੱਚ ਰੁੱਝੇ ਹੋਏ ਹਨ। ਅਸੀਂ ਨੀਤੀ ਬਣਾਉਣ ਵਿੱਚ ਰੁੱਝੇ ਹੋਏ ਹਾਂ। ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਸਿੱਖਿਆ ਸੁਧਾਰਾਂ ਦੇ ਸ਼ਾਨਦਾਰ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ, "ਸਾਲ 2026 ਵਿੱਚ 361 ਵਿਦਿਆਰਥੀਆਂ ਨੇ ਜੇਈਈ (ਮੇਨ) ਅਤੇ 64 ਨੇ ਜੇਈਈ (ਐਡਵਾਂਸਡ) ਪਾਸ ਕੀਤੀ। ਇਸੇ ਤਰ੍ਹਾਂ ਨੀਟ ਪਾਸ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਸਾਲ 2024 ਵਿੱਚ 437 ਤੋਂ 2026 ਵਿੱਚ 882 ਹੋ ਗਈ। ਇਹ ਦੋ ਸਾਲਾਂ ਵਿੱਚ 100 ਫ਼ੀਸਦ ਤੋਂ ਵੱਧ ਦੇ ਵਾਧੇ ਨੂੰ ਦਰਸਾਉਂਦਾ ਹੈ। ਸਾਲ 2022 ਵਿੱਚ 80 ਤੋਂ ਘੱਟ ਵਿਦਿਆਰਥੀਆਂ ਨੇ ਇਹ ਸਫਲਤਾ ਹਾਸਲ ਕੀਤੀ ਸੀ ਜੋ ਅੱਜ 882 ਵਿਦਿਆਰਥੀਆਂ ਤੱਕ ਪਹੁੰਚ ਗਈ ਹੈ। ਇਹ ਮਿਆਰੀ ਸਿੱਖਿਆ ਨਾਲ ਹੀ ਸੰਭਵ ਹੋਇਆ ਹੈ।" ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਗੇ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਬਲਾਕਚੈਨ ਤਕਨਾਲੋਜੀ ਦੀ ਪੜਚੋਲ ਕਰ ਰਿਹਾ ਹੈ ਤਾਂ ਜੋ ਪ੍ਰੀਖਿਆਵਾਂ ਵਿੱਚ ਨਕਲ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ, ਪੰਜਾਬ ਪ੍ਰੀਖਿਆਵਾਂ ਦੀ ਇਮਾਨਦਾਰੀ ਨੂੰ ਯਕੀਨੀ ਬਣਾਉਣ ਲਈ ਭਵਿੱਖ ਮੁੱਖੀ ਪ੍ਰਣਾਲੀਆਂ ਵਿੱਚ ਨਿਵੇਸ਼ ਕਰ ਰਿਹਾ ਹੈ। ਹਰਿਆਣਾ ਕੀ ਕਰ ਰਿਹਾ ਹੈ? ਕੁਝ ਵੀ ਨਹੀਂ, ਕਿਉਂਕਿ ਇਸਦਾ ਮੁੱਖ ਮੰਤਰੀ ਫੋਟੋਆਂ ਖਿੱਚਣ ਵਿੱਚ ਰੁੱਝਿਆ ਹੋਇਆ ਹੈ। ਸ. ਬੈਂਸ ਨੇ ਕਾਨਫਰੰਸ ਦੌਰਾਨ ਕਿਹਾ, ਜੇਕਰ ਕੋਈ ਮੈਨੂੰ ਨਿੱਜੀ ਤੌਰ 'ਤੇ ਨਿਸ਼ਾਨਾ ਬਣਾਉਂਦਾ ਹੈ, ਤਾਂ ਮੈਨੂੰ ਕੋਈ ਪਰਵਾਹ ਨਹੀਂ ਹੈ। ਮੈਂ ਇੱਕ ਆਮ ਆਦਮੀ ਹਾਂ। ਪਰ ਮੈਂ ਆਪਣੇ ਪੰਜਾਬ, ਆਪਣੇ ਮੁੱਖ ਮੰਤਰੀ ਸ. ਮਾਨ ਜਾਂ ਆਪਣੇ ਵਿਦਿਆਰਥੀਆਂ ਵਿਰੁੱਧ ਇੱਕ ਸ਼ਬਦ ਵੀ ਨਹੀਂ ਸੁਣਾਂਗਾ। ਚਾਰ ਸਾਲਾਂ ਤੋਂ, ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਸਾਡੇ ਬਾਰੇ ਝੂਠ ਫੈਲਾਉਂਦੇ ਰਹੇ ਹਨ। ਪਰ ਅੱਜ, ਪੂਰਾ ਦੇਸ਼ ਸੱਚ ਜਾਣਦਾ ਹੈ। ਹਰਿਆਣਾ ਸਰਕਾਰ ਨੂੰ ਸੰਦੇਸ਼ ਦਿੰਦਿਆਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਪੇਪਰ ਲੀਕ ਕਰਨ ਵਾਲਿਆਂ ਨੂੰ ਸ਼ੈਅ ਦੇਣੀ ਬੰਦ ਕਰਨੀ ਚਾਹੀਦੀ ਹੈ। ਪਹਿਲਾਂ ਆਪਣੇ ਸੂਬੇ ਨੂੰ ਸੰਭਾਲੋ। ਅਸੀਂ ਨਕਲ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਹੈ। ਅਸੀਂ ਇਸ ਗਤੀਵਿਧੀਆਂ ਵਿੱਚ ਸ਼ਾਮਸ਼ ਹਰ ਵਿਅਕਤੀ ਨੂੰ ਫੜਾਂਗੇ। ਪੰਜਾਬ ਨੂੰ ਬਦਨਾਮ ਕਰਨਾ ਬੰਦ ਕਰੋ। ਸਿੱਖਿਆ ਨੂੰ ਆਪਣੀ ਜ਼ਿੰਦਗੀ ਦਾ ਮਿਸ਼ਨ ਦੱਸਦਿਆਂ ਮੰਤਰੀ ਨੇ ਅੱਗੇ ਕਿਹਾ, ਸਿੱਖਿਆ ਸਿਰਫ਼ ਮੇਰਾ ਪੋਰਟਫੋਲੀਓ ਨਹੀਂ ਹੈ, ਇਹ ਮੇਰਾ ਜਨੂੰਨ ਹੈ।

Contd.................page 3

# ਪਿਆਕੜਾਂ ਲਈ ਖ਼ੁਸ਼ਖ਼ਬਰੀ, ਹੁਣ ਸਸਤੀ ਮਿਲੇਗੀ ਸ਼ਰਾਬ; ਵਧਣਗੇ ਨੌਕਰੀਆਂ ਦੇ ਮੌਕੇ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 31 ਜੁਲਾਈ। ਭਾਰਤ-ਯੂਕੇ ਵਿਆਪਕ ਆਰਥਿਕ ਅਤੇ ਵਪਾਰ ਸਮਝੌਤਾ (ਸੀਈਟੀਏ) ਕੱਲ੍ਹ, ਬੁੱਧਵਾਰ, 31 ਜੁਲਾਈ ਤੋਂ ਲਾਗੂ ਹੋਵੇਗਾ। ਇਹ ਦੇਸ਼ ਦੇ ਘਰੇਲੂ ਨਿਰਯਾਤ ਨੂੰ ਵਧਾਏਗਾ ਅਤੇ ਭਾਰਤੀ ਸਮਾਨ ਲਈ ਯੂਕੇ ਬਾਜ਼ਾਰ ਤੱਕ ਪਹੁੰਚ ਪ੍ਰਦਾਨ ਕਰੇਗਾ। ਇਸ ਸਮਝੌਤੇ ਦੇ ਤਹਿਤ ਸਕਾਚ ਵਿਸਕੀ, ਜਿਨ, ਚਾਕਲੇਟ, ਬਿਸਕੁਟ ਅਤੇ ਸ਼ਿੰਗਾਰ ਸਮਾਨ ਵਰਗੇ ਬਹੁਤ ਸਾਰੇ ਬ੍ਰਿਟਿਸ਼ ਉਤਪਾਦਾਂ 'ਤੇ ਟੈਰਿਫ 31 ਜੁਲਾਈ ਤੋਂ ਘਟਣੇ ਸ਼ੁਰੂ ਹੋ ਜਾਣਗੇ। ਹਾਲਾਂਕਿ, ਆਉਣ ਵਾਲੇ ਸਾਲਾਂ ਵਿੱਚ ਕੁਝ ਵਸਤੂਆਂ 'ਤੇ ਡਿਊਟੀ ਕਟੌਤੀ ਹੌਲੀ-ਹੌਲੀ ਲਾਗੂ ਕੀਤੀ ਜਾਵੇਗੀ। ਘਟੇ ਹੋਏ ਟੈਰਿਫ ਹਿਤਭਾਰਤ ਵਿੱਚ ਬ੍ਰਿਟਿਸ਼ ਸਮਾਨ ਉਪਲਬਧ ਕਰਾਉਣਗੇ। ਭਾਰਤੀ ਨਿਰਯਾਤਕਾਂ ਨੂੰ ਲਗਭਗ 99 ਪ੍ਰਤੀਸ਼ਤ ਟੈਰਿਫ ਲਾਈਨਾਂ 'ਤੇ ਜ਼ੀਰੋ-ਡਿਊਟੀ ਪਹੁੰਚ ਵੀ ਮਿਲੇਗੀ, ਜੋ ਕਿ ਯੂਕੇ ਨੂੰ ਦੇਸ਼ ਦੇ ਨਿਰਯਾਤ



ਦੇ ਲਗਭਗ ਪੂਰੇ ਮੁੱਲ ਨੂੰ ਦਰਸਾਉਂਦੀ ਹੈ। ਬ੍ਰਿਟਿਸ਼ ਸਕਾਚ ਵਿਸਕੀ 'ਤੇ ਟੈਰਿਫ ਸ਼ੁਰੂ ਵਿੱਚ 150 ਪ੍ਰਤੀਸ਼ਤ ਤੋਂ ਘਟਾ ਕੇ 75 ਪ੍ਰਤੀਸ਼ਤ, ਫਿਰ 10 ਸਾਲਾਂ ਵਿੱਚ 40 ਪ੍ਰਤੀਸ਼ਤ ਕਰ ਦਿੱਤੇ ਜਾਣਗੇ, ਜਦੋਂ ਕਿ ਬ੍ਰਿਟਿਸ਼ ਆਟੋਮੋਬਾਈਲਜ਼ 'ਤੇ ਡਿਊਟੀਆਂ ਹੌਲੀ-ਹੌਲੀ ਕੋਟਾ-ਅਧਾਰਤ ਪ੍ਰਣਾਲੀ ਅਧੀਨ ਘਟਾਈਆਂ ਜਾਣਗੀਆਂ। ਜੂਨ ਦੇ ਸ਼ੁਰੂ ਵਿੱਚ, ਕੇਂਦਰੀ ਮੰਤਰੀ ਨੇ ਕਿਹਾ ਸੀ ਕਿ ਇਹ ਮਹੱਤਵਪੂਰਨ ਸਮਝੌਤਾ ਭਾਰਤੀ ਕਿਸਾਨਾਂ, ਮਛੇਰਿਆਂ, ਕਾਰੀਗਰਾਂ ਅਤੇ ਛੋਟੇ ਕਾਰੋਬਾਰਾਂ ਨੂੰ ਵਿਸ਼ਵ ਪੱਧਰ 'ਤੇ ਵਧਣ ਅਤੇ ਨੌਕਰੀਆਂ ਪੈਦਾ ਕਰਨ ਵਿੱਚ ਮਦਦ ਕਰੇਗਾ, ਨਾਲ ਹੀ ਆਮ ਨਾਗਰਿਕਾਂ ਲਈ ਕਿਫਾਇਤੀ ਕੀਮਤਾਂ 'ਤੇ ਗੁਣਵੱਤਾ ਵਾਲੀਆਂ ਵਸਤੂਆਂ ਤੱਕ ਪਹੁੰਚ ਨੂੰ ਯਕੀਨੀ ਬਣਾਏਗਾ। ਭਾਰਤੀ ਨਿਰਯਾਤਕਾਂ ਨੂੰ ਜ਼ੀਰੋ-ਡਿਊਟੀ ਪਹੁੰਚ ਤੋਂ ਕਈ ਤਰੀਕਿਆਂ ਨਾਲ ਲਾਭ ਹੋਵੇਗਾ। ਲੇਬਰ-ਇੰਟੈਂਸਿਵ ਸੈਕਟਰ ਜਿਵੇਂ ਕਿ ਟੈਕਸਟਾਈਲ, ਚਮੜਾ, ਜੁੱਤੀਆਂ, ਸਮੁੰਦਰੀ ਉਤਪਾਦ, ਰਤਨ ਅਤੇ ਗਹਿਣੇ, ਖੇਡਾਂ ਦੇ ਸਮਾਨ ਅਤੇ ਖਿਡੌਣੇ ਸਭ ਤੋਂ ਵੱਧ ਲਾਭ ਪ੍ਰਾਪਤ ਕਰਨ ਦੀ ਉਮੀਦ ਹੈ। ਇੰਜੀਨੀਅਰਿੰਗ ਸਾਮਾਨ, ਆਟੋ ਪਾਰਟਸ, ਅਤੇ ਜੈਵਿਕ ਰਸਾਇਣਾਂ ਨੂੰ ਵੀ ਬਿਹਤਰ ਮਾਰਕੀਟ ਪਹੁੰਚ ਤੋਂ ਲਾਭ ਹੋਵੇਗਾ। ਇਹ ਨਿਯਮ ਕੇਂਦਰੀ ਅਪ੍ਰਤੱਖ ਟੈਕਸ ਅਤੇ ਕਸਟਮ ਬੋਰਡ (3293) ਦੁਆਰਾ ਜਾਰੀ ਕੀਤੇ ਗਏ ਸਨ। ਇਹ ਸਮਝੌਤੇ ਦੇ ਤਹਿਤ ਵਿਸ਼ੇਸ਼ ਟੈਰਿਫ ਲਾਭਾਂ ਲਈ ਯੋਗ ਵਸਤੂਆਂ ਦੇ ਯੋਗ ਹੋਣ ਜਾਂ ਨਾ ਹੋਣ ਦੀ ਪ੍ਰਕਿਰਿਆ ਦੀ ਵਿਆਖਿਆ ਕਰਦੇ ਹਨ, ਨਾਲ ਹੀ ਨਿਰਯਾਤਕਾਂ ਅਤੇ ਆਯਾਤਕਾਂ ਲਈ ਜ਼ਰੂਰੀ ਨਿਯਮਾਂ ਦੀ ਵੀ ਵਿਆਖਿਆ ਕਰਦੇ ਹਨ। ਹਾਲ ਹੀ ਵਿੱਚ, ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਕਿਹਾ ਕਿ 35"1 ਦੋਵਾਂ ਦੇਸ਼ਾਂ ਵਿਚਕਾਰ ਵਪਾਰ, ਨਿਵੇਸ਼ ਅਤੇ ਨਵੀਨਤਾ ਵਿੱਚ ਸਹਿਯੋਗ ਵਧਾਏਗਾ, ਨਾਲ ਹੀ ਕਾਰੋਬਾਰਾਂ ਅਤੇ ਪੇਸ਼ੇਵਰਾਂ ਲਈ ਨਵੇਂ ਮੌਕੇ ਪੈਦਾ ਕਰੇਗਾ। ਉਨ੍ਹਾਂ ਨੇ ਭਾਰਤੀ ਕੰਪਨੀਆਂ ਨੂੰ ਯੂਕੇ ਦੀਆਂ ਕੰਪਨੀਆਂ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ??ਕਰਨ ਅਤੇ ਇਸ ਸਮਝੌਤੇ ਨੂੰ ਨਿਰੰਤਰ ਵਪਾਰਕ ਵਿਕਾਸ ਵਿੱਚ ਅਨੁਵਾਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਯੂਕੇ ਦੇ ਪ੍ਰੀਮੀਅਮ ਬਾਜ਼ਾਰ ਤੱਕ ਪਹੁੰਚ ਮਹਿਲਾ ਉੱਦਮੀਆਂ, ਨੌਜਵਾਨਾਂ, ਸਟਾਰਟਅੱਪਸ ਅਤੇ ਐਮਐਸਐਮਈ ਲਈ ਆਕਰਸ਼ਕ ਵਿਸ਼ਵਵਿਆਪੀ ਮੌਕੇ ਪੈਦਾ ਕਰੇਗੀ, ਜਦੋਂ ਕਿ ਭਾਰਤ ਦੇ ਮੁੱਖ ਹਿੱਤਾਂ ਨਾਲ ਸਮਝੌਤਾ ਕੀਤੇ ਬਿਨਾਂ ਕਮਜ਼ੋਰ ਸਮੂਹਾਂ ਨੂੰ ਸਸ਼ਕਤ ਬਣਾਏਗੀ।ਸ

# ਸਵੇਰੇ ਬੈਂਡ-ਵਾਜਿਆਂ ਨਾਲ ਹੋਇਆ ਵਿਆਹ ! ਸ਼ਾਮ ਪੈਂਦੇ-ਪੈਂਦੇ ਹੋ ਗਿਆ ਤਲਾਕ

**ਕੌਮੀ ਪਤ੍ਰਿਕਾ**

ਊਨਾ 31 ਜੁਲਾਈ। ਹਿਮਾਚਲ ਪ੍ਰਦੇਸ਼ 'ਚ ਇਕ ਅਜਿਹਾ ਵਿਆਹ ਹੋਇਆ, ਜਿਸ 'ਚ ਸ਼ਾਮ ਤੱਕ ਤਲਾਕ ਵੀ ਹੋ ਗਿਆ। ਇਹ ਮਾਮਲਾ ਉਪਮੰਡਲ ਦੇ ਅੰਬੋਟਾ ਪਿੰਡ ਦਾ ਹੈ। ਜਿਸ ਰਿਸ਼ਤੇ ਦੀ ਸ਼ੁਰੂਆਤ ਸਵੇਰੇ ਹਿੰਦੂ ਰੀਤੀ-ਰਿਵਾਜ਼ਾਂ, ਮੰਤਰਾਂ ਦੇ ਜਾਪ ਅਤੇ ਪਵਿੱਤਰ ਧਾਗੇ ਅਤੇ 7 ਫੇਰਿਆਂ ਨਾਲ ਹੋਈ ਸੀ, ਉਹ ਕੁਝ ਹੀ ਘੰਟਿਆਂ ਬਾਅਦ ਖ਼ਤਮ ਹੋ ਗਿਆ। ਜਾਣਕਾਰੀ ਅਨੁਸਾਰ ਨੌਜਵਾਨ ਅਤੇ ਕੁੜੀ ਦਾ ਵਿਆਹ ਬਗਲਾਮੁਖੀ ਮੰਦਰ 'ਚ ਪੂਰੇ ਰੀਤੀ-ਰਿਵਾਜਾਂ ਨਾਲ ਹੋਇਆ। ਵਿਆਹ ਦੀਆਂ ਰਸਮਾਂ ਪੂਰੀਆਂ ਹੋਣ ਤੋਂ ਬਾਅਦ, ਜਦੋਂ ਲਾੜੀ ਦੇ ਸਹੁਰੇ ਘਰ ਜਾਣ ਦੀਆਂ ਤਿਆਰੀਆਂ ਸ਼ੁਰੂ ਹੋਈਆਂ, ਤਾਂ ਉਸ ਨੇ ਜਾਣ ਤੋਂ ਇਨਕਾਰ ਕਰ ਧਾਗੇ ਅਤੇ 7 ਫੇਰਿਆਂ ਨਾਲ ਹੋਈ ਸੀ, ਉਹ ਕੁਝ ਹੀ ਘੰਟਿਆਂ ਬਾਅਦ ਖ਼ਤਮ ਹੋ ਗਿਆ। ਜਾਣਕਾਰੀ ਅਨੁਸਾਰ ਨੌਜਵਾਨ ਅਤੇ ਕੁੜੀ ਦਾ ਵਿਆਹ ਬਗਲਾਮੁਖੀ ਮੰਦਰ 'ਚ ਪੂਰੇ ਰੀਤੀ-ਰਿਵਾਜਾਂਦਿੱਤਾ। ਦੋਵਾਂ ਧਿਰਾਂ ਵਿਚਕਾਰ ਗੱਲਬਾਤ ਹੋਈ, ਪਰ ਸਥਿਤੀ ਅਸਪਸ਼ਟ ਰਹਿਣ ਕਾਰਨ ਮਾਮਲਾ ਪੁਲਸ ਤੱਕ ਪਹੁੰਚ ਗਿਆ। ਪੁਲਸ ਦੀ ਮੌਜੂਦਗੀ 'ਚ ਦੋਵਾਂ ਪਰਿਵਾਰਾਂ ਦੇ ਮੈਂਬਰਾਂ ਵਿਚਾਲੇ ਕਾਫ਼ੀ ਦੇਰ ਤੱਕ ਗੱਲਬਾਤ ਹੋਈ। ਦੋਵਾਂ ਧਿਰਾਂ ਨੇ ਮਾਮਲੇ ਨੂੰ ਸ਼ਾਂਤੀਪੂਰਨ ਤਰੀਕੇ ਨਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ। ਚਰਚਾ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਜੇਕਰ ਵਿਆਹ ਤੋਂ ਤੁਰੰਤ ਜਾਰੀ ਨਾ ਰੱਖਣ ਦਾ ਫੈਸਲਾ ਕੀਤਾ। ਪੁਲਸ ਦੀ ਮੌਜੂਦਗੀ 'ਚ ਦੋਵਾਂ ਧਿਰਾਂ ਵਿਚਕਾਰ ਸਮਝੌਤਾ ਹੋ ਗਿਆ ਅਤੇ ਮਾਮਲਾ ਬਿਨਾਂ ਕਿਸੇ ਝਗੜੇ ਜਾਂ ਕਾਨੂੰਨੀ ਕਾਰਵਾਈ ਦੇ ਸ਼ਾਂਤੀਪੂਰਵਕ ਖਤਮ ਹੋ ਗਿਆ। ਹਾਲਾਂਕਿ, ਵਿਆਹ ਤੋਂ ਤੁਰੰਤ ਬਾਅਦ ਲਾੜੀ ਵੱਲੋਂ ਆਪਣੇ ਸਹੁਰੇ



ਬਾਅਦ ਦੋਵਾਂ ਧਿਰਾਂ ਵਿਚਕਾਰ ਸਮਝ ਅਤੇ ਵਿਸ਼ਵਾਸ ਦੀ ਸਥਿਤੀ ਨਹੀਂ ਬਣ ਪਾ ਰਹੀ ਹੈ, ਤਾਂ ਭਵਿੱਖ 'ਚ ਵਿਆਹ ਨੂੰ ਜਾਰੀ ਰੱਖਣਾ ਮੁਸ਼ਕਲ ਹੋ ਸਕਦਾ ਹੈ। ਇਸ ਤੋਂ ਬਾਅਦ, ਦੋਵਾਂ ਪਰਿਵਾਰਾਂ ਨੇ ਆਪਸੀ ਸਹਿਮਤੀ ਨਾਲ ਰਿਸ਼ਤਾ ਘਰ ਜਾਣ ਤੋਂ ਇਨਕਾਰ ਕਰਨ ਦੇ ਅਸਲ ਕਾਰਨ ਬਾਰੇ ਕੋਈ ਅਧਿਕਾਰਤ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ। ਕਿਸੇ ਵੀ ਧਿਰ ਨੇ ਮਾਮਲੇ ਨੂੰ ਨਿੱਜੀ ਦੱਸਦੇ ਹੋਏ ਕੋਈ ਜਨਤਕ ਬਿਆਨ ਜਾਰੀ ਨਹੀਂ ਕੀਤਾ।

# ਅਚਾਨਕ ਵਧਾਈ ਗਈ ਸੁਰੱਖਿਆ, ਰੇਲਵੇ ਸਟੇਸ਼ਨਾਂ ਤੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਜਲੰਧਰ 31 ਜੁਲਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚੰਡੀਗੜ੍ਹ ਅਤੇ ਪੰਜਾਬ ਦੌਰੇ ਤੋਂ ਠੀਕ ਪਹਿਲਾਂ ਸਥਾਨਕ ਸਕੂਲਾਂ ਨੂੰ ਇਕ ਧਮਕੀ ਭਰੀ ਈ-ਮੇਲ ਭੇਜੀ ਗਈ ਹੈ। ਇਸ 'ਚ ਦਾਅਵਾ ਕੀਤਾ ਗਿਆ ਹੈ ਕਿ ਕੀਤੀ ਗਈ ਹੈ। ਈ-ਮੇਲ 'ਚ ਦਾਅਵਾ ਕੀਤਾ ਗਿਆ ਹੈ, ਖਾਲਿਸਤਾਨ ਬੱਚਿਆਂ ਦੇ ਵਿਰੁੱਧ ਨਹੀਂ ਹੈ ਪਰ ਹੁਣ ਜਲੰਧਰ-ਚੰਡੀਗੜ੍ਹ 'ਚ ਕਿਸਾਨਾਂ ਦਾ, ਸ਼ਹੀਦ ਖਾਲੜਾ ਸਤਲੁਜ ਦਾ,



31 ਜੁਲਾਈ ਨੂੰ ਚੰਡੀਗੜ੍ਹ ਅਤੇ ਜਲੰਧਰ 'ਚ ਕਈ ਥਾਵਾਂ 'ਤੇ ਬੰਬ ਧਮਾਕੇ ਹੋਣਗੇ। ਇਸ ਤੋਂ ਇਲਾਵਾ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਇਸ ਈ-ਮੇਲ 'ਚ ਲਿਖਿਆ ਹੈ ਕਿ 31 ਜੁਲਾਈ ਨੂੰ ਸਥਾਨਕ ਸਕੂਲਾਂ, ਮੋਹਾਲੀ ਦੇ ਮੇਅਰ ਦੇ ਦਫ਼ਤਰ ਅਤੇ ਜਲੰਧਰ-ਚੰਡੀਗੜ੍ਹ ਰੇਲਵੇ ਸਟੇਸ਼ਨ 'ਤੇ 954 ਧਮਾਕੇ ਕੀਤੇ ਜਾਣਗੇ। ਈ-ਮੇਲ 'ਚ ਪੰਜਾਬ ਦੀ ਜਨਤਾ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਰੈਲੀ ਵਿੱਚ ਸ਼ਾਮਲ ਨਾ ਹੋਣ ਦੀ ਅਪੀਲ ਵੀ ਨਿੱਝਰ ਦਾ ਦੁਸ਼ਮਣ ਮੋਦੀ ਆਵੇਗਾ। ਕੋਈ ਵੀ ਪਰਿਵਾਰ ਮੋਦੀ ਰੈਲੀਆਂ ਵਿਚ ਨਾ ਜਾਵੇ...ਨਹੀਂ ਤਾਂ ਬੰਬ ਧਮਾਕਿਆਂ 'ਚ ਮਾਰੇ ਜਾਓਗੇ।" ਇਸ ਦੇ ਨਾਲ ਹੀ ਪੱਤਰ ਵਿਚ ਕਿਹਾ ਗਿਆ ਹੈ ਉਹ ਗਾਇਕ ਅਤੇ ਅਭਿਨੇਤਾ ਦਿਲਜੀਤ ਦੋਸਾਂਝ ਦੇ ਨਾਲ ਖੜ੍ਹੇ ਹਨ। ਜਾਂਚ ਵਿਚ ਸਾਹਮਣੇ ਆਇਆ ਹੈ ਈ-ਮੇਲ ਆਈ. ਡੀ. ਤੋਂ ਭੇਜੀ ਗਈ ਸੀ। ਭੇਜਣ ਵਾਲੇ ਨੇ 31 ਜੁਲਾਈ ਨੂੰ ਦੁਪਹਿਰ 1:11 ਵਜੇ ਸਕੂਲਾਂ ਨੂੰ ਅਤੇ ਦੁਪਹਿਰ 3:11 ਵਜੇ ਮੋਹਾਲੀ ਦੇ ਮੇਅਰ ਦੇ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਹੈ। ਧਿਆਨ ਦੇਣਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 31 ਜੁਲਾਈ ਨੂੰ ਵੱਖ-ਵੱਖ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਐਲਾਨ ਕਰਨ ਲਈ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਦੇ ਦੌਰੇ 'ਤੇ ਆ ਰਹੇ ਹਨ। ਇਹ ਈ-ਮੇਲ ਕਥਿਤ ਤੌਰ 'ਤੇ 'ਖਾਲਿਸਤਾਨ ਨੈਸ਼ਨਲ ਆਰਮੀ' (ਇੰਜੀਨੀਅਰ ਗੁਰਨਾਖ ਸਿੰਘ, ਰੁਕਨ ਸ਼ਾਹਵਾਲਾ, ਡਾ. ਗੁਰਨਿਵਰ ਸਿੰਘ ਅਤੇ ਖਾਨ ਰਾਜਾਦਾ) ਵੱਲੋਂ ਭੇਜੀ ਗਈ ਹੈ। ਮੇਲ ਵਿਚ ਸਿੱਧੇ ਤੌਰ 'ਤੇ ਕੇਂਦਰੀ ਮੰਤਰੀ ਰਵਨੀਤ ਬਿੱਟੂ ਨੂੰ ਚਿਤਾਵਨੀ ਦਿੰਦੇ ਲਿਖਿਆ ਹੈ, ਰਵਨੀਤ ਬਿੱਟੂ, ਜੋ ਦਿਲਜੀਤ ਦੋਸਾਂਝ ਵਿਰੁੱਧ ਬੋਲ ਰਿਹਾ ਹੈ... ਹੁਣ ਸਮਾਂ ਆ ਗਿਆ ਹੈ ਕਿ ਤੁਹਾਨੂੰ ਤੁਹਾਡੇ ਦਾਦਾ ਬੇਅੰਤ (ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ) ਨਾਲ ਮਿਲਾਇਆ ਜਾਵੇ। ਇਸ ਧਮਕੀ ਭਰੇ ਈ-ਮੇਲ ਤੋਂ ਬਾਅਦ ਸੁਰੱਖਿਆ ਏਜੰਸੀਆਂ ਅਤੇ ਪੁਲਸ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ।

# ਖੇਤੀ ਪ੍ਰਸਾਰ ਸੇਵਾਵਾਂ ਨੂੰ ਮਿਲੇਗੀ ਨਵੀਂ ਰ਼ਫਤਾਰ: ਮੁੱਖ ਖੇਤੀਬਾੜੀ ਅਫਸਰ ਡਾ. ਸ਼ਾਹਬਾਜ਼ ਚੀਮਾ ਨੇ ਜਾਰੀ ਕੀਤੇ ਨਿਰਦੇਸ਼

**ਕੌਮੀ ਪਤ੍ਰਿਕਾ**

ਗੁਰਦਾਸਪੁਰ 31 ਜੁਲਾਈ। ਗੁਰਦਾਸਪੁਰ ਜ਼ਿਲ੍ਹੇ ਵਿੱਚ ਖੇਤੀ ਪ੍ਰਸਾਰ ਸੇਵਾਵਾਂ ਨੂੰ ਹੋਰ ਪ੍ਰਭਾਵਸ਼ਾਲੀ, ਸੁਚਾਰੂ ਅਤੇ ਕਿਸਾਨ-ਕੇਂਦਰਿਤ ਬਣਾਉਣ ਦੇ ਮੰਤਵ ਨਾਲ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਡਾ. ਸ਼ਾਹਬਾਜ਼ ਸਿੰਘ ਚੀਮਾ ਨੇ ਅੱਜ ਸਮੂਹ ਖੇਤੀ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਇੱਕ ਅਹਿਮ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਨੇ ਸਪੱਸ਼ਟ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਲਈ ਚਲਾਈਆਂ ਜਾ ਰਹੀਆਂ ਹਰ ਯੋਜਨਾ ਅਤੇ ਸਹੂਲਤ ਦਾ ਲਾਭ ਸਮੇਂ ਸਿਰ ਹਰੇਕ ਕਿਸਾਨ ਤੱਕ ਪਹੁੰਚਣਾ ਯਕੀਨੀ ਬਣਾਇਆ ਜਾਵੇ। ਡਾ. ਚੀਮਾ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਖੇਤੀ ਪ੍ਰਸਾਰ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਪਿੰਡ-ਪਿੰਡ ਜਾ ਕੇ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਏ ਜਾਣ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਮੌਕੇ 'ਤੇ ਸੁਣ ਕੇ ਤੁਰੰਤ ਹੱਲ ਕੀਤਾ ਜਾਵੇ, ਤਾਂ ਜੋ ਉਨ੍ਹਾਂ ਨੂੰ ਦਫ਼ਤਰਾਂ ਦੇ ਚੱਕਰ ਨਾ ਲਗਾਉਣੇ ਪੈਣ। ਮੀਟਿੰਗ ਦੌਰਾਨ ਫਾਰਮਰ ਰਜਿਸਟਰੀ ਮੁਹਿੰਮ ਨੂੰ ਸਭ ਤੋਂ ਵੱਧ ਤਰਜੀਹ ਦੇਣ ਦੇ ਨਿਰਦੇਸ਼ ਦਿੰਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਹਰ ਕਿਸਾਨ ਦੀ ਰਜਿਸਟਰੀ ਬਣਾਉਣ ਲਈ ਮੁਹਿੰਮ ਵਿੱਚ ਤੇਜੀ ਲਿਆਂਦੀ ਜਾਵੇ। ਇਸ ਲਈ ਪਿੰਡ ਪੱਧਰ 'ਤੇ ਕੈਂਪ ਲਗਾਉਣ ਦੇ ਨਾਲ-ਨਾਲ ਕਿਸਾਨਾਂ ਤੱਕ ਸਿੱਧੀ ਪਹੁੰਚ ਬਣਾਈ ਜਾਵੇ, ਤਾਂ ਜੋ ਕੋਈ ਵੀ ਯੋਗ ਕਿਸਾਨ ਇਸ ਮਹੱਤਵਪੂਰਨ ਪ੍ਰਕਿਰਿਆ ਤੋਂ ਵਾਂਝਾ ਨਾ ਰਹੇ। ਉਨ੍ਹਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਬਿਨਾਂ ਦੇਰੀ ਆਪਣੇ ਨੇੜਲੇ ਸੀਐਸਸੀ ਸੈਂਟਰ 'ਤੇ ਜਾ ਕੇ ਆਪਣੀ ਫਾਰਮਰ ਰਜਿਸਟਰੀ ਜ਼ਰੂਰ ਕਰਵਾਉਣ। ਉਨ੍ਹਾਂ ਦੱਸਿਆ ਕਿ



ਸਰਕਾਰ ਵੱਲੋਂ ਭਵਿੱਖ ਵਿੱਚ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਖੇਤੀ ਸਬੰਧੀ ਸਹੂਲਤਾਂ ਅਤੇ ਸਕੀਮਾਂ ਦਾ ਲਾਭ ਲੈਣ ਲਈ ਇਹ ਰਜਿਸਟਰੀ ਬਹੁਤ ਜ਼ਰੂਰੀ ਕਰ ਦਿੱਤੀ ਗਈ ਹੈ। ਡਾ. ਚੀਮਾ ਨੇ ਖੇਤੀ ਅਧਿਕਾਰੀਆਂ ਨੂੰ ਫਸਲਾਂ ਦਾ ਨਿਯਮਿਤ ਨਿਰੀਖਣ ਕਰਨ ਦੇ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਖੇਤਰ ਵਿੱਚ ਫਸਲ ਨੂੰ ਬਿਮਾਰੀ, ਕੀੜਿਆਂ ਜਾਂ ਕਿਸੇ ਹੋਰ ਕਿਸਮ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਸ ਦਾ ਤੁਰੰਤ ਵਿਗਿਆਨਕ ਢੰਗ ਨਾਲ ਹੱਲ ਕਰਵਾਇਆ ਜਾਵੇ, ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਝੱਲਣਾ ਪਵੇ। ਉਨ੍ਹਾਂ ਵੱਖ-ਵੱਖ ਬਲਾਕਾਂ ਦੇ ਖੇਤੀ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਖੇਤੀਬਾੜੀ ਵਿਭਾਗ ਦੀਆਂ ਸਾਰੀਆਂ ਯੋਜਨਾਵਾਂ, ਸੇਵਾਵਾਂ ਅਤੇ ਤਕਨੀਕੀ ਜਾਣਕਾਰੀ ਹਰ ਕਿਸਾਨ ਤੱਕ ਪਹੁੰਚਾਈ ਜਾਵੇ, ਤਾਂ ਜੋ ਵੱਧ ਤੋਂ ਵੱਧ ਕਿਸਾਨ ਸਰਕਾਰੀ ਸਕੀਮਾਂ ਦਾ ਲਾਭ ਲੈ ਸਕਣ। ਮੀਟਿੰਗ ਵਿੱਚ ਜ਼ਿਲ੍ਹੇ ਦੇ ਸਮੂਹ ਖੇਤੀਬਾੜੀ ਅਧਿਕਾਰੀ, ਖੇਤੀਬਾੜੀ ਵਿਭਾਗ ਦੇ ਵੱਖ-ਵੱਖ ਵਿੰਗਾਂ ਦੇ ਅਧਿਕਾਰੀ ਅਤੇ ਬਲਾਕ ਪੱਧਰ ਦੇ ਅਧਿਕਾਰੀ ਵੀ ਹਾਜ਼ਰ ਸਨ।

## ਪੰਜਾਬ 'ਚ ਰੂਹ ਕੰਬਾਊ ਹਾਦਸਾ: ਨੌਜਵਾਨ ਦੀ ਦਰਦਨਾਕ ਮੌਤ

ਗੁਰਦਾਸਪੁਰ 31 ਜੁਲਾਈ। ਪਠਾਨਕੋਟ-ਅੰਮ੍ਰਿਤਸਰ ਨੈਸ਼ਨਲ ਹਾਈਵੇ 'ਤੇ ਪਿੰਡ ਮਾਨ ਕੌਰ ਸਿੰਘ ਨੇੜੇ ਐਚ.ਆਰ.ਏ. ਸਕੂਲ ਦੇ ਬਾਹਰ ਹੋਏ ਇੱਕ ਭਿਆਨਕ ਸੜਕ ਹਾਦਸੇ ਵਿੱਚ ਇਲੈਕਟ੍ਰਿਕ ਸਕੂਟਰੀ ਸਵਾਰ 30 ਸਾਲਾ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਰਵੀ ਕੁਮਾਰ ਵਾਸੀ ਬਾਰਠ ਵਾਲੀ ਗਲੀ, ਗੁਰਦਾਸਪੁਰ ਵਜੋਂ ਹੋਈ ਹੈ, ਜੋ ਪਿੰਡ ਧਾਰੋਚੱਕ ਵਿਖੇ ਕਰਿਆਨੇ ਦੀ ਦੁਕਾਨ ਕਰਦਾ ਸੀ। ਮਿਲੀ ਜਾਣਕਾਰੀ ਅਨੁਸਾਰ ਰਵੀ ਕੁਮਾਰ ਆਪਣੀ ਇਲੈਕਟ੍ਰਿਕ ਸਕੂਟਰੀ 'ਤੇ ਕਿਸੇ ਕੰਮ ਲਈ ਜਾ ਰਿਹਾ ਸੀ। ਇਸ ਦੌਰਾਨ ਪਠਾਨਕੋਟ ਵਾਲੇ ਪਾਸੇ ਤੋਂ ਆ ਰਹੀ ਇੱਕ ਐਕਸਯੂਵੀ ਕਾਰ ਨਾਲ ਉਸ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਸਕੂਟਰੀ ਦੇ ਪਰਖੱਚੇ ਉੱਡ ਗਏ, ਜਦਕਿ ਕਾਰ ਦਾ ਅਗਲਾ ਹਿੱਸਾ ਵੀ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਹਾਦਸੇ ਵਿੱਚ ਰਵੀ ਕੁਮਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸੜਕ ਸੁਰੱਖਿਆ ਫੋਰਸ ਦੀ ਟੀਮ ਮੌਕੇ 'ਤੇ ਪਹੁੰਚੀ। ਟੀਮ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਪੁਲਸ ਜਾਂਚ ਤੋਂ ਬਾਅਦ ਹੀ ਲੱਗੇਗਾ। ਉਨ੍ਹਾਂ ਦੱਸਿਆ ਕਿ ਹਾਦਸੇ ਦੀ ਸੂਚਨਾ ਤਿੱਬੜ ਥਾਣਾ ਪੁਲਸ ਨੂੰ ਦੇ ਦਿੱਤੀ ਗਈ ਸੀ। ਐੱਸ.ਐੱਚ.ਓ. ਤਿੱਬੜ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਲੋੜੀਂਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ।

## ਰੇਲ ਪਟੜੀ ਪਾਰ ਕਰਦਿਆਂ ਰੇਲਗੱਡੀ ਦੀ ਲਪੇਟ 'ਚ ਆਉਣ ਨਾਲ 18 ਸਾਲਾ ਨੌਜਵਾਨ ਦੀ ਮੌਤ

ਪਠਾਨਕੋਟ 31 ਜੁਲਾਈ। ਜੰਮੂ-ਪਠਾਨਕੋਟ ਰੇਲ ਮਾਰਗ 'ਤੇ ਪੈਂਦੇ ਪਿੰਡ ਫ਼?ਰੋਜ਼ਪੁਰ ਕਲਾਂ ਨੇੜੇ ਰੇਲਵੇ ਫਾਟਕ ਕੋਲ ਇਕ ਦਰਦਨਾਕ ਹਾਦਸਾ ਵਾਪਰ ਗਿਆ, ਜਿੱਥੇ ਰੇਲ ਪਟੜੀ ਪਾਰ ਕਰਦੇ ਸਮੇਂ ਇਕ 18 ਸਾਲਾ ਨੌਜਵਾਨ ਰੇਲਗੱਡੀ ਦੀ ਲਪੇਟ 'ਚ ਆ ਗਿਆ, ਜਿਸਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਦੀਪਕ ਪੁੱਤਰ ਰਾਜੇਸ਼ ਰਵਿਦਾਸ (ਵਾਸੀ ਪਿੰਡ ਪਾਰਵਤੀ, ਜ਼ਿਲਾ ਨਾਲੰਦਾ, ਬਿਹਾਰ) ਵਜੋਂ ਹੋਈ ਹੈ। ਹਾਦਸੇ ਤੋਂ ਤੁਰੰਤ ਬਾਅਦ ਮੌਕੇ 'ਤੇ ਸਥਾਨਕ ਲੋਕਾਂ ਦੀ ਭਾਰੀ ਭੀੜ ਇਕੱਠੀ ਹੋ ਗਈ। ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿਚ ਲਿਆ ਅਤੇ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ। ਹਸਪਤਾਲ 'ਚ ਪੋਸਟਮਾਰਟਮ ਦੌਰਾਨ ਮ੍ਰਿਤਕ ਦੇ ਮਾਮੇ ਦੇ ਪੁੱਤਰ ਰੌਸ਼ਨ ਨੇ ਦੱਸਿਆ ਕਿ ਦੀਪਕ ਕਬਾੜ ਇਕੱਠਾ ਕਰਨ ਦਾ ਕੰਮ ਕਰਦਾ ਸੀ। ਘਟਨਾ ਵੇਲੇ ਉਹ ਰੇਲ ਪਟੜੀ ਦੇ ਨੇੜੇ ਕਬਾੜ ਇਕੱਠਾ ਕਰ ਰਿਹਾ ਸੀ ਕਿ ਅਚਾਨਕ ਤੇਜ਼ ਰਫ਼ਤਾਰ ਰੇਲਗੱਡੀ ਦੀ ਲਪੇਟ 'ਚ ਆ ਗਿਆ, ਜਿਸ ਕਾਰਨ ਇਹ ਭਾਣਾ ਵਰਤ ਗਿਆ। ਪੁਲਸ ਨੇ ਲੋੜੀਂਦੀਆਂ ਕਾਨੂੰਨੀ ਕਾਰਵਾਈਆਂ ਪੂਰੀਆਂ ਕਰਨ ਉਪਰੰਤ ਲਾਸ਼ ਵਾਰਿਸਾਂ ਦੇ ਹਵਾਲੇ ਕਰ ਦਿੱਤੀ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

## ਪਨੀਰ ਦੇ ਨਾਂ 'ਤੇ ਲੋਕਾਂ ਨੂੰ ਵੇਚਿਆ ਜਾ ਰਿਹਾ ਸੀ ਜ਼ਹਿਰ !

ਅਲਵਰ 31 ਜੁਲਾਈ। ਰਾਜਸਥਾਨ 'ਚ ਖੈਰਥਲ-ਤਿਜਾਰਾ ਜ਼ਿਲ੍ਹੇ ਦੇ ਕਿਸ਼ਨਗੜ੍ਹ ਬਾਸ ਥਾਣਾ ਖੇਤਰ 'ਚ ਪੁਲਸ ਅਤੇ ਖੁਰਾਕ ਸੁਰੱਖਿਆ ਵਿਭਾਗ ਦੀ ਸੰਯੁਕਤ ਕਾਰਵਾਈ 'ਚ 545 ਕਿਲੋਗ੍ਰਾਮ ਬੱਦਬੂਦਾਰ ਅਤੇ ਸ਼ੱਕੀ ਸਿੰਥੈਟਿਕ ਪਨੀਰ ਬਰਾਮਦ ਕੀਤਾ ਗਿਆ। ਖੁਰਾਕ ਸੁਰੱਖਿਆ ਅਧਿਕਾਰੀ ਹੇਮੰਤ ਕੁਮਾਰ ਯਾਦਵ ਨੇ ਮੰਗਲਵਾਰ ਨੂੰ ਦੱਸਿਆ ਕਿ ਪੁਲਸ ਨੇ ਗਸ਼ਤ ਦੌਰਾਨ ਇਕ ਕਾਰ ਨੂੰ ਰੋਕ ਕੇ ਉਸ ਦੀ ਤਲਾਸ਼ੀ ਲਈ ਤਾਂ ਉਸ 'ਚ ਪਲਾਸਟਿਕ ਦੀਆਂ ਕਰੀਬ 15 ਕੈਨਾਂ 'ਚ 545 ਕਿਲੋਗ੍ਰਾਮ ਪਨੀਰ ਭਰਿਆ



ਹੋਇਆ ਸੀ। ਜਾਂਚ ਦੌਰਾਨ ਪਨੀਰ 'ਚੋਂ ਬੱਦਬੂ ਆ ਰਹੀ ਸੀ ਅਤੇ ਉਸ 'ਚ ਗੰਦਗੀ ਵੀ ਪਾਈ ਗਈ। ਪੁੱਛ-ਗਿੱਛ 'ਚ ਕਾਰ ਸਵਾਰ ਆਦਿਲ ਖਾਨ (25) ਅਤੇ ਮੁਨੱਵਰ (20) ਨੇ ਦੱਸਿਆ ਕਿ ਉਹ ਇਸ ਪਨੀਰ ਨੂੰ ਹਰਿਆਣਾ ਦੇ ਨਾਰਨੌਲ ਅਤੇ ਰਾਜਸਥਾਨ ਦੇ ਝੁੰਝੁਨੂ ਜ਼ਿਲ੍ਹੇ 'ਚ 180 ਤੋਂ 200 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ ਵੇਚਣ ਲਈ ਲਿਜਾ ਰਹੇ ਸਨ, ਜਦੋਂ ਕਿ ਸ਼ੁੱਧ ਪਨੀਰ ਦੀ ਕੀਮਤ ਕਰੀਬ 400 ਰੁਪਏ ਹੈ। ਸੂਚਨਾ ਮਿਲਣ 'ਤੇ ਖੁਰਾਕ ਸੁਰੱਖਿਆ ਵਿਭਾਗ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਪਨੀਰ ਦੇ ਨਮੂਨੇ ਲਏ। ਜਾਂਚ 'ਚ ਪਨੀਰ ਦੂਸ਼ਿਤ ਪਾਏ ਜਾਣ 'ਤੇ ਪ੍ਰਸ਼ਾਸਨ ਨੇ ਤੁਰੰਤ ਕਾਰਵਾਈ ਕਰਦੇ ਹੋਏ ਜੇਸੀਬੀ ਨਾਲ ਟੋਇਆ ਪੁੱਟ ਕੇ 545 ਕਿਲੋਗ੍ਰਾਮ ਪਨੀਰ ਨੂੰ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ।

## ਤੇਜ਼ ਰਫਤਾਰ ਬਣੀ ਕਾਲ ! ਟਰੱਕ ਤੇ ਪਿਕਅੱਪ ਵੈਨ ਦੀ ਹੋਈ ਜ਼ਬਰਦਸਤ ਟੱਕਰ

ਨੈਸ਼ਨਲ ਡੈਸਕ 31 ਜੁਲਾਈ। ਮਹਾਰਾਸ਼ਟਰ ਦੇ ਧਾਰਸ਼ਿਵ ਜ਼ਿਲ੍ਹੇ 'ਚ ਇੱਕ ਤੇਜ਼ ਰਫ਼ਤਾਰ ਟਰੱਕ ਦੇ ਪਿਕਅੱਪ ਵੈਨ ਨਾਲ ਟਕਰਾਉਣ ਕਾਰਨ ਇੱਕ ਔਰਤ ਸਮੇਤ ਦੋ ਸ਼ਰਧਾਲੂਆਂ ਦੀ ਮੌਤ ਹੋ ਗਈ ਤੇ 17 ਹੋਰ ਜ਼ਖਮੀ ਹੋ ਗਏ। ਇਹ ਘਟਨਾ ਬੁੱਧਵਾਰ ਰਾਤ ਨੂੰ ਯੇਡਸ਼ੀ ਦੇ ਅਲਾਨੀ ਚੌਕ ਨੇੜੇ ਰਾਸ਼ਟਰੀ ਰਾਜਮਾਰਗ 'ਤੇ ਵਾਪਰੀ। ਪੁਲਸ ਨੇ ਕਿਹਾ ਕਿ ਟੱਕਰ ਇੰਨੀ ਭਿਆਨਕ ਸੀ ਕਿ ਪਿਕਅੱਪ ਵੈਨ ਦੋ ਟੁਕੜਿਆਂ 'ਚ ਟੁੱਟ ਗਈ। ਪੁਲਸ ਨੇ ਕਿਹਾ ਕਿ ਉਮਰਗਾ ਤਹਿਸੀਲ ਦੇ ਬੋਰੀ ਪਿੰਡ ਦੇ ਰਹਿਣ ਵਾਲੇ ਛਬੂ ਦੁਧਭਾਟੇ (40) ਅਤੇ ਬਾਬੂਰਾਓ ਸੂਰਿਆਵੰਸ਼ੀ (65) ਗੰਭੀਰ ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਕਿਹਾ ਕਿ ਉਨ੍ਹਾਂ ਦੀ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਅਨੁਸਾਰ ਹਾਦਸੇ 'ਚ 17 ਹੋਰ ਸ਼ਰਧਾਲੂ ਵੀ ਜ਼ਖਮੀ ਹੋ ਗਏ। ਉਨ੍ਹਾਂ ਕਿਹਾ ਕਿ ਜ਼ਖਮੀਆਂ ਦਾ ਇਲਾਜ ਧਾਰਾਸ਼ਿਵ ਦੇ ਸਰਕਾਰੀ ਹਸਪਤਾਲ 'ਚ ਕੀਤਾ ਜਾ ਰਿਹਾ ਹੈ।

### ਪਾਣੀ ਨਾਲ ਭਰੀ ਬਾਲਟੀ 'ਚ ਡੁੱਬਣ ਨਾਲ 6 ਮਹੀਨੇ ਦੇ ਬੱਚੇ ਦੀ ਮੌਤ

ਲਖਨਊ 31 ਜੁਲਾਈ। ਰਾਜਧਾਨੀ ਲਖਨਊ ਦੇ ਪੀ. ਜੀ. ਆਈ. ਖੇਤਰ ਵਿਚ ਤਖ਼ਤ ਦੇ ਹੇਠਾਂ ਰੱਖੀ ਪਾਣੀ ਨਾਲ ਭਰੀ ਬਾਲਟੀ ਵਿਚ ਡਿੱਗਣ ਨਾਲ 6 ਮਹੀਨੇ ਦੇ ਇਕ ਮਾਸੂਮ ਬੱਚੇ ਦੀ ਮੌਤ ਹੋ ਗਈ। ਘਟਨਾ ਤੋਂ ਬਾਅਦ ਪਰਿਵਾਰ ਵਾਲੇ ਬੱਚੇ ਨੂੰ ਕਾਹਲੀ-ਕਾਹਲੀ ਕਈ ਨਿੱਜੀ ਹਸਪਤਾਲਾਂ ਵਿਚ ਲੈ ਗਏ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਮਾਮਲੇ ਦੀ ਜਾਣਕਾਰੀ ਲੈ ਕੇ ਲੋੜੀਂਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ, ਪੀ. ਜੀ. ਆਈ. ਖੇਤਰ ਦੀ ਸਤਿਗੁਰੂਪੁਰਮ ਕਾਲੋਨੀ ਵਿਚ ਕਿਰਾਏ 'ਤੇ ਰਹਿਣ ਵਾਲੇ ਕੁਲਦੀਪ ਅਤੇ ਉਨ੍ਹਾਂ ਦੀ ਪਤਨੀ ਸ਼ਿਵਾਨੀ ਦਾ 6 ਮਹੀਨੇ ਦਾ ਬੇਟਾ ਸ਼ਿਵਾਂਸ਼ ਬੁੱਧਵਾਰ ਸਵੇਰੇ ਖੇਡਦੇ ਸਮੇਂ ਪਾਣੀ ਨਾਲ ਭਰੀ ਬਾਲਟੀ ਵਿਚ ਡਿੱਗ ਗਿਆ। ਘਰ ਦੇ ਕੰਮ ਵਿਚ ਮਸਰੂਫ਼ ਮਾਂ ਨੂੰ ਜਦੋਂ ਬੱਚੇ ਦੀ ਕੋਈ ਆਵਾਜ਼ ਸੁਣਾਈ ਨਹੀਂ ਦਿੱਤੀ ਤਾਂ ਭਾਲ ਕਰਨ 'ਤੇ ਉਹ ਬਾਲਟੀ ਵਿਚ ਮਿਲਿਆ।

# ਕਪੂਰਥਲਾ 'ਚ ਰੂਹ ਕੰਬਾਊ ਘਟਨਾ ! ਮਾਂ ਨੇ 3 ਜਵਾਕਾਂ ਸਮੇਤ ਨਿਗਲਿਆ ਜ਼ਹਿਰ

**ਕੌਮੀ ਪਤ੍ਰਿਕਾ**

ਕਪੂਰਥਲਾ 31 ਜੁਲਾਈ। ਕਪੂਰਥਲਾ ਦੇ ਪਿੰਡ ਮੱਲੂ ਕਦਰਾਬਾਦ 'ਚ ਇਕ ਪ੍ਰਵਾਸੀ ਔਰਤ ਨੇ ਘਰੇਲੂ ਝਗੜੇ ਕਾਰਨ ਆਪਣੇ ਤਿੰਨ ਬੱਚਿਆਂ ਸਮੇਤ ਜ਼ਹਿਰੀਲੀ ਦਵਾਈ ਖਾ ਕੇ ਕਥਿਤ ਤੌਰ 'ਤੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਪਰਿਵਾਰ ਨੇ ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਪਹੁੰਚਾਇਆ। ਇਕ ਬੱਚੀ ਦੀ ਇਲਾਜ ਦੌਰਾਨ ਮੌਤ ਹੋ ਗਈ ਅਤੇ ਬਾਕੀ ਮਾਂ ਤੇ 2 ਬੱਚਿਆਂ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਅੰਮ੍ਰਿਤਸਰ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਸਦਰ ਥਾਣੇ ਦੀ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾਬਕ ਮੱਲੂ ਕਾਦਰਾਬਾਦ ਪਿੰਡ ਦੇ ਵਾਸੀ



ਲਵਕੁਸ਼ ਕੁਮਾਰ ਨੇ ਦੱਸਿਆ ਕਿ ਜਦੋਂ ਉਹ ਦੇਰ ਰਾਤ ਕੰਮ ਤੋਂ ਘਰ ਵਾਪਸ ਆਇਆ ਤਾਂ ਉਸ ਦੀ ਪਤਨੀ ਸੰਤੋਸ਼ ਦੇਵੀ ਉਲਟੀਆਂ ਕਰ ਰਹੀ ਸੀ ਅਤੇ ਉਸ ਦੇ ਕੋਲ ਕੀਟਨਾਸ਼ਕ ਦੀ ਇਕ ਬੋਤਲ ਪਈ ਸੀ। ਬੱਚੇ ਅਰਧ-ਬੇਹੋਸ਼ੀ ਦੀ ਹਾਲਤ 'ਚ ਸਨ। ਉਸ ਨੇ ਤੁਰੰਤ 108 'ਤੇ ਫੋਨ ਕਰਕੇ ਐਂਬੂਲੈਂਸ ਬੁਲਾ ਕੇ ਆਪਣੀ ਪਤਨੀ ਸੰਤੋਸ਼ ਦੇਵੀ ਅਤੇ ਬੱਚਿਆਂ ਨੂੰ ਹਸਪਤਾਲ ਪਹੁੰਚਾਇਆ। ਦੋ ਕੁੜੀਆਂ ਜਿਨ੍ਹਾਂ 'ਚ ਅੰਮ੍ਰਿਤਾ (8 ਸਾਲ), ਖ਼ੁਸ਼ੀ (6 ਸਾਲ) ਸਮੇਤ ਇਕ 2 ਸਾਲ ਦੇ ਮੁੰਡੇ ਨੂੰ ਐਮਰਜੈਂਸੀ 'ਚ ਕਪੂਰਥਲਾ ਦੇ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਉੱਥੇ ਡਿਊਟੀ 'ਤੇ ਤਾਇਨਾਤ ਡਾਕਟਰ ਕਰਨਪ੍ਰੀਤ ਸਿੰਘ ਨੇ ਸਾਰਿਆਂ ਦਾ ਇਲਾਜ ਕੀਤਾ। ਹਾਲਾਂਕਿ ਇਲਾਜ ਦੌਰਾਨ ਇਕ ਕੁੜੀ ਦੀ ਮੌਤ ਹੋ ਗਈ। ਬਾਕੀ ਤਿੰਨਾਂ ਦੀ ਗੰਭੀਰ ਹਾਲਤ ਨੂੰ ਵੇਖਦੇ ਹੋਏ ਡਾਕਟਰ ਨੇ ਮੁੱਢਲਾ ਇਲਾਜ ਕਰਨ ਤੋਂ ਬਾਅਦ ਉਨ੍ਹਾਂ ਨੂੰ ਅੰਮ੍ਰਿਤਸਰ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਹੈ। ਸਬੰਧਤ ਪੁਲਸ ਥਾਣੇ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ। ਸਟੇਸ਼ਨ ਹਾਊਸ ਅਫ਼ਸਰ (ਐੱਸ. ਐੱਚ. ਓ) ਰਣਜੀਤ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

### 6750 ਐੱਮ. ਐੱਲ. ਨਾਜਾਇਜ਼ ਸ਼ਰਾਬ ਸਮੇਤ ਔਰਤ ਕਾਬੂ

ਗੁਰਦਾਸਪੁਰ 31 ਜੁਲਾਈ। ਥਾਣਾ ਸਦਰ ਗੁਰਦਾਸਪੁਰ ਦੀ ਪੁਲਸ ਨੇ ਇਕ ਔਰਤ ਨੂੰ 6750 ਐੱਮ. ਐੱਲ. ਨਾਜਾਇਜ਼ ਸ਼ਰਾਬ ਸਮੇਤ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਸ਼ਮਸ਼ਾਨਘਾਟ ਜੋੜਾ ਛੱਤਰਾਂ ਕੋਲੋਂ ਸ਼ੱਕ ਦੇ ਆਧਾਰ 'ਤੇ ਇਕ ਔਰਤ ਨੂੰ ਰੋਕ ਕੇ ਜਦੋਂ ਚੈਕਿੰਗ ਕੀਤੀ, ਤਾਂ ਉਸ ਦੇ ਕਬਜ਼ੇ 'ਚੋਂ 6750 ਐੱਮ.ਐੱਲ. ਨਾਜਾਇਜ਼ ਸ਼ਰਾਬ ਬਰਾਮਦ ਹੋਈ। ਮੁਲਜ਼ਮ ਔਰਤ ਦੀ ਪਛਾਣ ਪੂਜਾ ਵਾਸੀ ਜੱਡ ਕੋਟਲੀ (ਹਾਲ ਵਾਸੀ ਜੋੜਾ ਛੱਤਰਾਂ) ਵਜੋਂ ਹੋਈ ਹੈ।

## ਪਤਨੀ ਦਾ ਕਤਲ ਕਰ ਕੇ ਮਾਂਗ 'ਚ ਭਰਿਆ ਸਿੰਧੂਰ, ਫਿਰ ਫਾਹਾ ਲੈ ਕੇ ਦਿੱਤੀ ਜਾਨ

ਕਾਨਪੁਰ 31 ਜੁਲਾਈ। ਕਾਨਪੁਰ ਤੋਂ ਇਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਲਵ ਮੈਰਿਜ ਦੇ 3 ਮਹੀਨਿਆਂ ਦੇ ਅੰਦਰ ਹੀ ਪਤੀ-ਪਤਨੀ ਦੀ ਮੌਤ ਹੋ ਗਈ। ਅਸਲ ਵਿਚ, ਕਿਰਾਏ ਦੇ ਕਮਰੇ ਵਿਚ ਪਤੀ ਨੇ ਦੁਪੱਟੇ ਨਾਲ ਗਲਾ ਘੁੱਟ ਕੇ ਪਤਨੀ ਦਾ ਕਤਲ ਕਰ ਦਿੱਤਾ। ਫਿਰ ਮਾਂਗ ਵਿਚ ਸਿੰਧੂਰ ਭਰ ਕੇ ਖ਼ੁਦ ਵੀ ਫਾਹੇ ਨਾਲ ਲਟਕ ਗਿਆ। ਰਿਸ਼ਤੇ ਵਿਚ ਦੋਵੇਂ ਚਚੇਰੇ ਭੈਣ-ਭਰਾ ਲੱਗਦੇ ਸਨ। ਦੋਹਾਂ ਨੇ ਪਰਿਵਾਰ ਦੇ ਖ਼?ਲਾਫ ਜਾ ਕੇ ਵਿਆਹ ਕੀਤਾ ਸੀ। ਪੁਲਸ ਅਨੁਸਾਰ, ਸ਼ੁਰੂਆਤੀ ਜਾਂਚ ਵਿਚ ਪਤੀ ਵੱਲੋਂ ਪਤਨੀ ਦਾ ਗਲਾ ਘੁੱਟ ਕੇ ਕਤਲ ਕਰਨ ਤੋਂ ਬਾਅਦ ਫਾਹੇ ਨਾਲ ਲਟਕ ਕੇ ਖ਼ੁਦਕੁਸ਼ੀ ਕਰਨ ਦਾ ਖ਼ਦਸ਼ਾ ਹੈ। ਦੋਹਾਂ ਨੇ ਲੱਗਭਗ 3 ਮਹੀਨੇ ਪਹਿਲਾਂ ਪਰਿਵਾਰ ਦੀ ਮਰਜ਼ੀ ਦੇ ਵਿਰੁੱਧ ਵਿਆਹ ਕੀਤਾ ਸੀ। ਪੁਲਸ ਨੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਦੇ ਮੁਤਾਬਕ, ਸਚੈਂਡੀ ਖੇਤਰ ਦੇ ਰਹਿਣ ਵਾਲੇ ਸੌਰਭ ਸਵਿਤਾ ਉਰਫ਼ ਟੋਨੀ (22) ਅਤੇ ਰਾਣੀ ਉਰਫ਼ ਸ਼ਾਲਿਨੀ (18) ਵਿਚਾਲੇ ਲੰਬੇ ਸਮੇਂ ਤੋਂ ਪ੍ਰੇਮ ਸਬੰਧ ਸਨ। ਦੋਹਾਂ ਨੇ 1 ਅਪ੍ਰੈਲ ਨੂੰ ਲਵ ਮੈਰਿਜ ਕਰਵਾਈ ਸੀ ਅਤੇ ਹਾਲ ਹੀ ਵਿਚ ਦਿੱਲੀ ਤੋਂ ਪਰਤ ਕੇ ਬੱਰਾ-7 ਵਿਚ ਕਿਰਾਏ ਦੇ ਕਮਰੇ ਵਿਚ ਰਹਿਣ ਲੱਗੇ ਸਨ। ਮੰਗਲਵਾਰ ਨੂੰ ਗੁਆਂਢੀਆਂ ਦੀ ਸੂਚਨਾ 'ਤੇ ਪੁਲਸ ਮੌਕੇ 'ਤੇ ਪਹੁੰਚੀ ਤਾਂ ਰਾਣੀ ਦੀ ਲਾਸ਼ ਕਮਰੇ ਵਿਚ ਪਈ ਮਿਲੀ, ਜਦਕਿ ਸੌਰਭ ਦੀ ਲਾਸ਼ ਪੱਖੇ ਨਾਲ ਲਟਕੀ ਹੋਈ ਸੀ। ਡੀ. ਸੀ. ਪੀ. ਸਾਊਥ ਨੇ ਦੱਸਿਆ ਕਿ ਪਹਿਲੀ ਨਜ਼ਰੇ ਪਤਨੀ ਦੇ ਕਤਲ ਤੋਂ ਬਾਅਦ ਖ਼ੁਦਕੁਸ਼ੀ ਦਾ ਮਾਮਲਾ ਪ੍ਰਤੀਤ ਹੁੰਦਾ ਹੈ। ਹਾਲਾਂਕਿ, ਘਟਨਾ ਦੇ ਅਸਲ ਕਾਰਨਾਂ ਦਾ ਪਤਾ ਪੋਸਟਮਾਰਟਮ ਰਿਪੋਰਟ ਅਤੇ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਚੱਲ ਸਕੇਗਾ।

# ਰਾਮਬਨ 'ਚ ਵੱਡਾ ਹਾਦਸਾ: ਅਮਰਨਾਥ ਯਾਤਰੀਆਂ ਦੇ 4 ਵਾਹਨ ਆਪਸ 'ਚ ਟਕਰਾਏ, 18 ਸ਼ਰਧਾਲੂ ਜ਼ਖ਼ਮੀ

**ਕੌਮੀ ਪਤ੍ਰਿਕਾ**

ਰਾਮਬਨ/ਜੰਮੂ 31 ਜੁਲਾਈ। ਜੰਮੂ-ਸ਼?ਰੀਨਗਰ ਰਾਸ਼ਟਰੀ ਰਾਜਮਾਰਗ 'ਤੇ ਚੰਦਰਕੋਟ ਦੇ ਲੰਗਰ ਪੁਆਇੰਟ ਨੇੜੇ ਅਮਰਨਾਥ ਯਾਤਰਾ ਦੇ ਕਾਫ਼ਲੇ ਵਿਚ ਸ਼ਾਮਲ 4 ਵਾਹਨਾਂ ਦੀ ਆਪਸੀ ਟੱਕਰ ਵਿਚ 18 ਸ਼ਰਧਾਲੂ ਜ਼ਖ਼ਮੀ ਹੋ ਗਏ। ਰਾਹਤ ਦੀ ਗੱਲ ਇਹ ਰਹੀ ਕਿ ਸਾਰੇ ਜ਼ਖ਼ਮੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ ਅਤੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਜਾਣਕਾਰੀ ਮੁਤਾਬਕ, ਹਾਦਸਾ ਉਸ ਵੇਲੇ ਵਾਪਰਿਆ ਜਦੋਂ ਪਹਿਲਗਾਮ ਜਾ ਰਹੇ ਯਾਤਰਾ ਕਾਫ਼ਲੇ ਵਿਚ ਸ਼ਾਮਲ ਐੱਸ. ਆਰ. ਟੀ. ਸੀ. ਬੱਸ (ਜੇ. ਕੇ-01, ਵਾਈ-1044) ਅੱਗੇ ਚੱਲ ਰਹੀ ਦੂਜੀ ਐੱਸ. ਆਰ. ਟੀ. ਸੀ. ਬੱਸ (ਜੇ. ਕੇ. -01, ਵਾਈ-1052) ਨਾਲ ਟਕਰਾ ਗਈ। ਟੱਕਰ ਤੋਂ ਬਾਅਦ ਦੂਜੀ ਬੱਸ ਅੱਗੇ ਚੱਲ ਰਹੀ ਨੈਕਸਾ ਐਕਸ. ਐੱਲ.-6 ਕਾਰ (ਜੇ. ਕੇ.-21, ਕੇ-8115) ਨਾਲ ਜਾ ਟਕਰਾਈ, ਜਿਸ ਤੋਂ ਬਾਅਦ ਕਾਰ ਨੇ ਸਾਹਮਣੇ ਚੱਲ ਰਹੀ ਨਿੱਜੀ ਬੱਸ (ਜੇ. ਕੇ.-02, ਸੀ. ਐੱਲ.-5499) ਨੂੰ ਟੱਕਰ ਮਾਰ ਦਿੱਤੀ। ਇਸ ਤਰ੍ਹਾਂ 4 ਵਾਹਨ ਇਕ-ਦੂਜੇ ਨਾਲ ਟਕਰਾ ਗਏ। ਜ਼ਖ਼ਮੀਆਂ ਵਿਚ ਹਰਸ਼ ਰਾਜਪੂਤ (23), ਵਿਸ਼ਾਲ ਗੁਪਤਾ (18), ਪੰਕਜ ਸੁਵੰਕਰ (23) ਨਿਵਾਸੀ ਕਾਨਪੁਰ (ਉੱਤਰ ਪ੍ਰਦੇਸ਼), ਸੁਹਾਸ ਜੀਵਨ ਮੋਵਾਡੇ (29) ਨਿਵਾਸੀ ਯਵਤਮਾਲ (ਮਹਾਰਾਸ਼ਟਰ), ਭਾਰਤ ਭੂਸ਼ਣ (45) ਨਿਵਾਸੀ ਗੰਗਾਨਗਰ (ਰਾਜਸਥਾਨ), ਵਿਨੋਦ ਕੁਮਾਰ (51) ਨਿਵਾਸੀ ਬੀਕਾਨੇਰ (ਰਾਜਸਥਾਨ), ਕਿਰਨ (48), ਸੀਮਾ ਰਾਣੀ (50), ਪਵਨ ਕੁਮਾਰ



(67) ਅਤੇ ਗੰਗਾ ਸਿਨ੍ਹਾ (41) ਸ਼ਾਮਲ ਹਨ। ਇਸ ਹਾਦਸੇ ਦੇ ਬਾਕੀ 8 ਜ਼ਖ਼ਮੀਆਂ ਦੀ ਪਛਾਣ ਅਜੇ ਨਹੀਂ ਹੋ ਸਕੀ ਹੈ। ਹਾਦਸੇ ਕਾਰਨ ਜੰਮੂ-ਸ਼?ਰੀਨਗਰ ਰਾਸ਼ਟਰੀ ਰਾਜਮਾਰਗ 'ਤੇ ਕੁਝ ਸਮੇਂ ਲਈ ਆਵਾਜਾਈ ਪ੍ਰਭਾਵਿਤ ਰਹੀ। ਪੁਲਸ ਨੇ ਮਾਮਲਾ ਦਰਜ ਕਰ ਕੇ ਹਾਦਸੇ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮੁੱਢਲੀ ਜਾਣਕਾਰੀ ਮੁਤਾਬਕ, ਇਕ ਬੱਸ ਦੇ ਬ੍ਰੇਕ ਫੇਲ ਹੋਣ ਕਾਰਨ ਇਹ ਹਾਦਸਾ ਵਾਪਰਿਆ, ਜਿਸ ਤੋਂ ਬਾਅਦ ਇਕ ਹੋਰ ਬੱਸ ਅਤੇ ਕਾਰ ਵੀ ਇਸ ਦੀ ਲਪੇਟ ਵਿਚ ਆ ਗਏ। ਉਨ੍ਹਾਂ ਦੱਸਿਆ ਕਿ ਤਿੰਨੋਂ ਵਾਹਨ ਕਸ਼ਮੀਰ ਜਾ ਰਹੇ ਤੀਰਥ ਯਾਤਰੀਆਂ ਦੇ ਕਾਫ਼ਲੇ ਦਾ ਹਿੱਸਾ ਸਨ ਅਤੇ ਹਾਦਸੇ ਵਿਚ ਸਾਰੇ ਵਾਹਨਾਂ ਨੂੰ ਨੁਕਸਾਨ ਪਹੁੰਚਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀਆਂ ਨੇ ਦੱਸਿਆ ਕਿ ਬਚਾਅ ਟੀਮ ਤੁਰੰਤ ਮੌਕੇ 'ਤੇ ਪਹੁੰਚ ਗਈਆਂ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਰਾਮਬਨ ਜ਼ਿਲ੍ਹਾ ਹਸਪਤਾਲ ਪਹੁੰਚਾਇਆ ਗਿਆ। ਰਾਮਬਨ ਜ਼ਿਲ੍ਹਾ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਸੁਦਰਸ਼ਨ ਸਿੰਘ ਕਟੋਚ ਨੇ ਦੱਸਿਆ ਕਿ 18 ਜ਼ਖ਼ਮੀਆਂ ਨੂੰ ਹਸਪਤਾਲ ਲਿਆਂਦਾ ਗਿਆ ਸੀ, ਜਿਨ੍ਹਾਂ ਨੂੰ ਮੁਢਲੀ ਸਹਾਇਤਾ (ਫ਼ਸਟ ਏਡ) ਤੋਂ ਬਾਅਦ ਛੁੱਟੀ ਦੇ ਦਿੱਤੀ ਗਈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਭਗਵੰਤ ਮਾਨ ਸਰਕਾਰ ਨੇ 'ਉੱਡਦਾ ਪੰਜਾਬ' ਨੂੰ 'ਪੜ੍ਹਦਾ ਪੰਜਾਬ' ਵਿੱਚ ਤਬਦੀਲ ਕੀਤਾ: ਹਰਜੋਤ ਸਿੰਘ ਬੈਂਸ

Contd........Front page

ਮੈਂ ਹਰ ਪੰਜਾਬੀ ਵਿਦਿਆਰਥੀ ਦੇ ਭਵਿੱਖ ਦੀ ਰਾਖੀ ਕਰਾਂਗਾ, ਭਾਵੇਂ ਸਾਡੇ ਵਿਰੁੱਧ ਕਿੰਨੀਆਂ ਵੀ ਸਾਜ਼ਿਸ਼ਾਂ ਰਚੀਆਂ ਜਾਣ। ਆਈ.ਜੀ.ਪੀ. ਜਗਦਲੇ ਨੇ ਕਿਹਾ ਮੈਂ ਇੱਕ ਗੱਲ ਬਿਲਕੁਲ ਸਪਸ਼ਟ ਕਰਨਾ ਚਾਹੁੰਦੀ ਹਾਂ ਕਿ ਇਹ ਪੇਪਰ ਲੀਕ ਹੋਣ ਦਾ ਮਾਮਲਾ ਨਹੀਂ ਹੈ। ਇਹ ਅੰਤਰ-ਰਾਜੀ ਸਬੰਧਾਂ ਵਾਲਾ ਇੱਕ ਸੰਗਠਿਤ ਅਤੇ ਤਕਨਾਲੋਜੀ-ਅਧਾਰਿਤ ਧੋਖਾਧੜੀ ਦਾ ਰੈਕੇਟ ਹੈ। ਉਨ੍ਹਾਂ ਅੱਗੇ ਕਿਹਾ,ਹੁਣ ਤੱਕ 10 ਹੈਂਡਲਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਗਲਤ ਢੰਗਾਂ ਦੀ ਵਰਤੋਂ ਕਰਨ ਵਾਲੇ 25 ਉਮੀਦਵਾਰਾਂ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਆਈ.ਜੀ.ਪੀ. ਨੇ ਦੱਸਿਆ ਕਿ ਇਸ ਰੈਕੇਟ ਵਿੱਚ ਹੁਣ ਤੱਕ 13 ਹੈਂਡਲਰਾਂ ਦੀ ਪਛਾਣ ਕੀਤੀ ਜਾ ਚੁੱਕੀ ਹੈ, ਜਿਨ੍ਹਾਂ ਵਿੱਚੋਂ ਅੱਠ ਹਰਿਆਣਾ ਅਤੇ ਰਾਜਸਥਾਨ ਦੇ ਹਨ, ਜਦੋਂ ਕਿ ਪੰਜ ਵਿਅਕਤੀ ਪੰਜਾਬ ਦੇ ਹਨ। ਜਗਦਲੇ ਨੇ ਅੱਗੇ ਦੱਸਿਆ 19 ਜੁਲਾਈ ਦੀ ਸਵੇਰ ਨੂੰ ਸਾਨੂੰ ਖ਼ਾਸ ਖ਼ੁਫ਼ੀਆ ਜਾਣਕਾਰੀ ਮਿਲੀ ਸੀ ਕਿ ਇੱਕ ਅੰਤਰ-ਰਾਜੀ ਗਿਰੋਹ ਫ਼ਰੀਦਕੋਟ ਵਿਖੇ ਬੀਐਚਯੂਐਚਐਸ ਫਾਰਮੇਸੀ ਪ੍ਰੀਖਿਆ ਦੌਰਾਨ ਨਕਲ ਕਰਵਾਉਣ ਲਈ ਐਡਵਾਂਸਡ ਵਾਇਰਲੈੱਸ ਅਤੇ ਬਲੂਟੁੱਥ ਡਿਵਾਈਸਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਡੇ ਮੁਖ਼ਬਰਾਂ ਨੇ ਉਨ੍ਹਾਂ ਦੇ ਟਿਕਾਣੇ ਦਾ ਪਤਾ ਲਗਾਇਆ ਤਾਂ ਉਹ ਸੁਸਾਇਟੀ ਨਗਰ, ਫ਼ਰੀਦਕੋਟ ਵਿਖੇ ਗੁਰਮੀਤ ਸਿੰਘ ਦਾ ਘਰ ਸੀ। ਪੁਲਿਸ ਨੂੰ ਪਤਾ ਲੱਗਾ ਕਿ ਉੱਥੇ ਇੱਕ ਪੂਰੀ ਤਰ੍ਹਾਂ ਕਾਰਜਸ਼ੀਲ ਆਰਜ਼ੀ ਕੰਟਰੋਲ ਰੂਮ ਬਣਿਆ ਹੋਇਆ ਸੀ, ਜੋ ਵਾਇਰਲੈੱਸ ਟ੍ਰਾਂਸਮੀਟਰਾਂ, ਮੋਡੀਫਾਈਡ ਮੋਬਾਈਲ ਫ਼ੋਨਾਂ ਅਤੇ ਜਵਾਬ ਲਿਖਵਾਉਣ ਲਈ ਤਿਆਰ ਬੈਠੀ ਹੈਂਡਲਰਾਂ ਦੀ ਇੱਕ ਸਮਰਪਿਤ ਟੀਮ ਨਾਲ ਲੈਸ ਸੀ। ਆਈ.ਜੀ.ਪੀ. ਨੇ ਅੱਗੇ ਦੱਸਿਆ,ਉਨ੍ਹਾਂ ਦਾ ਕੰਮ ਕਰਨ ਦਾ ਤਰੀਕਾ ਬਹੁਤ ਹੀ ਸਟੀਕ ਅਤੇ ਹੈਰਾਨ ਕਰਨ ਵਾਲਾ ਸੀ। ਭਿਵਾਨੀ ਦੇ ਰਹਿਣ ਵਾਲੇ ਇੱਕ ਉਮੀਦਵਾਰ ਨੇ ਪ੍ਰੀਖਿਆ ਸ਼ੁਰੂ ਹੁੰਦੇ ਹੀ ਪ੍ਰਸ਼ਨ ਪੱਤਰ ਨੂੰ ਸਕੈਨ ਕਰਨ ਲਈ ਇੱਕ ਜਾਸੂਸੀ ਕੈਮਰੇ ਦੀ ਵਰਤੋਂ ਕੀਤੀ। ਉਸਨੇ ਇਹ ਤਸਵੀਰਾਂ ਤੁਰੰਤ ਭਿਵਾਨੀ ਦੇ ਹੀ ਇੱਕ ਹੈਂਡਲਰ ਸਾਜਨ ਨੂੰ ਭੇਜੀਆਂ, ਜਿਸਨੇ ਪੇਪਰ ਹੱਲ ਕੀਤਾ। ਇਸ ਤੋਂ ਬਾਅਦ ਜਵਾਬ ਕੰਟਰੋਲ ਰੂਮ ਵਿੱਚ ਭੇਜੇ ਗਏ ਜਿੱਥੇ ਹੈਂਡਲਰ ਦੀਪਕ ਅਤੇ ਮਨਜੀਤ ਨੂੰ ਪ੍ਰੀਖਿਆ ਹਾਲ ਦੇ ਅੰਦਰ ਮੌਜੂਦ ਉਮੀਦਵਾਰਾਂ ਨੂੰ ਵਾਇਰਲੈੱਸ ਡਿਵਾਈਸਾਂ ਰਾਹੀਂ ਜਵਾਬ ਬੋਲ ਕੇ ਲਿਖਵਾਉਣ ਦਾ ਕੰਮ ਸੌਂਪਿਆ ਗਿਆ ਸੀ। ਇਸ ਤੋਂ ਪਹਿਲਾਂ ਕਿ ਉਹ ਆਪਣੀ ਯੋਜਨਾ ਨੂੰ ਅੰਜਾਮ ਦੇ ਸਕਦੇ, ਸਾਡੀਆਂ ਟੀਮਾਂ ਨੇ ਛਾਪਾ ਮਾਰ ਦਿੱਤਾ। ਅਸੀਂ ਕੰਟਰੋਲ ਰੂਮ 'ਤੇ ਛਾਪਾ ਮਾਰ ਕੇ ਸਾਰੇ ਛੇ ਹੈਂਡਲਰਾਂ ਨੂੰ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਆਈ.ਜੀ.ਪੀ. ਨੇ ਇਸ ਮੁਹਿੰਮ ਦੇ ਪੱਧਰ ਦਾ ਖ਼ੁਲਾਸਾ ਕਰਦਿਆਂ ਦੱਸਿਆ,ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿੱਚ 200 ਤੋਂ ਵੱਧ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ। ਅਸੀਂ ਤੁਰੰਤ ਸਾਰੇ ਪ੍ਰੀਖਿਆ ਸੁਪਰਵਾਈਜ਼ਰਾਂ, ਕੰਟਰੋਲਰਾਂ ਅਤੇ ਨਿਰੀਖਕਾਂ ਨੂੰ ਅਲਰਟ ਕਰ ਦਿੱਤਾ, ਜਿਨ੍ਹਾਂ ਨੇ ਉਮੀਦਵਾਰਾਂ ਦੀ ਚੰਗੀ ਤਰ੍ਹਾਂ ਜਾਂਚ ਕੀਤੀ। ਉਨ੍ਹਾਂ ਦੱਸਿਆ ਕਿ ਪੁਲਿਸ ਨੇ 38 ਮੋਡੀਫਾਈਡ ਕੇਚੈਂਡਾ ਫੋਨ ਬਰਾਮਦ ਕੀਤੇ, ਜਿਨ੍ਹਾਂ ਵਿੱਚੋਂ 25 ਉਮੀਦਵਾਰਾਂ ਦੇ ਅਤੇ 13 ਹੈਂਡਲਰਾਂ ਦੇ ਸਨ। ਇਸ ਤੋਂ ਇਲਾਵਾ 21 ਲੁਕੇ ਵਾਇਰਲੈੱਸ ਈਅਰਪੀਸ ਅਤੇ ਕਾਰਵਾਈ ਵਿੱਚ ਵਰਤੇ ਗਏ ਦੋ ਵਾਹਨ ਵੀ ਬਰਾਮਦ ਕੀਤੇ। ਉਨ੍ਹਾਂ ਦੱਸਿਆ, ਕੇਚੌਡਾ ਕੇ33 ਫ਼ੋਨ ਦਿੱਲੀ ਦੇ ਇੱਕ ਵਿਕਰੇਤਾ ਤੋਂ ਖ਼ਰੀਦੇ ਗਏ ਸਨ ਅਤੇ ਯੂਟਿਊਬ 'ਤੇ ਆਸਾਨੀ ਨਾਲ ਉਪਲਬਧ ਟਿਊਟੋਰੀਅਲਸ ਦੀ ਮਦਦ ਨਾਲ ਇਨ੍ਹਾਂ ਨੂੰ ਮੋਡੀਫਾਈ ਕੀਤਾ ਗਿਆ ਸੀ। ਇਨ੍ਹਾਂ ਡਿਵਾਈਸਾਂ ਦੇ ਗੈਰ-ਜ਼ਰੂਰੀ ਹਿੱਸੇ ਜਿਵੇਂ ਕਿ ਸਕ੍ਰੀਨ, ਮਾਈਕ੍ਰੋਫ਼ੋਨ ਅਤੇ ਸਪੀਕਰ ਹਟਾ ਦਿੱਤੇ ਗਏ ਸਨ ਅਤੇ ਇਨ੍ਹਾਂ ਵਿੱਚ ਆਰ ਐੱਫ. ਫ੍ਰੀਕੁਐਂਸੀ ਟ੍ਰਾਂਸਮੀਟਰ ਫਿੱਟ ਕੀਤੇ ਗਏ ਸਨ। ਉਨ੍ਹਾਂ ਅੱਗੇ ਦੱਸਿਆ, ਇਹ ਨੈੱਟਵਰਕ ਇੰਨਾ ਜ਼ਿਆਦਾ ਹਾਈ-ਟੈਕ ਸੀ ਕਿ ਇਹ ਹੀਡਨ ਈਅਰਪੀਸ ਇੰਨੇ ਛੋਟੇ ਹਨ ਕਿ ਇਹ ਕੰਨ ਦੀ ਨਲੀ ਦੇ ਬਹੁਤ ਅੰਦਰ ਤੱਕ ਫਿੱਟ ਹੋ ਸਕਦੇ ਹਨ ਅਤੇ ਸਰੀਰਕ ਜਾਂਚ ਦੌਰਾਨ ਵੀ ਨੰਗੀ ਅੱਖ ਨਾਲ ਦਿਖਾਈ ਨਹੀਂ ਦਿੰਦੇ। ਇੱਕ ਮਹੱਤਵਪੂਰਨ ਸਪਸ਼ਟੀਕਰਨ ਦਿੰਦਿਆਂ ਆਈ.ਜੀ.ਪੀ. ਜਗਦਲੇ ਨੇ ਦੱਸਿਆ ਕਿ ਜਾਂਚ ਵਿੱਚ ਕਿਸੇ ਵੀ ਪ੍ਰੀਖਿਆ ਸਟਾਫ਼, ਅਧਿਕਾਰੀਆਂ ਜਾਂ ਕੇਂਦਰ ਦੇ ਸੁਪਰਵਾਈਜ਼ਰਾਂ ਦੀ ਸ਼ਮੂਲੀਅਤ ਨਹੀਂ ਪਾਈ ਗਈ ਹੈ। ਉਨ੍ਹਾਂ ਅੱਗੇ ਦੱਸਿਆ,ਮੈਂ ਇਹ ਬਿਲਕੁਲ ਸਪਸ਼ਟ ਕਰਨਾ ਚਾਹੁੰਦੀ ਹਾਂ ਕਿ ਇਹ ਨਾ ਤਾਂ ਪੇਪਰ ਲੀਕ ਹੋਣ ਦਾ ਮਾਮਲਾ ਹੈ ਅਤੇ ਨਾ ਹੀ ਕਿਸੇ ਸਰਕਾਰੀ ਕਰਮਚਾਰੀ, ਅਧਿਕਾਰੀ ਜਾਂ ਪ੍ਰੀਖਿਆ ਕੇਂਦਰ ਦੇ ਸਟਾਫ਼ ਦੀ ਕੋਈ ਮਿਲੀਭੁਗਤ ਹੈ। ਸਾਡੀ ਜਾਂਚ ਨੇ ਇਹ ਸਾਬਤ ਕੀਤਾ ਹੈ ਕਿ ਇਹ ਨਕਲ ਕਰਵਾਉਣ ਵਾਲਾ ਗਿਰੋਹ ਪੂਰੀ ਤਰ੍ਹਾਂ ਬਾਹਰੋਂ ਕੰਮ ਕਰ ਰਿਹਾ ਸੀ ਅਤੇ ਉਮੀਦਵਾਰਾਂ ਜ਼ਰੀਏ ਕੰਮ ਕਰ ਰਿਹਾ ਸੀ। ਆਈ.ਜੀ.ਪੀ. ਨੇ ਪੁਸ਼ਟੀ ਕੀਤੀ ਹਾਲਾਂਕਿ ਇਸ ਕਾਰਵਾਈ ਨੇ ਗਿਰੋਹ ਨੂੰ ਇੱਕ ਵੱਡਾ ਝਟਕਾ ਦਿੱਤਾ ਹੈ, ਪਰ ਕਿ ਇਹ ਮੁਹਿੰਮ ਅਜੇ ਖ਼ਤਮ ਨਹੀਂ ਹੋਈ ਹੈ। ਉਨ੍ਹਾਂ ਨੇ ਦਾਅਵਾ ਕੀਤਾ,ਤਿੰਨ ਹੈਂਡਲਰ ਅਤੇ ਚਾਰ ਉਮੀਦਵਾਰ ਅਜੇ ਵੀ ਫ਼ਰਾਰ ਹਨ। ਸਾਡੀਆਂ ਟੀਮਾਂ ਹਰਿਆਣਾ, ਰਾਜਸਥਾਨ ਅਤੇ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਛਾਪੇਮਾਰੀ ਕਰ ਰਹੀਆਂ ਹਨ। ਅਸੀਂ ਉਦੋਂ ਤੱਕ ਚੈਨ ਨਾਲ ਨਹੀਂ ਬੈਠਾਂਗੇ ਜਦੋਂ ਤੱਕ ਇਸ ਸਾਜ਼ਿਸ਼ ਵਿੱਚ ਸ਼ਾਮਲ ਹਰੇਕ ਵਿਅਕਤੀ ਨੂੰ ਸਲਾਖਾਂ ਪਿੱਛੇ ਨਹੀਂ ਭੇਜ ਦਿੱਤਾ ਜਾਂਦਾ। ਆਈ.ਜੀ.ਪੀ. ਜਗਦਲੇ ਨੇ ਕਿਹਾ, ਪੰਜਾਬ ਪੁਲਿਸ ਦੀ ਅਪਰਾਧ, ਭ੍ਰਿਸ਼ਟਾਚਾਰ ਅਤੇ ਗ਼ਲਤ ਤਰੀਕਿਆਂ ਖ਼?ਲਾਫ਼ ਜ਼ੀਰੋ-ਟਾਲਰੈਂਸ ਨੀਤੀ ਹੈ ਅਤੇ ਇਸ ਤਹਿਤ ਅਸੀਂ ਸਾਡੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਖ਼?ਲਾਫ਼ ਇਸੇ ਤਰ੍ਹਾਂ ਦੀ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਸ਼ਾਹਪੁਰਕੰਡੀ ਬੈਰਾਜ ਦੇ 4 ਗੇਟ ਖੋਲ੍ਹੇ , 23 ਹਜ਼ਾਰ ਕਿਊਸਿਕ ਪਾਣੀ ਛੱਡਿਆ

ਪਠਾਨਕੋਟ 31 ਜੁਲਾਈ। ਪਹਾੜੀ ਖੇਤਰਾਂ ਵਿੱਚ ਪੈ ਰਹੀ ਲਗਾਤਾਰ ਭਾਰੀ ਵਰਖਾ ਕਾਰਨ ਰਣਜੀਤ ਸਾਗਰ ਡੈਮ ਅਤੇ ਰਾਵੀ ਦਰਿਆ ਦੇ ਪਾਣੀ ਦੇ ਪੱਧਰ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ। ਇਸ ਦੇ ਮੱਦੇਨਜ਼ਰ ਸ਼ਾਹਪੁਰਕੰਡੀ ਬੈਰਾਜ ਦੇ 52 ਗੇਟਾਂ ਵਿੱਚੋਂ 4 ਗੇਟ ਖੋਲ੍ਹ ਕੇ ਲਗਭਗ 23 ਹਜ਼ਾਰ ਕਿਊਸਿਕ ਪਾਣੀ ਛੱਡਿਆ ਗਿਆ ਹੈ। ਇਸ ਸਮੇਂ ਬੈਰਾਜ ਦੀ ਝੀਲ ਦਾ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਲਗਭਗ 2.40 ਮੀਟਰ ਹੇਠਾਂ ਦੱਸਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਪਹਾੜੀ ਇਲਾਕਿਆਂ ਵਿੱਚ ਹੋ ਰਹੀ ਬਾਰਿਸ਼ ਕਾਰਨ ਰਾਵੀ ਦਰਿਆ ਵਿੱਚ ਪਾਣੀ ਦੀ ਆਮਦ ਵਧੀ ਹੈ। ਪਾਣੀ ਦੇ ਵਧਦੇ ਪੱਧਰ ਨੂੰ ਦੇਖਦਿਆਂ ਸ਼ਾਹਪੁਰਕੰਡੀ ਬੈਰਾਜ ਦੇ ਚਾਰ ਗੇਟ ਖੋਲ੍ਹ ਗਏ ਹਨ, ਜਿਸ ਰਾਹੀਂ 23 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਬੈਰਾਜ ਦੇ ਗੇਟ ਖੋਲ੍ਹੇ ਜਾਣ ਤੋਂ ਬਾਅਦ ਪਾਣੀ ਤੇਜ਼ ਰਫ਼ਤਾਰ ਨਾਲ ਅੱਗੇ ਵਧਦਾ ਦਿਖਾਈ ਦੇ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਸ਼ਾਹਪੁਰਕੰਡੀ ਬੈਰਾਜ ਰਾਵੀ ਦਰਿਆ ਦੇ ਪਾਣੀ ਦੇ ਪ੍ਰਬੰਧਨ, ਸਿੰਚਾਈ ਅਤੇ ਬਿਜਲੀ ਉਤਪਾਦਨ ਦੇ ਪੱਖੋਂ ਮਹੱਤਵਪੂਰਨ ਪ੍ਰਾਜੈਕਟ ਹੈ। ਬੈਰਾਜ ਵਿੱਚ ਪਾਣੀ ਦੀ ਆਮਦ ਅਤੇ ਪੱਧਰ 'ਤੇ ਸਬੰਧਿਤ ਵਿਭਾਗਾਂ ਵੱਲੋਂ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਹੈ, ਤਾਂ ਜੋ ਪਾਣੀ ਦੀ ਸਥਿਤੀ ਅਨੁਸਾਰ ਲੋੜੀਂਦੇ ਗੇਟਾਂ ਦਾ ਸੰਚਾਲਨ ਕੀਤਾ ਜਾ ਸਕੇ। ਡੈਮ ਦੇ ਅਧਿਕਾਰੀਆਂ ਅਨੁਸਾਰ ਮੌਜੂਦਾ ਸਮੇਂ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਹੇਠਾਂ ਹੋਣ ਕਾਰਨ ਸਥਿਤੀ ਕਾਬੂ ਹੇਠ ਦੱਸੀ ਜਾ ਰਹੀ ਹੈ, ਪਰ ਪਹਾੜੀ ਖੇਤਰਾਂ ਵਿੱਚ ਜਾਰੀ ਵਰਖਾ ਦੇ ਮੱਦੇਨਜ਼ਰ ਅਧਿਕਾਰੀ ਪਾਣੀ ਦੀ ਆਮਦ 'ਤੇ ਪੂਰੀ ਨਜ਼ਰ ਰੱਖ ਰਹੇ ਹਨ।

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DIN-DAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

## ਉਤਰ ਰੇਲਵੇ

### ਖੁਲ੍ਹੀ ਨਿਵਿਦਾ ਸੂਚਨਾ

**ਪੱਤਰ ਨੰਬਰ: 128-ਡਬਲ੍ਯੂ/280/ਨਿਵਿਦਾ ਸੂਚਨਾ/26-27/ਡਬਲ੍ਯੂ-I (NIT-34-39) ਮਿਤੀ :-31.07.2026**

ਭਾਰਤ ਦ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਇੰਜੀਨੀਅਰ/ਫਸਟ ਉਤਰ ਰੇਲਵੇ, ਨਵੀਂ ਦਿੱਲੀ ਦੁਆਰਾ ਨਿਮਨ ਕੰਮ ਦੇ ਲਈ ਈ ਟੈਂਡਰ ਦੇ ਮਾਧਿਅਮ ਨਾਲ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ।

| | |
|---|---|
| ਕੰਮ ਦਾ ਨਾਮ | 1. SFDE ਸਹਾਇਕ ਮੰਡਲ ਇੰਜੀਨੀਅਰ/ਪਾਨੀਪਤ (ADEN/PNP) ਦੇ ਤਹਿਤ SSE/P.Way/SFDE ਅਨੁਭਾਗ/ਖੇਤਰਾਧਿਕਾਰ ਵਿਚ ਟ੍ਰੈਕ ਰਖਰਖਾਅ ਦੇ ਲਈ ਸਲਾਨਾ ਜੋਨ ਕੰਮ। |
| | 2. KUN- ਸਹਾਇਕ ਮੰਡਲ ਇੰਜੀਨੀਅਰ ਕਰਨਾਲ (ADEN/KUN) ਦੇ ਤਹਿਤ SSE/P.Way/KUN ਅਨੁਭਾਗ/ਖੇਤਰਾਧਿਕਾਰ ਵਿਚ ਟ੍ਰੈਕ ਰਖਰਖਾਅ ਦੇ ਲਈ ਸਲਾਨਾ ਜੋਨ ਕੰਮ। |
| | 3. KKDE- ਸਹਾਇਕ ਮੰਡਲ ਇੰਜੀਨੀਅਰ ਕਰਨਾਲ (ADEN/KUN) ਦੇ ਤਹਿਤ SSE/P.Way/KUN ਅਨੁਭਾਗ/ਖੇਤਰਾਧਿਕਾਰ ਵਿਚ ਟ੍ਰੈਕ ਰਖਰਖਾਅ ਦੇ ਲਈ ਸਲਾਨਾ ਜੋਨ ਕੰਮ। |
| | 4. SNP- ਸਹਾਇਕ ਮੰਡਲ ਇੰਜੀਨੀਅਰ ਕਰਨਾਲ (ADEN/PNP) ਦੇ ਤਹਿਤ SSE/P.Way/KUN ਅਨੁਭਾਗ/ਖੇਤਰਾਧਿਕਾਰ ਵਿਚ ਟ੍ਰੈਕ ਰਖਰਖਾਅ ਦੇ ਲਈ ਸਲਾਨਾ ਜੋਨ ਕੰਮ। |
| | 5. PNP- ਸਹਾਇਕ ਮੰਡਲ ਇੰਜੀਨੀਅਰ ਪਾਨੀਪਤ (ADEN/PNP) ਦੇ ਤਹਿਤ SSE/P.Way/KUN ਅਨੁਭਾਗ/ਖੇਤਰਾਧਿਕਾਰ ਵਿਚ ਟ੍ਰੈਕ ਰਖਰਖਾਅ ਦੇ ਲਈ ਸਲਾਨਾ ਜੋਨ ਕੰਮ। |
| | 6. KLE- ਸਹਾਇਕ ਮੰਡਲ ਇੰਜੀਨੀਅਰ ਪਾਨੀਪਤ (ADEN/KUN) ਦੇ ਤਹਿਤ SSE/P.Way/KUN ਅਨੁਭਾਗ/ਖੇਤਰਾਧਿਕਾਰ ਵਿਚ ਟ੍ਰੈਕ ਰਖਰਖਾਅ ਦੇ ਲਈ ਸਲਾਨਾ ਜੋਨ ਕੰਮ। |
| ਅੰਦਾਜਨ ਲਾਗਤ | 1. ₹ 74,99,982.24/- 2. ₹ 1,49,99,855.10/- 3. ₹ 1,49,99,963.01/- 4. ₹ 1,49,99,758.62/- 5. ₹ 1,49,99,474.05/- 6. ₹ 74,99,484.59/- |
| ਬਿਆਨਾ ਰਾਸ਼ੀ | 1. ₹ 1,50,000/- 2. ₹ 3,00,000/- 3. ₹ 3,00,000/- 4. ₹ 3,00,000/- 5. ₹ 3,00,000/- 6. ₹ 1,50,000/- |
| ਸਮਾਪਨ ਅਵਧੀ (1 ਤੋਂ 6) | 12 ਮਹੀਨੇ |
| ਈ-ਨਿਵਿਦਾ ਖੋਹਲਣ ਅਤੇ ਪੇਸ਼ ਕਰਨ ਦੇ ਲਈ ਮਿਤੀ ਅਤੇ ਸਮਾਂ | ਈ-ਨਿਵਿਦਾ ਭਰਨ ਦਾ ਸਮਾਂ 25.08.2026 ਨੂੰ 15.00 ਵਜੇ ਤਕ ਨਿਵਿਦਾ ਖੁਲਣ ਦਾ ਸਮਾਂ ਮਿਤੀ 25.08.2026 ਨੂੰ 15:00 ਵਜੇ ਦੇ ਬਾਅਦ। |
| ਨਿਵਿਦਾ ਦੀ ਵੈਬਸਾਈਟ ਜਿਥੋਂ ਨਿਵਿਦਾ ਫਾਰਮ ਖਰੀਦਿਆ ਜਾ ਸਕਦਾ ਹੈ। | www.ireps.gov.in ਉਤੇ ਉਪਲਬਧ ਹੈ |
| ਸਮਾਨ ਪ੍ਰਕਾਰ ਦੇ ਕੰਮ | 1 ਤੋਂ 6: ਕਿਸੇ ਵੀ ਪ੍ਰਕਾਰ ਦਾ ਟ੍ਰੈਕ ਕੰਮ। |

2645/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਬਿਜਲੀ ਇੰਜੀਨੀਅਰ ਕਰਸ਼ਨ ਚਲ ਸਟਾਕ, ਉਤਰ ਰੇਲਵੇ, ਦਿੱਲੀ ਮੰਡਲ, ਗਾਜੀਆਬਾਦ ਦੁਆਰਾ ਨਿਵਿਦਾ ਨੰਬਰ 230-TRS-GZB-2026-26-40 ਦੇ ਆਧਾਰ ਤੇ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ। ਵੇਰਵਾ ਹੇਠਾਂ ਅਨੁਸਾਰ ਹੈ।

| | | |
|---|---|---|
| 1. | **ਕੰਮ ਦਾ ਵੇਰਵਾ:** 'Overhauling of Co-Co type High adhesion bogies of WAP7/WAG9 Locomotives' at Electric Loco shed Ghaziabad. | |
| 2. | **ਕੰਮ ਦੀ ਅੰਦਾਜਨ ਲਾਗਤ:** | ₹ 82,19,817.28 |
| 3. | **ਬਿਆਨਾ ਰਾਸ਼ੀ:** | ₹ 1,64,400.00 |
| 4. | **ਨਿਵਿਦਾ ਬੋਲੀ ਪੇਸ਼ ਕਰਨ ਦੀ ਸਮਾਪਨ ਮਿਤੀ ਅਤੇ ਸਮਾਂ:** | 24—08—2026 (15:00 Hrs.) |
| 5. | **ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ:** | 24—08—2026 (After 15:00 Hrs.) |
| 6. | **ਵੈਬਸਾਈਟ ਵੇਰਵਾ ਜਿਥੇ ਨਿਵਿਦਾ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ:** | www.ireps.gov.in |

ਨੋਟ:
(i) ਨਿਵਿਦਾਕਰਤਾ ਨੂੰ ਈ-ਨਿਵਿਦਾ ਪ੍ਰਣਾਲੀ ਵਿਚ ਭਾਗ ਲੈਣ ਦੇ ਲਈ ਭਾਰਤੀਯ ਰੇਲਵੇ ਈ-ਪ੍ਰੋਕਯੋਰਮੇਂਟ ਪ੍ਰਣਾਲੀ (IREPS) ਸਾਈਟ ਯਾਨੀ www.ireps.gov.in 'ਤੇ ਰਜਿਸਟਰਡ ਹੋਣਾ ਚਾਹੀਦਾ।
(ii) ਸਾਰੇ ਨਿਯਮਾਂ ਅਤੇ ਸ਼ਰਤਾਂ ਦੇ ਲਈ ਕਿਰਪਾ ਨਿਵਿਦਾ ਦਸਤਾਵੇਜ ਦੇਖੋ।
(iii) ਕੋਈ ਮੈਨੂੰਅਲ ਪ੍ਰਸਤਾਵ ਸਵੀਕਾਰ ਨਹੀਂ ਹੈ।

**ਸੰਖਿਆ 230-TRS-GZB-2025-26-40 ਤਾਰੀਕ 30.07.26** 2650/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਬਿਜਲੀ ਇੰਜੀਨੀਅਰ ਕਰਸ਼ਨ ਚਲ ਸਟਾਕ, ਉਤਰ ਰੇਲਵੇ, ਦਿੱਲੀ ਮੰਡਲ, ਗਾਜੀਆਬਾਦ ਦੁਆਰਾ ਨਿਵਿਦਾ ਨੰਬਰ 230-TRS-GZB-2026-27-02 ਦੇ ਆਧਾਰ ਤੇ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ। ਵੇਰਵਾ ਹੇਠਾਂ ਅਨੁਸਾਰ ਹੈ।

| | | |
|---|---|---|
| 1. | **ਕੰਮ ਦਾ ਵੇਰਵਾ** | 'Repairing / Rehabilitation of driver seat assembly and Provision of seat for inspecting official in Electric locomotives at Electric Loco shed Ghaziabad. |
| 2. | **ਕੰਮ ਦੀ ਅੰਦਾਜਨ ਲਾਗਤ:** | ₹ 47,46,310.92 |
| 3. | **ਬਿਆਨਾ ਰਾਸ਼ੀ** | ₹ 94,900.00 |
| 4. | **ਨਿਵਿਦਾ ਬੋਲੀ ਪੇਸ਼ ਕਰਨ ਦੀ ਸਮਾਪਨ ਮਿਤੀ ਅਤੇ ਸਮਾਂ** | 24.08.2026 (15:00 Hrs.) |
| 5. | **ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ:** | 24.08.2026 (After 15:00 Hrs.) |
| 6. | **ਵੈਬਸਾਈਟ ਵੇਰਵਾ ਜਿਥੇ ਨਿਵਿਦਾ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ:** | www.ireps.gov.in |

**ਨੋਟ:** (i) ਨਿਵਿਦਾਕਰਤਾ ਨੂੰ ਈ-ਨਿਵਿਦਾ ਪ੍ਰਣਾਲੀ ਵਿਚ ਭਾਗ ਲੈਣ ਦੇ ਲਈ ਭਾਰਤੀਯ ਰੇਲਵੇ ਈ-ਪ੍ਰੋਕਯੋਰਮੇਂਟ ਪ੍ਰਣਾਲੀ (IREPS) ਸਾਈਟ ਯਾਨੀ www.ireps.gov.in 'ਤੇ ਰਜਿਸਟਰਡ ਹੋਣਾ ਚਾਹੀਦਾ। (ii) ਸਾਰੇ ਨਿਯਮਾਂ ਅਤੇ ਸ਼ਰਤਾਂ ਦੇ ਲਈ ਕਿਰਪਾ ਨਿਵਿਦਾ ਦਸਤਾਵੇਜ ਦੇਖੋ।(iii) ਕੋਈ ਮੈਨੂੰਅਲ ਪ੍ਰਸਤਾਵ ਸਵੀਕਾਰ ਨਹੀਂ ਹੈ।

**ਸੰਖਿਆ 230-TRS-GZB-2026-27-02 ਤਾਰੀਕ : 27.07.2026** **2649/2026**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਟਾਇਮ ਹੀ ਨਹੀਂ ਮਿਲ.ਦਾ...

ਅੱਜ ਜਦੋਂ ਅਸੀਂ ਕਿਸੇ ਨੂੰ ਮਿਲਦੇ ਹਾਂ ਤਾਂ ਅਕਸਰ ਜ਼ਿਆਦਾਤਰ ਲੋਕਾਂ ਕੋਲ ਇੱਕ ਹੀ ਗੱਲ ਸੁਣਨ ਨੂੰ ਮਿਲਦੀ ਹੈ ਕਿ ਸਾਨੂੰ ਤਾਂ ਟਾਇਮ ਹੀ ਨਹੀਂ ਮਿਲਦਾ। ਗੱਲ ਭਾਵੇਂ ਸਿਹਤ ਸੰਭਾਲ ਦੀ ਹੋਵੇ ਜਾਂ ਸਾਹਿਤ ਲਿਖਣ ਦੀ ਜਾਂ ਪੜ੍ਹਨ ਦੀ। ਅਸੀਂ ਬੜੀ ਆਸਾਨੀ ਦੇ ਨਾਲ ਸਮਾਂ ਨਾ ਹੋਣ ਦੀ ਗੱਲ ਕਹਿ ਕੇ ਟਾਲਾ ਵੱਟ ਲੈਂਦੇ ਹਾਂ। ਸੋਚਣ ਵਾਲੀ



ਗੱਲ ਇਹ ਹੈ ਕਿ ਸਾਡੇ ਸਾਰਿਆਂ ਦੇ ਕੋਲ 24 ਘੰਟੇ ਬਰਾਬਰ ਹੁੰਦੇ ਹਨ। ਇਹਨਾਂ 24 ਘੰਟਿਆਂ ਵਿੱਚੋਂ ਅਸੀਂ ਆਪਣੇ ਰੋਜ਼ਾਨਾ ਦੇ ਕੰਮ - ਧੰਦਿਆਂ ਤੋਂ ਇਲਾਵਾ ਬਾਕੀ ਬਚ ਰਹੇ ਰੋਜ਼ਾਨਾ ਸਮੇਂ ਨੂੰ ਕਿੰਝ , ਕਿੱਥੇ , ਕਿਵੇਂ ਤੇ ਕਿਸ ਢੰਗ ਨਾਲ ਖਰਚ ਕਰਦੇ ਹਾਂ ? ਬੱਸ ਇਹੋ ਬਹੁਤ ਵੱਡੀ ਸੋਚਣ ਵਾਲੀ ਗੱਲ ਹੈ। ਅਸੀਂ ਅਕਸਰ ਰੋਜ਼ਾਨਾ ਹੀ ਆਪਣਾ ਤਿੰਨ - ਚਾਰ ਘੰਟੇ ਦਾ ਬੇਸ਼ਕੀਮਤੀ ਸਮਾਂ ਬਿਨਾਂ ਵਜਾਹ ਮੋਬਾਇਲ - ਫੋਨਾਂ , ਟੈਲੀਵਿਜ਼ਨ ਦੇਖਣ , ਗੱਪਾਂ ਮਾਰਨ , ਸੁਸਤੀ ਤੇ ਆਲਸ ਪਾਈ ਰੱਖਣ , ਇੱਧਰ - ਉੱਧਰ ਬੈਠਣ ਆਦਿ 'ਤੇ ਰੋਜ਼ਾਨਾ ਗੁਆ ਦਿੰਦੇ ਹਾਂ। ਇਸ ਸਮੇਂ ਦੀ ਰੋਜ਼ਾਨਾ ਹੁੰਦੀ ਵਿਅਰਥਤਾ ਬਾਰੇ ਅਕਸਰ ਅਸੀਂ ਕਦੇ ਗੰਭੀਰਤਾ ਨਾਲ ਨਹੀਂ ਸੋਚਦੇ , ਪਰ ਇਹ ਇੱਕ ਬਹੁਤ ਗੰਭੀਰ ਵਿਸ਼ਾ ਹੈ। ਸਾਨੂੰ ਇਹ ਵੀ ਭਲੀ - ਭਾਂਤ ਪਤਾ ਹੈ ਕਿ ਸਮਾਂ ਕਦੇ ਵੀ ਖਰੀਦਿਆ , ਰੋਕਿਆ ਤੇ ਇੱਕ ਥਾਂ ਸਥਿਰ ਨਹੀਂ ਕੀਤਾ ਜਾ ਸਕਦਾ।ਇਸੇ ਲਈ ਸਮੇਂ ਨੂੰ ਬੇਸ਼ਕੀਮਤੀ ਅਤੇ ਅਨਮੋਲ ਕਿਹਾ ਗਿਆ ਹੈ। ਹੁਣ ਸੋਚਣ ਤੇ ਸਮਝਣ ਵਾਲੀ ਗੱਲ ਹੈ ਕਿ ਇਸ ਤਰ੍ਹਾਂ ਰੋਜ਼ਾਨਾ ਦੋ ਤੋਂ ਚਾਰ ਘੰਟੇ ਵਿਅਰਥ ਗਵਾਉਣ ਲਈ ਤਾਂ ਸਾਡੇ ਕੋਲ ਸਮਾਂ ਉਪਲੱਬਧ ਹੁੰਦਾ ਹੈ , ਪ੍ਰੰਤੂ ਆਪਣੀ ਸਿਹਤ ਦੀ ਸੰਭਾਲ ਲਈ ਚੰਗਾ ਸਾਹਿਤ ਤੇ ਚੰਗੀਆਂ ਪ੍ਰੇਰਨਾਦਾਇਕ ਪੁਸਤਕਾਂ ਪੜ੍ਹਨ ਲਈ , ਕੁਝ ਨਵਾਂ ਸਿੱਖਣ ਲਈ , ਸਮਾਜ ਦੀ ਭਲਾਈ ਕਰਨ ਹਿੱਤ, ਕੁਝ ਚੰਗਾ ਲਿਖਣ ਜਾਂ ਘਰ - ਪਰਿਵਾਰ ਵਿੱਚ ਬੈਠਣ ਲਈ ਸਾਡੇ ਕੋਲ ਸਮਾਂ ਕਿਉਂ ਨਹੀਂ ਹੁੰਦਾ ? ਫ਼ਿਰ ਇਹ ਕਹਿਣਾ ਬਣਦਾ ਹੈ ਕਿ ਸਮਾਂ ਸਾਡੇ ਸਭ ਦੇ ਕੋਲ ਬਰਾਬਰ ਹੁੰਦਾ ਹੈ , ਪ੍ਰੰਤੂ ਸਾਡੇ ਵਲੋਂ ਸਮੇਂ ਦੀ ਸੁਚੱਜੀ ਵੰਡ ਨਾ ਕਰਨ ਕਰਕੇ ਤੇ ਸਮੇਂ ਅਨੁਸਾਰ ਕੰਮਾਂ ਦੀ ਯੋਜਨਾਬੰਦੀ ਦੀ ਘਾਟ ਕਰਕੇ ਅਸੀਂ ਆਪਣੇ ਬੇਸ਼ਕੀਮਤੀ 24 ਘੰਟਿਆਂ ਵਿੱਚੋਂ ਘੱਟ ਤੋਂ ਘੱਟ ਦੋ - ਤਿੰਨ ਘੰਟੇ ਬੇਲੋੜੇ ਕੰਮਾਂ - ਕਾਰਾਂ 'ਤੇ ਅਜਾਈਂ ਹੀ ਗਵਾ ਦਿੰਦੇ ਹਾਂ। ਜੇਕਰ ਅਸੀਂ ਦੋ - ਤਿੰਨ ਘੰਟਿਆਂ ਦੇ ਰੋਜ਼ਾਨਾ ਦੇ ਬਹੁਤ ਕੀਮਤੀ ਸਮੇਂ ਨੂੰ ਵਿਅਰਥ ਗਵਾਉਣ ਤੋਂ ਸੰਭਾਲ ਲਈਏ ਤਾਂ ਅਸੀਂ ਮਹੀਨੇ ਵਿੱਚ ਲਗਭਗ 90 ਘੰਟੇ ਅਤੇ ਸਾਲ ਵਿੱਚ ਤਕਰੀਬਨ 1100 ਘੰਟੇ ਬਚਾ ਸਕਦੇ ਹਾਂ ਅਤੇ ਇਸ ਸਮੇਂ ਦੌਰਾਨ ਕੁਝ ਚੰਗਾ ਤੇ ਨਵਾਂ ਸਿੱਖ ਸਕਦੇ ਹਾਂ , ਪੜ੍ਹ ਸਕਦੇ ਹਾਂ , ਕੁੱਝ ਨਵਾਂ ਕੰਮ ਕਰ ਸਕਦੇ ਜਾਂ ਆਪਣਾ ਕੋਈ ਸ਼ੌਕ ਪੂਰਾ ਕਰ ਸਕਦੇ ਹਾਂ। ਅਸੀਂ ਆਪਣਾ ਕੁਝ ਸਮਾਂ ਆਪਣੇ ਸਮਾਜ ਅਤੇ ਦੇਸ਼ ਦੀ ਭਲਾਈ , ਵਾਤਾਵਰਨ ਤੇ ਜੀਵ-ਜੰਤੂਆਂ ਦੀ ਭਲਾਈ ਲਈ ਵੀ ਸਮਰਪਿਤ ਕਰ ਸਕਦੇ ਹਾਂ। ਇਹ ਗੱਲ ਭਾਵੇਂ ਹੈ ਛੋਟੀ ਜਿਹੀ ; ਪਰ ਹੈ ਬਹੁਤ ਗੰਭੀਰ ਅਤੇ ਸਮਝਣ ਤੇ ਅਪਣਾਉਣ ਵਾਲੀ। ਇਸ ਤੋਂ ਇਲਾਵਾ ਸਾਨੂੰ ਆਪਣੇ ਰੋਜ਼ਾਨਾ ਦੇ ਕੰਮਕਾਰਾਂ ਦੀ ਸਮੇਂ ਦੀ ਵੰਡ ਅਨੁਸਾਰ ਸੂਚੀ ਬਣਾ ਲੈਣੀ ਚਾਹੀਦੀ ਹੈ ਤਾਂ ਜੋ ਰੋਜ਼ਾਨਾ ਦੇ ਸਾਰੇ ਕੰਮਾਂ ਕਾਰਾਂ ਨੂੰ ਸਮਾਂ ਬੱਧ ਕਰਕੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ ਅਤੇ ਸਮੇਂ ਦੀ ਵਿਅਰਥਤਾ ਨੂੰ ਰੋਕਿਆ ਜਾ ਸਕੇ। ਇਹ ਗੱਲ ਭਾਵੇਂ ਦੇਖਣ ਨੂੰ ਬਹੁਤ ਛੋਟੀ ਜਿਹੀ ਲੱਗਦੀ ਹੈ , ਪਰ ਇਸ ਦੇ ਨਤੀਜੇ ਬਹੁਤ ਚੰਗੇ ਸਾਰਥਕ , ਦੂਰਗਾਮੀ , ਹੈਰਾਨੀਜਨਕ , ਪ੍ਰਭਾਵਸ਼ਾਲੀ ਅਤੇ ਜ਼ਿੰਦਗੀ ਵਿੱਚ ਬਹੁਤ ਵੱਡੀ ਤਬਦੀਲੀ ਤੇ ਕਰਾਂਤੀ ਲਿਆਉਣ ਵਾਲੇ ਹਨ। ਆਓ ! ਅੱਜ ਹੀ ਬੇਸ਼ਕੀਮਤੀ , ਅਨਮੋਲ ਤੇ ਕਦੇ ਵਾਪਸ ਨਾ ਆਉਣ ਵਾਲੇ ਅਤੇ ਕਦੇ ਵੀ ਖਰੀਦੇ ਨਾ ਜਾ ਸਕਣ ਵਾਲੇ ਸਮੇਂ ਨੂੰ ਧਿਆਨ ਨਾਲ ਅਤੇ ਸੰਕੋਚ ਨਾਲ ਖਰਚ ਕਰੀਏ ਤੇ ਇਸ ਦੀ ਰੋਜ਼ਾਨਾ ਬੱਚਤ ਕਰਕੇ ਉਸ ਬਚੇ ਹੋਏ ਸਮੇਂ ਨੂੰ ਸਾਰਥਕ ਢੰਗ ਨਾਲ ਬਤੀਤ ਕਰੀਏ ; ਕਿਉਂਕਿ ਸਮੇਂ ਦੀ ਬਹੁਤ ਧਿਆਨਪੂਰਵਕ , ਲੋੜ ਅਨੁਸਾਰ ਅਤੇ ਜਾਗਰੂਕ ਹੋ ਕੇ ਵਰਤੋਂ ਕਰਨ ਨਾਲ ਅਸੀਂ ਜੀਵਨ ਵਿੱਚ ਬਹੁਤ ਕੁਝ ਪ੍ਰਾਪਤ ਕਰ ਸਕਦੇ ਹਾਂ। ਆਓ ! ਸਮੇਂ ਦੀ ਰੋਜ਼ਾਨਾ ਹੋ ਰਹੀ ਵਿਅਰਥਤਾ ਬਾਰੇ ਅੱਜ ਤੋਂ ਅਤੇ ਹੁਣ ਤੋਂ ਹੀ ਜਾਗਰੂਕ ਹੋ ਜਾਈਏ ਤਾਂ ਜੋ ਅਸੀਂ ਵੀ ਆਪਣੇ ਜੀਵਨ ਨੂੰ ਸਫਲਤਾ ਤੇ ਹੋਰ ਉਚਾਈਆਂ ਵੱਲ ਲੈ ਜਾ ਸਕੀਏ।

**ਰਜਨੀ ਧਰਮਾਣੀ**

# ਖਿੰਡਾਵਾਂ ਦੇ ਦੌਰ 'ਚ ਸਫ਼ਲਤਾ ਦਾ ਸਫ਼ਰ





**ਡਾ.ਗੁਰਤੇਜ ਸਿੰਘ**
:95173-96001

ਜ਼ਿੰਦਗੀ ਇੱਕ ਸਫ਼ਰ ਹੈ ਹਰ ਜੀਵਿਤ ਮਨੁੱਖ ਇਸਦਾ ਹਿੱਸਾ ਹੈ।ਇਸ ਦਾ ਆਗਾਜ਼ ਜਨਮ ਦੇ ਨਾਲ ਹੁੰਦਾ ਹੈ ਅਤੇ ਅੱਖਾਂ ਮੀਟਣ ਤੱਕ ਪ੍ਰਤੱਖ ਰੂਪ 'ਚ ਸੰਸਾਰ ਅੰਦਰ ਨਸ਼ਰ ਹੁੰਦਾ ਹੈ।ਸਫ਼ਰ ਅਤੇ ਟਹਿਲਣ ਵਿੱਚ ਇੰਨਾ ਕੁ ਹੀ ਫ਼ਰਕ ਹੈ, ਸਫ਼ਰ ਸਮੇ ਮਨੁੱਖ ਪੂਖ਼ਤਾ ਤਿਆਰੀ ਕਰਕੇ ਘਰੋਂ ਨਿੱਕਲਦਾ ਹੈ, ਟਹਿਲਣ ਸਮੇ ਇਹ ਸਭ ਜ਼ਰੂਰੀ ਨਹੀ ਹੁੰਦਾ।ਚਹਿਲ ਕਦਮੀ ਕਦਮਾਂ ਨੂੰ ਤਾਂ ਚਾਹੇ ਤੰਦਰੁਸਤ ਬਣਾਉਣ ਦੇ ਸਮਰੱਥ ਹੁੰਦੀ ਹੀ ਹੈ, ਬਲਕਿਰਾਤ ਦਾ ਖਾਣਾ ਖਾ ਕੇ 100 ਕਦਮ ਚੱਲਣਾ ਪਾਚਨ ਤੰਤਰ ਨੂੰ ਵੀ ਸੁਧਾਰਦਾ ਹੈ ਪਰ ਵੱਖ ਵੱਖ ਜਗ੍ਹਾਵਾਂ ਦੀ ਯਾਤਰਾ ਮਨੁੱਖ ਦੇ ਗਿਆਨ ਨੂੰ ਅਸਮਾਨ ਦੀ ਉੱਚਾਈ ਦਿੰਦੀ ਹੈ, ਹੋਰਨਾਂ ਸੱਭਿਅਤਾਵਾਂ ਨੂੰ ਪਰਿਸਪਰ ਨੇੜਤਾ ਦਿੰਦੀ ਹੈ।ਦੋਵਾਂ ਹਾਲਾਤਾਂ ਵਿੱਚ ਸਰੀਰ ਅਤੇ ਮਨ ਨੂੰ ਉਸ ਦੀ ਲੋੜੀਂਦੀ ਖ਼ੁਰਾਕ ਮਿਲਦੀ ਹੈ ਜੋ ਤੰਦਰੁਸਤ ਜੀਵਨ ਦਾ ਸਬੱਬ ਹੋ ਨਿੱਬੜਦੀ ਹੈ।ਜੀਵਨ ਅਗਾਂਹਵਧੂ ਸੋਚ ਦਾ ਨਾਮ ਹੈ ਪਿੱਛਖਿੱਚੂ ਸੋਚ ਦੇ ਲੋਕ ਇਸ ਨਾਂਅ ਨਾਲ ਅਕਸਰ ਹੀ ਨਿਆਂ ਨਹੀ ਕਰ ਪਾਉਂਦੇ ਜਿਸ ਦਾ ਨਤੀਜਾ ਜੀਵਨ ਅਤੇ ਸੰਸਾਰ ਪ੍ਰਤੀ ਉਦਾਸੀਨਤਾ ਤੇ ਆਖ਼ਰ ਖ਼ੁਦਕੁਸ਼ੀ।ਸਫ਼ਰ ਦੌਰਾਨ ਮਨੁੱਖ ਨੂੰ ਮੰਜ਼ਿਲ 'ਤੇ ਪੁੱਜਣ ਦਾ ਚਾਅ ਤੇ ਭੈਅ ਹੁੰਦਾ ਹੈ ਜਿਸ ਕਰਕੇ ਉਹ ਓਪਰੇ ਰਾਹਾਂ ਦੀ ਨਵੀਨਤਾ ਨੂੰ ਨਹੀ ਮਾਣਦਾ ਹੈ ਤੇ ਮੰਜ਼ਿਲ 'ਤੇ ਪੁੱਜ ਕੇ ਇਨ੍ਹਾਂ ਰਾਹਾਂ ਨੂੰ ਯਾਦ ਕਰਕੇ ਭਾਵੁਕ ਹੁੰਦਾ ਹੈ।ਖਿੰਡਾਵਾਂ, ਭਟਕਣ ਜਦੋਂ ਸਫ਼ਰ ਦੀ ਨੀਰਸਤਾ ਦਾ ਸਬੱਬ ਬਣ ਜਾਣ ਤਾਂ ਹਸੀਨ ਵਾਦੀਆਂ ਵੀ ਉਜਾੜ ਜਾਪਦੀਆਂ ਹਨ।

ਸਫ਼ਰ ਦੌਰਾਨ ਜਿਆਦਾ ਸਮਾਨ ਝੰਜਟ ਹੀ ਸਹੇੜਦਾ ਹੈ ਜਿਸ ਦੀ ਸਾਂਭ ਸੰਭਾਲ ਹਮੇਸ਼ਾਂ ਧਿਆਨ ਭਟਕਾਉਂਦੀ ਹੈ।ਇਸ ਨਾਜ਼ੁਕ ਦੌਰ 'ਚ ਹਰ ਕਿਸੇ ਤੋਂ ਮਦਦ ਦੀ ਉਮੀਦ ਨਾਂ ਰੱਖ ਕੇ ਇਕੱਲੇ ਸੋਚ ਵਿਚਾਰ ਕੇ ਸਾਹਸ ਨਾਲ ਤੁਰਨ ਦੀ ਆਦਤ ਪਾਉ, ਤੇਜ਼ ਚੱਲੋਗੇ।ਯਾਤਰਾ ਦੌਰਾਨ ਜਿਆਦਾ ਸਮਾਨ ਅਤੇ ਭੀੜ੍ਹ ਦੇ ਝੰਜਟ ਤੋਂ ਮੁਕਤ ਰਹੋਗੇ। ਅੰਗਰੇਜ਼ ਚੰਦ ਕੱਪੜਿਆਂ 'ਚ ਵਿਸ਼ਵ ਘੁੰਮ ਲੈਂਦੇ ਹਨ ਤੇ ਅਸੀ ਭੂਆ ਕੋਲ ਜਾਂਦੇ ਸਮੇ ਵੀ ਸਮਾਨ ਦੇ ਝੋਲ੍ਹੇ ਭਰ ਤੁਰਦੇ ਹਾਂ।

ਜ਼ਿੰਦਗੀ'ਚ ਅੱਗੇ ਵਧਣ ਲਈ ਕਈ ਵਾਰ ਆਸ-ਪਾਸ ਪਰ ਸਾਡੇ ਨਾਲ ਹੀ ਸਬੰਧਿਤ ਵਰਤਾਰਿਆਂ ਪ੍ਰਤੀ ਮੋਨ ਧਾਰਨਾ, ਅਣਗੌਲ਼ਿਆ ਕਰਨਾ ਲਾਜ਼ਮੀ ਹੋ ਜਾਂਦਾ ਹੈ, ਭਟਕਣ ਲੱਗਦਿਆਂ, ਧਿਆਨ ਭਟਕਦਿਆਂ ਹੀ ਰਸਤਾ ਹਾਸ਼ੀਏ 'ਚ ਤਬਦੀਲ ਹੋ ਜਾਂਦਾ ਹੈ।ਮੁੱਖ ਧਾਰਾ 'ਚ ਪਰਤਦੇ-ਪਰਤਦੇ ਬੜੀ ਦੇਰ ਹੋ ਜਾਂਦੀ ਹੈ।

ਪਿੱਛਲੱਗ ਲੋਕ ਅਜਿਹੇ ਵਰਤਾਰਿਆਂ ਦੇ ਅਕਸਰ ਸ਼ਿਕਾਰ ਹੋ ਜਾਂਦੇ ਹਨ ਤੇ ਸਫ਼ਰ ਦੀ ਰੌਚਕਤਾ ਦੇ ਖ਼ਾਤਮੇ ਦਾ ਸਬੱਬ ਹੋ ਨਿੱਬੜਦੇ ਹਨ।ਆਪਣਾ ਕਾਰਜ ਛੱਡ ਜੋ ਆਪਣੇ ਆਪ ਨੂੰ ਗਿਆਨਗੁਰੂ ਹੋਣ ਦਾ ਭਰਮ ਪਾਲ ਬੈਠਦੇ ਹਨ ਅਤੇ ਉਸ ਰਸਤੇ 'ਤੇ ਸਿਰਫ਼ ਟਹਿਲਣ ਆਏ ਲੋਕਾਂ ਨੂੰ ਆਪਣਾ ਹਮਸਫ਼ਰ ਸਮਝਣ ਦੀ ਭੁੱਲ ਕਰਦੇ ਹਨ,ਉਨ੍ਹਾਂ ਦਾ ਹਸ਼ਰ ਮਾੜਾ ਹੋਣੋ ਕੋਈ ਤਾਕਤ ਰੋਕ ਹੀ ਨਹੀ ਸਕਦੀ।

ਬਹੁਤ ਵਾਰ ਕਿਸੇ ਨੂੰ ਸਮਝਾਉਣ ਨਾਲੋਂ ਖੁਦ ਨੂੰ ਸਮਝਾਉਣ ਨਾਲ ਮੁਸ਼ਕਿਲਾਂ ਦੇ ਬਿਹਤਰ ਹੱਲ ਭਾਂਵੇ ਨਾ ਹੋਣ ਪਰ ਅੰਦਰੂਨੀ ਅਸ਼ਾਂਤੀ ਦਾ ਤੂਫਾਨ ਜ਼ਰੂਰ ਠੱਲ੍ਹ ਜਾਂਦਾ ਹੈ। ਖੁਦ ਨਾਲ ਬੈਠਣ ਦੀ ਆਦਤ ਸਵੈਤਸਦੀਕ ਦੇ ਰਾਹ ਤੋਰਦੀ ਹੈ ਤੇ ਰਾਤੀਂ ਸੌਣ ਤੋਂ ਪਹਿਲਾਂ ਬੀਤੇ ਦਿਨ ਦਾ ਕੀਤਾ ਗਿਆ ਵਿਸ਼ਲੇਸ਼ਣ ਤਜ਼ਰਬਾ ਬਣ ਕੇ ਮੁਸ਼ਕਿਲਾਂ ਦੇ ਹੱਲ 'ਚ ਸਹਾਈ ਸਿੱਧ ਹੁੰਦਾ ਹੈ। ਉਪਦੇਸ਼ਕ ਦੀ ਜਗ੍ਹਾ ਉਦਾਹਰਨ ਬਣੋ, ਸਿਰਫ ਸੋਚਣ, ਬੋਲਣ ਦੀ ਥਾਂ ਮਿੱਥੇ ਨਿਸ਼ਾਨੇ ਦਾ ਜੇਤੂ ਬਣਨ ਦੀ ਸਾਰਥਿਕ ਕੋਸ਼ਿਸ਼ ਕਰੋ। ਸੰਸਾਰ ਨੇ ਸਦਾ ਸਿਰਫ ਨਤੀਜਿਆਂ ਨੂੰ ਕਬੂਲਿਆ ਤੇ ਸਲਾਹਿਆ ਹੈ, ਸਫ਼ਰ ਦੌਰਾਨ ਆਈਆਂ ਅੜਚਣਾਂ ਤੇ ਕੋਸ਼ਿਸ਼ਾਂ ਨੂੰ ਤਾਂ ਹਰਗਿਜ਼ ਨਹੀ। ਸੀਮਤ ਸਾਧਨਾਂ ਦੇ ਬਾਵਜੂਦ ਜਿਸ ਕੋਲ ਚੁਣੌਤੀਆਂ ਨੂੰ ਸਵੀਕਾਰਨ ਦੀ ਸਮਰੱਥਾ ਹੈ, ਜੋਖ਼ਮ ਉਠਾਉਣ ਦਾ ਬਲ ਹੈ, ਨਿਰੰਤਰ ਮਿਹਨਤ ਕਰਨ ਦਾ ਨਿਸ਼ਚਾ ਹੈ। ਭਵਿੱਖ ਦੀ ਕੈਨਵਸ 'ਤੇ ਉਹ ਮਨੁੱਖ ਆਪਣੀ ਜਿੱਤ ਦੇ ਨਿਸ਼ਾਨ ਜ਼ਰੂਰ ਉਕੇਰਦਾ ਹੈ।

ਸਫ਼ਰ ਹਮੇਸ਼ਾਂ ਚੁਕੰਨੇ ਹੋ ਕੇ ਕੀਤੇ ਜਾਦੇ ਹਨ, ਕਰਨੇ ਲਾਜ਼ਮੀ ਵੀ ਹਨ ਤੇ ਅਜਿਹੇ ਸਮੇ ਚੌਕਸ ਰਹਿਣਾ ਜ਼ਰੂਰੀ ਹੁੰਦਾ ਹੈ।ਜਦ ਤੁਹਾਡੇ ਹਾਲਾਤ ਸੁਖ਼ਦ ਨਾਂ ਹੋਣ ਉੱਪਰੋਂ ਕੀਮਤੀ ਸਮਾਨ ਕੋਲ ਹੋਵੇ ਤਾਂ ਹਰ ਪਲ ਜਾਗਰੂਕ ਰਹਿਣਾ ਹੀ ਸਮਝਦਾਰ ਮਨੁੱਖ ਦੀ ਨਿਸ਼ਾਨੀ ਹੁੰਦੀ ਹੈ।ਉਹ ਹਰ ਕੰਮ,ਆਹਾਰ-ਵਿਹਾਰ,ਲੋਕ-ਲਾਜ, ਆਦਤ ਆਦਿ ਦਾ ਤਿਆਗ ਲਾਜ਼ਮੀ ਹੈ ਜੋ ਸਾਨੂੰ ਸਾਡੇ ਰਸਤੇ ਤੋਂ ਭਟਕਣ ਲਈ ਮਜਬੂਰ ਕਰਦੇ ਹਨ।ਇਹ ਕੰਮ ਸੌਖਾ ਨਹੀਂ ਹੈ ਪਰ ਨਾਮੁਮਕਿਨ ਤਾਂ ਹਰਗਿਜ਼ ਨਹੀ ਹੈ। ਭਟਕਣ ਅਤੇ ਖਿੰਡਾਵਾਂ ਤਰੱਕੀ ਦੇ ਰਾਹ 'ਚ ਅੜਿੱਕਾ ਹਨ, ਇਨ੍ਹਾਂ ਦੇ ਕਾਰਕਾਂ ਜਿਵੇਂ ਕਿ ਪੁਰਾਣੇ ਤੇ ਘਟੀਆ ਵਿਚਾਰ, ਅਸੰਤੁਲਿਤ ਆਹਾਰ ਵਿਹਾਰ, ਅਨੁਸ਼ਾਸ਼ਨਹੀਣਤਾ ਆਦਿ ਦਾ ਤਿਆਗ ਲਾਜ਼ਮੀ ਹੈ। ਇਹ ਤਿਆਗ ਸਫ਼ਲ ਲੋਕਾਂ ਦੇ ਜੀਵਨ ਦਾ ਅਹਿਮ ਅੰਗ ਹੁੰਦਾ ਹੈ। ਨਿਰੰਤਰ ਵਿਕਾਸ ਹਿਤ ਪੱਤਝੜ ਦੌਰਾਨ ਦਰੱਖਤ ਆਪਣੇ ਮਹੱਤਵਪੂਰਨ ਅੰਗ ਪੁਰਾਣੇ ਪੱਤਿਆਂ ਦਾ ਤਿਆਗ ਕਰਦੇ ਹਨ ਤੇ ਨਵੀਨਤਾ ਨਾਲ ਅਸਮਾਨ ਵੱਲ ਰੁਖ਼ ਕਰਦੇ ਹਨ।ਕਣਕ ਦੇ ਨਾਜ਼ੁਕ ਪੌਦੇ ਤੋਂ ਸਵਾਦੀ ਪਕਵਾਨ ਬਣਨ ਲਈ ਧੁੱਪਾਂ ਛਾਵਾਂ,

> **ਸਫ਼ਰ ਦੌਰਾਨ ਸੰਜਮ ਲਾਜ਼ਮੀ ਹੈ, ਚੰਗਾ ਕੰਮ ਕਰਦੇ ਦੇਖ ਕੰਮਚੋਰ ਲੋਕ ਜਲਨ ਮਹਿਸੂਸ ਕਰਦੇ ਹਨ ਤੇ ਕੁਝ ਲੋਕ ਧਿਆਨ ਭਟਕਾਉਣ ਲਈ ਸਦਾ ਤਤਪਰ ਰਹਿੰਦੇ ਹਨ। ਉਨ੍ਹਾਂ ਦੇ ਭੜਕਾਊ ਬੋਲ ਗੁੱਸੇ ਨੂੰ ਚਰਮ ਸੀਮਾ 'ਤੇ ਪਹੁੰਚਾਉਣ ਦੇ ਸਮਰੱਥ ਹੁੰਦੇ ਹਨ। ਸਵੈ ਅਨੁਸ਼ਾਸ਼ਿਤ ਸੂਝਵਾਨ ਮਨੁੱਖ ਆਪਣੇ ਗੁੱਸੇ ਨੂੰ ਵੀ ਪੂੰਜੀ ਦੀ ਤਰਾਂ ਸਾਂਭਦੇ, ਵਿਉਂਤਦੇ ਤੇ ਖਰਚਦੇ ਹਨ। ਇਸ ਖਜ਼ਾਨੇ ਦੀ ਚਾਬੀ ਉਨ੍ਹਾਂ ਦੇ ਕੰਨਾਂ ਦੀ ਬਜਾਇ ਦਿਮਾਗ ਕੋਲ ਹੁੰਦੀ ਹੈ।ਵੈਸੇ ਵੀ ਦਿਮਾਗ 'ਚ ਅਗਰ ਕੁਝ ਭਰਨਾ ਹੀ ਹੈ ਤਾਂ ਸਕਾਰਤਮਕ ਨਜ਼ਰੀਏ ਨਾਲ ਲਬਰੇਜ਼ ਵਿਚਾਰ ਕਿਉਂ ਨਾ ਭਰੇ ਜਾਣ, ਜੋ ਦੁਨੀਆਂ ਨੂੰ ਹੋਰ ਚੰਗੇਰੀ ਬਣਾਉਣ, ਕਿਸੇ ਲਈ ਪ੍ਰੇਰਣਾ ਦਾ ਸ੍ਰੋਤ ਤੇ ਮਾਰਗ ਦਰਸ਼ਨ ਦਾ ਸਬੱਬ ਬਣਨਾਹਰ ਮੰਜ਼ਿਲ ਦਾ ਕੋਈ ਨਾਇਕ ਜ਼ਰੂਰ ਹੁੰਦਾ ਹੈ ਜਿਸ ਤੋਂ ਪ੍ਰੇਰਣਾ ਲੈ ਕੇ ਸਫ਼ਰ ਨੂੰ ਮੁਕੰਮਲ ਕਰਨਾ ਹੁੰਦਾ ਹੈ।**

ਹੱ ਢ ਚੀਰਵੀਂ ਸਰਦੀ ਤੇ ਸਰੀਰ ਜਲਾਉਣ ਸਮਰੱਥ ਗਰਮੀ ਦਾ ਸਹਿਣ ਪੈਂਦਾ ਹੈ।ਮੌਕੇ ਦਾ ਸਹੀ ਇਸਤੇਮਾਲ ਹੀ ਸਫ਼ਲਤਾ ਦਾ ਸਬੱਬ ਹੋ ਨਿੱਬੜਦਾ ਹੈ। ਜੋ ਲੋਕ ਅਸਫ਼ਲ ਹੁੰਦੇ ਹਨ, ਕਈਆਂ ਨੂੰ ਮੌਕਾ ਨਹੀ ਮਿਲਦਾ। ਅਕਸਰ ਲੋਕਾਂ ਨੇ ਮਿਲੇ ਅਵਸਰ ਦਾ ਠੋਸ ਰਣਨੀਤੀ ਨਾਲ ਫਾਇਦਾ ਹੀ ਨਹੀ ਉਠਾਇਆ ਹੁੰਦਾ।

ਉਦੇਸ਼ ਹੌਸਲੇ ਨਾਲ ਮਿੱਥੇ ਜਾਂਦੇ ਹਨ, ਉੱਥੇ ਤੱਕ ਪਹੁੰਚਣ ਲਈ ਦ੍ਰਿੜ ਇੱਛਾ ਸ਼ਕਤੀ ਆਪਣਾ ਕਾਰਜ ਕਰਦੀ ਹੈ, ਜਦਕਿ ਇੱਛਾ ਦੀ ਪੂਰਤੀ ਹਿਤ ਸਿਰਫ ਕਾਮਨਾ ਕੀਤੀ ਜਾਂਦੀ ਹੈ ਜੋ ਅਧੂਰੀਆਂ ਸੱਧਰਾ ਦਾ ਸਬੱਬ ਹੋ ਨਿੱਬੜਦੀ ਹੈ।ਸੰਘਰਸ਼ ਸਮੇ ਇਨਸਾਨ ਧਰਤੀ ਨਾਲ ਜੁੜਿਆ ਹੁੰਦਾ ਹੈ ਤੇ ਸਫ਼ਲਤਾ ਉਸਨੂੰ ਅਸਮਾਨ ਦੇ ਸਫ਼ਰ 'ਤੇ ਲੈ ਜਾਂਦੀ ਹੈ।ਸੰਘਰਸ਼ ਇਨਸਾਨ ਦੀ ਖ਼ੁਦ ਨਾਲ ਜੰਗ ਹੁੰਦੀ ਹੈ ਤੇ ਇਸ 'ਚ ਜਿੱਤ ਹਾਰ ਉਸ ਦੁਆਰਾ ਕੀਤੇ ਕਰਮ 'ਤੇ ਨਿਰਭਰ ਹੁੰਦੀ ਹੈ।ਜੋ ਲੋਕ ਰੋਜ਼ਾਨਾ ਖ਼ੁਦ ਨੂੰ ਬੀਤੇ ਕੱਲ੍ਹ ਤੋਂ ਬਿਹਤਰ ਬਣਾਉਣ ਦੀ ਕੋਸ਼ਿਸ਼ 'ਚ ਜੁਟਦੇ ਹਨ ਉਨ੍ਹਾਂ ਦੇ ਸਫ਼ਰ ਦੀ ਕਾਮਯਾਬੀ ਨਿਸ਼ਚਿਤ ਮੰਨੀ ਜਾ ਸਕਦੀ ਹੈ ਜੋ ਲੋਕ ਸਵੈਪੜਚੋਲ ਦਾ ਪੱਲਾ ਨਹੀ ਫੜਦੇ ਉਨ੍ਹਾਂ ਦਾ ਭਟਕਣਾ ਤੈਅ ਹੀ ਹੁੰਦਾ ਹੈ।ਜ਼ਿੰਦਗੀ 'ਚ ਉੱਚੇ ਮੁਕਾਮ ਹਾਸਿਲ ਕਰਨ ਲਈ ਵਾਧੂ ਜ਼ੋਰ ਲਗਾਉਣ ਦੀ ਲੋੜ ਨਹੀ ਹੁੰਦੀ, ਬਲਕਿ ਸਹੀ ਦਿਸ਼ਾ ਵਿੱਚ ਨਿਰੰਤਰ ਮਿਹਨਤ ਕਰਨ ਦੀ ਜ਼ਰੂਰਤ ਹੁੰਦੀ ਹੈ। ਇਹੀ ਲਗਾਤਾਰਤਾ ਧੀਮੀ ਗਤੀ ਵਾਲੇ ਕੱਛੂ ਦੇ ਮਿੱਥੀ ਮੰਜ਼ਿਲ 'ਤੇ ਪੁੱਜਣ ਦਾ ਸਬੱਬ ਹੋ ਨਿੱਬੜਦੀ ਹੈ।ਸਫ਼ਲਤਾ ਸਫ਼ਲ ਲੋਕਾਂ ਦੁਅਤਾਰਾ ਚੁੱਕੇ ਵੱਡੇ ਜੋਖ਼ਮਾਂ, ਤਿਆਗ, ਸੰਘਰਸ਼ ਅਤੇ ਲੋਕਾਂ ਦੇ ਦਿੱਤੇ ਮਿਹਣਿਆਂ ਦਾ ਸੰਖੇਪ ਰੂਪ ਹੁੰਦੀ ਹੈ।

ਸਫ਼ਰ ਦੌਰਾਨ ਸੰਜਮ ਲਾਜ਼ਮੀ ਹੈ, ਚੰਗਾ ਕੰਮ ਕਰਦੇ ਦੇਖ ਕੰਮਚੋਰ ਲੋਕ ਜਲਨ ਮਹਿਸੂਸ ਕਰਦੇ ਹਨ ਤੇ ਕੁਝ ਲੋਕ ਧਿਆਨ ਭਟਕਾਉਣ ਲਈ ਸਦਾ ਤਤਪਰ ਰਹਿੰਦੇ ਹਨ। ਉਨ੍ਹਾਂ ਦੇ ਭੜਕਾਊ ਬੋਲ ਗੁੱਸੇ ਨੂੰ ਚਰਮ ਸੀਮਾ 'ਤੇ ਪਹੁੰਚਾਉਣ ਦੇ ਸਮਰੱਥ ਹੁੰਦੇ ਹਨ। ਸਵੈ ਅਨੁਸ਼ਾਸ਼ਿਤ ਸੂਝਵਾਨ ਮਨੁੱਖ ਆਪਣੇ ਗੁੱਸੇ ਨੂੰ ਵੀ ਪੂੰਜੀ ਦੀ ਤਰਾਂ ਸਾਂਭਦੇ, ਵਿਉਂਤਦੇ ਤੇ ਖਰਚਦੇ ਹਨ। ਇਸ ਖਜ਼ਾਨੇ ਦੀ ਚਾਬੀ ਉਨ੍ਹਾਂ ਦੇ ਕੰਨਾਂ ਦੀ ਬਜਾਇ ਦਿਮਾਗ ਕੋਲ ਹੁੰਦੀ ਹੈ।ਵੈਸੇ ਵੀ ਦਿਮਾਗ 'ਚ ਅਗਰ ਕੁਝ ਭਰਨਾ ਹੀ ਹੈ ਤਾਂ ਸਕਾਰਤਮਕ ਨਜ਼ਰੀਏ ਨਾਲ ਲਬਰੇਜ਼ ਵਿਚਾਰ ਕਿਉਂ ਨਾ ਭਰੇ ਜਾਣ, ਜੋ ਦੁਨੀਆਂ ਨੂੰ ਹੋਰ ਚੰਗੇਰੀ ਬਣਾਉਣ, ਕਿਸੇ ਲਈ ਪ੍ਰੇਰਣਾ ਦਾ ਸ੍ਰੋਤ ਤੇ ਮਾਰਗ ਦਰਸ਼ਨ ਦਾ ਸਬੱਬ ਬਣਨ।ਹਰ ਮੰਜ਼ਿਲ ਦਾ ਕੋਈ ਨਾਇਕ ਜ਼ਰੂਰ ਹੁੰਦਾ ਹੈ ਜਿਸ ਤੋਂ ਪ੍ਰੇਰਣਾ ਲੈ ਕੇ ਸਫ਼ਰ ਨੂੰ ਮੁਕੰਮਲ ਕਰਨਾ ਹੁੰਦਾ ਹੈ। ਹਰ ਸਮਿਆਂ ਵਿੱਚ ਜਵਾਨੀ ਦਾ ਕੋਈ ਨਾ ਕੋਈ ਨਾਇਕ ਜ਼ਰੂਰ ਰਿਹਾ ਹੁੰਦਾ ਹੈ ਜਿਸ ਦਾ ਪ੍ਰਭਾਵ ਨੌਜਵਾਨੀ ਦੀ ਦਸ਼ਾ ਤੇ ਦਿਸ਼ਾ ਮਿੱਥਦਾ ਹੈ। ਜਿਸ ਜਵਾਨੀ ਦਾ ਨਾਇਕ ਸੁਘੜ, ਦੂਰਦਰਸ਼ੀ, ਤੇ ਚੁਣੌਤੀਆਂ ਸਵੀਕਾਰਨ ਵਾਲੇ ਗੁਣਾਂ ਨਾਲ ਲਬਰੇਜ਼ ਹੋਵੇ, ਉਹ ਇਤਿਹਾਸ ਦੇ ਸਫ਼ਿਆ 'ਚ ਵਰਨਣਯੋਗ ਬਣ ਉੱਭਰੀ ਹੈ। ਸੰਸਾਰ 'ਚ ਹੁਨਰ, ਮਿਹਨਤ ਤੇ ਚੰਗੇ ਵਿਵਹਾਰ ਨੇ ਆਪਣਾ ਲੋਹਾ ਸਦਾ ਮਨਵਾਇਆ ਹੈ। ਇਹ ਕਾਰਜ ਚਾਹੇ ਹੌਲ਼ੀ-ਹੌਲ਼ੀ ਵਾਪਰਦਾ ਹੈ ਪਰ ਇਸ ਦਾ ਪ੍ਰਭਾਵ ਸਥਾਈ ਹੁੰਦਾ ਹੈ

।ਭਟਕਣਾ ਮਨੁੱਖੀ ਸੁਭਾਅ ਹੈ ਜਿਸ ਤੋਂ ਸ਼ਾਇਦ ਹੀ ਕੋਈ ਇਨਸਾਨ ਬਚ ਸਕਿਆ ਹੋਵੇ, ਜ਼ਿੰਦਗੀ ਦੇ ਕਿਸੇ ਮੋੜ 'ਤੇ ਭਟਕਣ ਦਾ ਕੋਈ ਸਬੱਬ ਸਾਰਿਆਂ ਨਾਲ ਲਾਜ਼ਮੀ ਜੁੜਦਾ ਹੈ।ਖਿੰਡਾਵਾਂ ਮਨ ਦੀ ਇਕਾਗਰਤਾ ਖਿੰਡਾਉਣ ਲਈ ਅਹਿਮ ਕਾਰਕ ਹੋ ਨਿੱਬੜਦੀਆਂ ਹਨ।ਇਹ ਹਰ ਦੌਰ 'ਚ ਮੌਜੂਦ ਹੁੰਦੀਆਂ ਹਨ ਤੇ ਹਰ ਮਨੁੱਖ ਇਨ੍ਹਾਂ ਦੇ ਸੰਪਰਕ ਵਿੱਚ ਲਾਜ਼ਮੀ ਆਉਂਦਾ ਹੈ।ਉਸ ਵੇਲੇ ਜ਼ਰੂਰਤ ਇਹ ਹੁੰਦੀ ਹੈ ਕਿ ਆਪਣੇ ਨਿਸ਼ਾਨੇ, ਹਾਲਾਤਾਂ ਨੂੰ ਸਨਮੁੱਖ ਰੱਖ ਕੇ ਆਪਣੀ ਮੰਜ਼ਿਲ ਵੱਲ ਵਧਦੇ ਜਾਣ ਦੀ, ਪੜ੍ਹਾਵਾਂ ਨੂੰ ਆਖ਼ਰੀ ਮੰਜ਼ਿਲ ਸਮਝਣ ਦੀ ਗੁਸਤਾਖ਼ੀ ਨਹੀ ਕਰਨੀ ਚਾਹੀਦੀ।ਬਲਕਿ ਪੜ੍ਹਾਅ ਅਤੇ ਮੰਜ਼ਿਲ ਦੇ ਫ਼ਰਕ ਨੂੰ ਉੱਚੀ ਅਵਸਥਾ ਦੇ ਪ੍ਰਭਾਵ ਅਤੇ ਜੀਵਨ ਜਾਚ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

# ਪੰਜਾਬੀ ਬੋਲੀ ਦਾ ਪਿਛੋਕੜ, ਭਵਿੱਖ ਅਤੇ ਚੁਣੌਤੀਆਂ

ਸ਼ਬਦਾਂ ਦੀ ਵੱਡੀ ਮਾਤਰਾ ਵਿੱਚ ਆਮ ਵਰਤੋਂ ਕੀਤੀ ਜਾਂਦੀ ਸੀ।

***

ਬੋਲੀ ਵਗਦੇ ਪਾਣੀ ਵਾਂਗ ਹੁੰਦੀ ਹੈ। ਜਦੋਂ ਤੱਕ ਬੋਲੀ ਲੋੜ ਅਨੁਸਾਰ ਹੋਰ ਬੋਲੀਆਂ ਦੇ ਸ਼ਬਦਾਂ ਨੂੰ ਜਜ਼ਬ ਕਰਨ ਦੇ ਸਮਰੱਥ ਰਹਿੰਦੀ ਹੈ ਉਦੋਂ ਤੱਕ ਬੋਲੀ ਜਿਉਂਦੀ ਰਹਿੰਦੀ ਹੈ। ਜਦੋਂ ਉਹ ਖੜ੍ਹੇ ਪਾਣੀ ਵਾਂਗ ਖੜੋਤ ਵਿੱਚ ਆ ਜਾਂਦੀ ਹੈ ਤਾਂ ਉਸ ਬੋਲੀ ਦੀ ਮੌਤ ਕੁਦਰਤੀ ਬਣ ਜਾਂਦੀ ਹੈ। ਪੰਜਾਬੀ ਵਿੱਚ ਅਸੀਂ ਕੁਝ ਕੁ ਦਹਾਕੇ ਪਹਿਲਾਂ ਹੀ ਘੜਾ, ਗਾਗਰ, ਚੱਪਣ, ਕਸੋਰਾ, ਬਠਲੀ ਵਰਗੇ ਸ਼ਬਦ ਵਰਤਦੇ ਸੀ ਕਿਉਂਕਿ ਇਹ ਚੀਜ਼ਾਂ ਪੰਜਾਬੀ ਰਸੋਈ ਦਾ ਹਿੱਸਾ ਹੁੰਦੀਆਂ ਸਨ। ਇਸੇ ਤਰ੍ਹਾਂ ਛੰਨਾ, ਬਾਟੀ, ਥਾਲੀ ਆਦਿ ਸ਼ਬਦ ਵੀ ਵਰਤੇ ਜਾਂਦੇ ਸਨ। ਹੁਣ ਇਹ ਚੀਜ਼ਾਂ ਪੰਜਾਬੀ ਰਸੋਈ ਵਿੱਚੋਂ ਅਲੋਪ ਹੋ ਗਈਆਂ ਹਨ। ਇਹ ਹੁਣ ਅੱਜ ਦੇ ਬੱਚਿਆਂ ਲਈ ਕੋਈ ਮਾਅਨੇ ਨਹੀਂ ਰੱਖਦੀਆਂ ਤੇ ਨਾ ਹੀ ਉਨ੍ਹਾਂ ਨੂੰ ਇਨ੍ਹਾਂ ਬਾਰੇ ਗਿਆਨ ਹੈ। ਇਹ ਸ਼ਬਦਕੋਸ਼ ਦਾ ਹਿੱਸਾ ਬਣ ਕੇ ਰਹਿ ਗਈਆਂ ਹਨ। ਇਨ੍ਹਾਂ ਦੀ ਥਾਂ ਗਲਾਸ, ਪਲੇਟ, ਗੈਸ, ਕੱਪ, ਮਾਈਕਰੋਵੇਵ ਆਦਿ ਸ਼ਬਦ ਪੰਜਾਬੀ ਨੇ ਜਜ਼ਬ ਕਰ ਲਏ ਹਨ। ਇਹ ਸਭ ਅੰਗਰੇਜ਼ੀ ਦੇ ਸ਼ਬਦ ਹਨ, ਪਰ ਆਮ ਲੋਕਾਂ ਨੂੰ ਇਹ ਪੰਜਾਬੀ ਦੇ ਹੀ ਲੱਗਦੇ ਹਨ। ਇਵੇਂ ਖੇਤੀ ਦੇ ਸੰਦ, ਗੱਡਾ, ਹਲ, ਪੰਜਾਲੀ ਆਦਿ ਵੀ ਅਲੋਪ ਹੋ ਗਏ ਹਨ ਜਾਂ ਹੋ ਰਹੇ ਹਨ। ਹੁਣ ਟਰੈਕਟਰ, ਟਰਾਲੀ (ਟਰੌਲੀ) ਵਰਗੇ ਸ਼ਬਦ ਵੀ ਲੋਕ ਬੋਲੀ ਦਾ ਹਿੱਸਾ ਬਣ ਗਏ ਹਨ। ਬੱਸ, ਕਾਰ, ਟਰੱਕ, ਮੋਟਰ ਸਾਈਕਲ, ਸਕੂਟਰ ਵਰਗੇ ਅਨੇਕਾਂ ਹੀ ਸ਼ਬਦ ਅੰਗਰੇਜ਼ੀ ਦੇ ਹੋਣ ਦੇ ਬਾਵਜੂਦ ਪੰਜਾਬੀ ਦੇ ਲੱਗਦੇ ਹਨ ਕਿਉਂਕਿ ਹਰ ਵਿਅਕਤੀ ਇਨ੍ਹਾਂ ਦੀ ਵਰਤੋਂ ਮਾਂ ਬੋਲੀ ਵਾਂਗ ਹੀ ਕਰਦਾ ਹੈ।

ਬਹੁਤ ਸਾਰੇ ਸ਼ਬਦਾਂ ਦਾ ਲੋਕ ਆਪਣੇ ਉਚਾਰਣ ਅਤੇ ਲਹਿਜੇ ਅਨੁਸਾਰ ਪੰਜਾਬੀਕਰਨ ਕਰ ਲੈਂਦੇ ਹਨ। ਟਰੌਲੀ ਨੂੰ ਟਰਾਲੀ, ਟਿਊਬਵੈਲ-ਟੂਬੈਲ, ਸਵਿਚ-ਸੁੱਚ, ਡਾਕਟਰ-ਡਾਕਦਾਰ, ਹੌਸਪੀਟਲ-ਹਸਪਤਾਲ ਵਰਗੇ ਅਨੇਕਾਂ ਸ਼ਬਦਾਂ ਦਾ ਲੋਕਾਂ ਨੇ ਪੰਜਾਬੀਕਰਨ ਕਰ ਲਿਆ ਹੈ। ਅੱਜਕੱਲ੍ਹ ਕੁਝ ਅਜਿਹੇ ਸ਼ਬਦ ਹਨ ਜੋ ਲੋਕਾਂ ਦੀ ਬੋਲੀ ਦਾ ਬਦਲਦੇ ਹਾਲਾਤ ਨਾਲ ਪੈਦਾ ਹੋਈਆਂ ਸਮੱਸਿਆਵਾਂ ਕਾਰਨ ਹੀ ਹਿੱਸਾ ਬਣ ਗਏ ਜਿਵੇਂ 'ਟੈਨਸ਼ਨ' ਸ਼ਬਦ ਆਮ ਵਰਤਿਆ ਜਾਂਦਾ ਹੈ। ਪ੍ਰਾਬਲਮ, ਪ੍ਰਾਪਰਟੀ ਤੇ ਕਿਸਾਨ ਅੰਦੋਲਨ ਨੇ ਕਾਰਪੋਰੇਟ ਵਰਗੇ ਸ਼ਬਦ ਲੋਕਾਂ ਦੇ ਮੂੰਹ ਚਾੜ੍ਹ ਦਿੱਤੇ ਹਨ। ਬਹੁਤ ਸਾਰੇ ਪੰਜਾਬੀ ਦੇ ਸ਼ਬਦ ਵੀ ਲੋਕਾਂ ਨੂੰ ਸਮਝ ਨਹੀਂ ਆ ਸਕਦੇ ਤੇ ਉਨ੍ਹਾਂ ਦੀ ਥਾਂ ਅੰਗਰੇਜ਼ੀ ਦੇ ਸ਼ਬਦ ਵਰਤਦੇ ਹਨ। ਡਾਕਟਰ ਸ਼ਬਦ ਹਰ ਕਿਸੇ ਨੂੰ ਸਮਝ ਆਉਂਦਾ ਹੈ। ਇਸ ਦੀ ਥਾਂ ਹਕੀਮ ਜਾਂ ਵੈਦ ਸ਼ਬਦ ਕਿਸੇ ਦੇਸੀ ਦਵਾਈਆਂ ਦੇ ਮਾਹਰ ਦਾ ਬਿੰਬ ਉਸਾਰਦਾ ਹੈ। ਚਕਿਤਸਕ ਸ਼ਬਦ ਨੂੰ ਸ਼ਾਇਦ ਪਿੰਡ ਦੇ 90 ਪ੍ਰਤੀਸ਼ਤ ਲੋਕ ਨਾ ਸਮਝਦੇ ਹੋਣ। ਇਵੇਂ ਸੋਸ਼ਲ ਮੀਡੀਆ ਸ਼ਬਦ ਲੋਕਾਂ ਨੂੰ ਸਮਝ ਆਉਂਦਾ ਹੈ ਤੇ ਇਸ ਨਾਲ ਜੁੜੀ ਸ਼ਬਦਾਵਲੀ ਵੀ। ਆਮ ਲੋਕ ਹੀ ਕਹਿੰਦੇ ਹਨ ਐੱਸਐੱਮਐੱਸ ਕਰ ਦੇ, ਲੋਕੇਸ਼ਨ ਭੇਜ ਦੇ। ਫੇਸ ਬੁੱਕ 'ਤੇ ਪੋਸਟ ਆਦਿ ਸ਼ਬਦਾਂ ਦਾ ਮਤਲਬ ਕਿਸੇ ਨੂੰ ਸਮਝਾਉਣ ਦੀ ਲੋੜ ਨਹੀਂ ਪੈਂਦੀ। ਇਹ ਉਨ੍ਹਾਂ ਨੂੰ ਅੰਗਰੇਜ਼ੀ ਦੇ ਸ਼ਬਦ ਹੋਣ ਦੇ ਬਾਵਜੂਦ ਪੰਜਾਬੀ ਦੇ ਹੀ ਲੱਗਦੇ ਹਨ ਤੇ ਨਾ ਹੀ ਉਹ ਸੋਚਦੇ ਹਨ ਕਿ ਇਹ ਕਿਸ ਭਾਸ਼ਾ ਦਾ ਸ਼ਬਦ ਹੈ।

ਬੋਲੀ ਨੂੰ ਲੋਕ ਬਣਾਉਂਦੇ ਹਨ ਤੇ ਸ਼ਬਦਾਂ ਦੀ ਵਰਤੋਂ ਦੀ ਚੋਣ ਵੀ ਉਹੀ ਕਰਦੇ ਹਨ। ਕੋਈ ਭਾਸ਼ਾ ਵਿਗਿਆਨੀ ਜਾਂ ਵਿਦਵਾਨਾਂ ਦੀ ਸ਼ਬਦ ਚੋਣ ਨੂੰ ਉਹ ਮਾਨਤਾ ਨਹੀਂ ਦਿੰਦੇ। ਕਈ ਲੋਕ ਕੁਝ ਕੁ ਪੰਜਾਬੀ ਦੇ ਸ਼ਬਦ ਲੱਭ ਕੇ ਉਨ੍ਹਾਂ ਦੀ ਵਰਤੋਂ ਕਰਕੇ ਆਪਣੇ ਆਪ ਨੂੰ ਪੰਜਾਬੀ ਦੇ ਸੇਵਕ ਹੋਣ ਦਾ ਭਰਮ ਪਾਲਦੇ ਹਨ, ਪਰ ਨਾਲ ਹੀ ਉਨ੍ਹਾਂ ਨੂੰ ਆਪਣੀ ਸ਼ਬਦ ਚੋਣ ਦਾ ਮਤਲਬ ਸਮਝਾਉਣ ਲਈ ਅੰਗਰੇਜ਼ੀ ਦੇ ਸ਼ਬਦਾਂ ਦੀ ਚੋਣ ਕਰਨੀ ਪੈਂਦੀ ਹੈ। ਸੋਚਣ ਵਾਲੀ ਗੱਲ ਹੈ ਕਿ ਜਿਹੜਾ ਸ਼ਬਦ ਲੋਕਾਂ ਨੂੰ ਸਮਝ ਨਾ ਆਵੇ ਕੀ ਉਹ ਉਨ੍ਹਾਂ ਦੀ ਬੋਲੀ ਦਾ ਸ਼ਬਦ ਹੈ ਜਾਂ ਜਿਹੜਾ ਆਮ ਲੋਕਾਂ ਨੂੰ ਸਮਝ ਆਵੇ ਉਹ ਉਨ੍ਹਾਂ ਦੀ ਬੋਲੀ ਦਾ ਸ਼ਬਦ ਹੈ। ਅਜਿਹੇ ਸ਼ਬਦ ਥੋਪਣ ਨਾਲ ਬੋਲੀ ਨੂੰ ਕੋਈ ਫਾਇਦਾ ਨਹੀਂ ਹੁੰਦਾ। ਸੰਭਵ ਹੈ ਇਹ ਕਿਸੇ ਹੱਦ ਤੱਕ ਭੁਲੇਖਾ ਭਾਂਵੇ ਪਾ ਦੇਵੇ।

ਵੈਸੇ ਵੀ ਪੰਜਾਬੀ ਬੋਲੀ ਨੇ ਦਰਜਨ ਤੋਂ ਵੱਧ ਭਾਸ਼ਾਵਾਂ ਦੇ ਸ਼ਬਦਾਂ ਨੂੰ ਜਜ਼ਬ ਕੀਤਾ ਹੈ ਜੋ ਹੁਣ ਸਾਨੂੰ ਪੰਜਾਬੀ ਦੇ ਸ਼ਬਦ ਹੀ ਲੱਗਦੇ ਹਨ। ਜੇ ਉਨ੍ਹਾਂ ਸ਼ਬਦਾਂ ਨੂੰ ਪੰਜਾਬੀ ਵਿੱਚੋਂ ਮਨਫ਼ੀ ਕਰ ਦਿੱਤਾ ਜਾਵੇ ਤਾਂ ਸ਼ਾਇਦ ਪੰਜਾਬੀ ਦਾ ਕੋਈ ਵਾਕ ਵੀ ਪੂਰਾ ਨਾ ਹੋ ਸਕੇ। ਵੈਸੇ ਵੀ ਖਾਲਸ ਪੰਜਾਬੀ ਕਿਹੜੀ ਹੈ? ਇਹ ਕਿਸੇ ਖਾਸ ਸਮੇਂ 'ਤੇ ਹੀ ਨਿਰਭਰ ਕਰਦਾ ਹੈ। ਉਸ ਸਮੇਂ ਬੋਲੀ ਜਾਣ ਵਾਲੀ ਭਾਸ਼ਾ ਹੀ ਖਾਲਸ ਹੁੰਦੀ ਹੈ ਚਾਹੇ ਉਸ ਵਿੱਚ ਕਿੰਨੇ ਵੀ ਸ਼ਬਦ ਹੋਰ ਭਾਸ਼ਾਵਾਂ ਦੇ ਹੋਣ ਕਿਉਂਕਿ ਉਹ ਸ਼ਬਦ ਲੋਕਾਂ ਨੇ ਅਪਣਾ ਲਏ ਹੁੰਦੇ ਹਨ। ਵੈਸੇ ਖਾਲਸ ਸ਼ਬਦ ਵੀ ਪੰਜਾਬੀ ਦਾ ਨਹੀਂ ਹੈ।

***

ਕਿਸੇ ਵੀ ਬੋਲੀ ਨੂੰ ਜਿਉਂਦੇ ਰਹਿਣ ਲਈ ਉਸ ਦੀ ਲਿੱਪੀ ਦਾ ਹੋਣਾ ਜ਼ਰੂਰੀ ਹੈ। ਦੂਸਰਾ ਉਸ ਨੂੰ ਬੋਲਣ, ਸਮਝਣ ਤੇ ਪੜ੍ਹਨ ਲਿਖਣ ਵਾਲੇ ਹੋਣ। ਪੜ੍ਹਿਆ ਲਿਖਿਆ ਤਾਂ ਹੀ ਜਾ ਸਕਦਾ ਹੈ ਜੇ ਲਿੱਪੀ ਉਪਲੱਬਧ ਹੋਵੇ। ਪੰਜਾਬੀ ਦੀ ਲਿੱਪੀ ਗੁਰਮਖੀ ਹੈ ਤੇ ਇਸ ਵਿੱਚ ਸੈਂਕੜੇ ਸਾਲਾਂ ਤੋਂ ਸਾਹਿਤ ਸਿਰਜਣਾ ਹੋ ਰਹੀ ਹੈ। ਵੈਸੇ ਪੰਜਾਬੀ ਦਾ ਸਾਹਿਤ ਸ਼ਾਹਮੁਖੀ ਵਿੱਚ ਵੀ ਸਿਰਜਿਆ ਜਾਂਦਾ ਹੈ। ਕੁਝ ਲੋਕ ਸਮਝਦੇ ਹਨ ਕਿ ਗੁਰਮਖੀ ਨੂੰ ਗੁਰੂਆਂ ਨੇ ਹੋਂਦ ਵਿੱਚ ਲਿਆਂਦਾ। ਅਸਲ ਵਿੱਚ ਗੁਰਮਖੀ ਵਿੱਚ ਗੁਰੂ ਨਾਨਕ ਦੇਵ ਤੋਂ ਪਹਿਲਾਂ ਵੀ ਲਿਖਿਆ ਜਾਂਦਾ ਸੀ। ਬਾਬਾ ਕਬੀਰ ਗੁਰੂ ਨਾਨਕ ਦੇਵ ਤੋਂ ਤਕਰੀਬਨ 70 ਸਾਲ ਪਹਿਲਾਂ ਗੁਰਮਖੀ ਵਿੱਚ ਲਿਖ ਚੁੱਕੇ ਸਨ। ਭਾਵੇਂ ਉਦੋਂ ਗੁਰਮਖੀ ਵਿੱਚ ਕੁਝ ਲਗਾਂ ਮਾਤਰਾ ਦੀ ਅਣਹੋਂਦ ਸੀ। ਲੰਡਿਆਂ ਵਿੱਚ ਵੀ ਪੰਜਾਬੀ ਲਿਖੀ ਜਾਂਦੀ ਸੀ ਯਾਨੀ ਕਿਸੇ ਵੀ ਲਗਾਂ ਮਾਤਰਾ ਦੀ ਵਰਤੋਂ ਨਹੀਂ ਸੀ ਹੁੰਦੀ ਤੇ ਪੜ੍ਹਨ ਵਾਲੇ ਨੂੰ ਸ਼ਬਦਾਂ ਦੇ ਮਤਲਬ ਸਮਝਣ ਵਿੱਚ ਔਖ ਹੁੰਦੀ ਸੀ। ਗੁਰੂ ਨਾਨਕ ਦੇਵ ਨੇ ਆਪਣੀ ਸਾਰੀ ਰਚਨਾ ਦੂਸਰੇ ਗੁਰੂ ਜੀ ਨੂੰ ਸੌਂਪ ਦਿੱਤੀ ਸੀ ਤੇ ਇਹ ਸਿਲਸਿਲਾ ਅੱਗੋਂ ਵੀ ਗੁਰ ਗੱਦੀ ਦੀ ਤਬਦੀਲੀ ਸਮੇਂ ਚੱਲਦਾ ਰਿਹਾ। ਦੂਸਰੇ ਗੁਰੂ ਜੀ ਨੇ ਭਾਸ਼ਾ ਮਾਹਰਾਂ ਦੀ ਮਦਦ ਨਾਲ ਲਿੱਪੀ ਵਿੱਚ ਕੁਝ ਹੋਰ ਸੁਧਾਰ ਲਿਆਂਦਾ ਜਿਵੇਂ ਟਿੱਪੀ, ਅੱਧਕ ਤੇ ਦੁਲਾਵਾਂ ਆਦਿ ਦੀ ਵਰਤੋਂ ਸ਼ੁਰੂ ਕਰਵਾਈ ਜਿਸ ਨਾਲ ਬੋਲੀ ਦੇ ਲਿਖਣ ਅਤੇ ਬੋਲਣ ਵਿੱਚ ਹੋਰ ਵੀ ਨਿਖਾਰ ਤੇ ਸੁਧਾਰ ਆਇਆ।

***

ਪੰਜਾਬੀ ਬੋਲੀ ਦੇ ਭਵਿੱਖ ਬਾਰੇ ਕੁਝ ਲੋਕਾਂ ਨੂੰ ਬਹੁਤ ਖਦਸ਼ੇ ਹਨ, ਪਰ ਕੁਝ ਲੋਕ ਕਹਿ ਰਹੇ ਹਨ ਕਿ ਪੰਜਾਬੀ ਬੋਲੀ ਅੰਤਰਰਾਸ਼ਟਰੀ ਭਾਸ਼ਾ ਬਣ ਗਈ ਹੈ ਕਿਉਂਕਿ ਇਹ ਦੁਨੀਆ ਦੇ ਬਹੁਤ ਸਾਰੇ ਮੁਲਕਾਂ ਵਿੱਚ ਬੋਲੀ ਜਾ ਰਹੀ ਹੈ। ਕੁਝ ਲੋਕ ਪੰਜਾਬੀ ਦੇ ਭਵਿੱਖ ਸਬੰਧੀ ਬਹੁਤ ਫਿਕਰਮੰਦ ਹਨ ਤੇ ਸਮਝਦੇ ਹਨ ਕਿ ਆਉਣ ਵਾਲੇ ਸਾਲਾਂ ਵਿੱਚ ਪੰਜਾਬੀ ਦੇ ਖਤਮ ਹੋਣ ਦੇ ਮੌਕੇ ਬਣ ਰਹੇ ਹਨ। ਮੇਰੇ ਖਿਆਲ ਵਿੱਚ ਦੋਵੇਂ ਵਿਚਾਰ ਹੀ ਸਿਖਰਲੇ ਝੁਕਾਅ ਵਾਲੇ ਹਨ। ਇਸ ਬਾਰੇ ਆਪਾਂ ਥੋੜ੍ਹੀ ਜਿਹੀ ਵਿਚਾਰ ਕਰਾਂਗੇ। ਜਦ ਬੋਲੀ ਵਰਗੇ ਮਹੱਤਵਪੂਰਨ ਵਿਸ਼ੇ 'ਤੇ ਗੱਲ ਕਰਨੀ ਹੋਵੇ ਤਾਂ ਸ਼ਰਧਾ ਭਾਵਨਾ ਅਤੇ ਭਾਵੁਕਤਾ ਨੂੰ ਮੁੱਖ ਰੱਖਣ ਦੀ ਥਾਂ ਤੱਥਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੁੰਦਾ ਹੈ। ਕੁਝ ਵਿਦੇਸ਼ਾਂ ਵਿੱਚ ਵਸਦੇ ਲੋਕ ਪੰਜਾਬੀ ਨੂੰ ਵਿਦੇਸ਼ਾਂ ਵਿੱਚ ਜੰਮੀ ਪੀੜ੍ਹੀ ਨੂੰ ਉਨ੍ਹਾਂ ਦੀ ਪਹਿਲੀ ਭਾਸ਼ਾ ਬਣਾਉਣ ਨੂੰ ਧਿਆਨ ਵਿੱਚ ਰੱਖ ਕੇ ਅਸਪੱਸ਼ਟ ਜਿਹੀ ਗੱਲਬਾਤ ਵਿੱਚ ਮਾਂ ਬੋਲੀ ਦਾ ਜ਼ਿਕਰ ਕਰਦੇ ਹਨ। ਮੇਰੇ ਖਿਆਲ ਵਿੱਚ ਇਸ ਬਾਰੇ ਵੀ ਥੋੜ੍ਹਾ ਵਿਚਾਰ ਕਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਮਾਂ-ਬੋਲੀ ਦੀ ਪਰਿਭਾਸ਼ਾ ਬਾਰੇ ਸਪੱਸ਼ਟ ਹੋਣ ਦੀ ਲੋੜ ਹੈ। ਮਾਂ ਬੋਲੀ ਯਾਨੀ ਜਿਹੜੀ ਬੋਲੀ ਬੱਚੇ ਦੀ ਮਾਂ ਬੋਲਦੀ ਹੈ। ਕੁਝ ਸਾਲ ਪਹਿਲਾਂ ਮਾਂ-ਬੋਲੀ ਦੀ ਵਿਆਖਿਆ ਜਾਂ ਇਸ ਦੇ ਅਰਥ ਨੂੰ ਸਪੱਸ਼ਟ ਕਰਨ ਦੀ ਲੋੜ ਨਹੀਂ ਸੀ ਕਿਉਂਕਿ ਮਾਂ ਅਤੇ ਮਾਤ-ਭੂਮੀ ਦੀ ਬੋਲੀ ਇੱਕ ਹੀ ਹੁੰਦੀ ਸੀ। ਪਰਵਾਸ ਦੇ ਵਧ ਜਾਣ ਨਾਲ ਕੁਝ ਸਮੱਸਿਆਵਾਂ ਆਈਆਂ। ਜਿਵੇਂ ਇੱਕ ਲੜਕੀ ਪੰਜਾਬ ਵਿੱਚ ਜੰਮੀ ਪਲੀ ਤੇ ਪੜ੍ਹੀ ਲਿਖੀ ਹੈ। ਉਸ ਦੀ ਮਾਤ ਭੂਮੀ ਅਤੇ ਮਾਂ ਦੀ ਬੋਲੀ ਪੰਜਾਬੀ ਹੀ ਹੈ। ਉਸ ਦਾ ਵਿਆਹ ਇੰਗਲੈਂਡ ਵਿੱਚ ਹੋ ਗਿਆ ਤਾਂ ਉਸ ਦੇ ਬੱਚੇ ਇੰਗਲੈਂਡ ਵਿੱਚ ਜੰਮੇ। ਉਨ੍ਹਾਂ ਦੀ ਮਾਂ ਦੀ ਬੋਲੀ ਪੰਜਾਬੀ ਹੈ, ਪਰ ਮਾਤ-ਭੂਮੀ ਦੀ ਬੋਲੀ ਅੰਗਰੇਜ਼ੀ। ਉਨ੍ਹਾਂ ਨੇ ਟੀਵੀ 'ਤੇ ਕਾਰਟੂਨ, ਸਕੂਲ ਵਿੱਚ, ਦੋਸਤਾਂ ਮਿੱਤਰਾਂ ਨਾਲ ਆਪਣੀ ਮਾਤ ਭੂਮੀ ਦੀ ਬੋਲੀ ਵਿੱਚ ਗੱਲ ਕਰਨੀ ਹੈ। ਪੜ੍ਹਾਈ ਵੀ ਮਾਤ-ਭੂਮੀ ਦੀ ਬੋਲੀ ਵਿੱਚ ਹੀ ਹੋਵੇਗੀ। ਅਸਲ ਵਿੱਚ ਮਾਂ-ਬੋਲੀ ਮਾਤ-ਭੂਮੀ ਦੀ ਬੋਲੀ ਹੀ ਹੁੰਦੀ ਹੈ।

ਮੰਨ ਲਉ ਇੱਕ ਪੰਜਾਬੀ ਮੁੰਡਾ ਬੰਗਾਲ ਵਿੱਚ ਟੈਕਸੀ ਚਲਾਉਣ ਦਾ ਕੰਮ ਕਰਦਿਆਂ ਬੰਗਾਲ ਦੀ ਕੁੜੀ ਨਾਲ ਵਿਆਹ ਕਰ ਲੈਂਦਾ ਹੈ। ਕੁਝ ਦੇਰ ਬਾਅਦ ਉਹ ਪੰਜਾਬ ਆ ਕੇ ਰਹਿਣ ਲੱਗਦੇ ਹਨ। ਉਨ੍ਹਾਂ ਦੇ ਬੱਚੇ ਹੋ ਜਾਂਦੇ ਹਨ ਤਾਂ ਬੱਚੇ ਆਪਣੀ ਮਾਂ ਦੀ ਭਾਸ਼ਾ ਬੰਗਾਲੀ ਨਹੀਂ ਸਗੋਂ ਆਪਣੇ ਆਲੇ ਦੁਆਲੇ ਦੀ ਭਾਸ਼ਾ ਪੰਜਾਬੀ ਬੋਲਣਗੇ। ਪੰਜਾਬ ਵਿੱਚ ਆਏ ਬਿਹਾਰੀ, ਯੂਪੀ ਜਾਂ ਰਾਜਸਥਾਨੀ ਕਾਮਿਆਂ ਦੇ ਬੱਚੇ ਠੇਠ ਪੰਜਾਬੀ ਬੋਲਦੇ ਹਨ ਤੇ ਪੰਜਾਬ ਨੂੰ ਹੀ ਆਪਣੀ ਮਾਤ-ਭੂਮੀ ਮੰਨਦੇ ਹਨ। ਜਿਵੇਂ ਸਾਡੇ ਬੱਚੇ ਵੀ ਇੰਗਲੈਂਡ ਨੂੰ ਆਪਣਾ ਦੇਸ਼ ਸਮਝਦੇ ਹਨ।

ਬਹੁਤੇ ਮਾਂ-ਬਾਪ ਆਪਣੀ ਬੋਲੀ ਬੱਚਿਆਂ ਨੂੰ ਸਿਖਾਉਣ ਦਾ ਯਤਨ ਕਰਦੇ ਹਨ ਤੇ ਕਿਸੇ ਹੱਦ ਤੱਕ ਸਫਲ ਵੀ ਹੁੰਦੇ ਹਨ। ਕੁਝ ਬਹੁਤ ਸਫਲ ਵੀ ਹੋ ਜਾਂਦੇ ਹਨ, ਪਰ ਬਹੁਤ ਥੋੜ੍ਹੇ ਅਜਿਹੇ ਹੁੰਦੇ ਹਨ। ਉਸ ਦੇ ਆਪਣੇ ਕਾਰਨ ਹਨ। ਬਹੁਤ ਹਾਲਤਾਂ ਵਿੱਚ ਬੱਚੇ ਬੋਲਣ ਤੇ ਸਮਝਣ ਲੱਗ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਪਰਿਵਾਰ ਪੰਜਾਬੀ ਬੋਲਦਾ ਹੈ, ਪਰ ਪੜ੍ਹ ਨਹੀਂ ਸਕਦੇ ਜਾਂ ਬਹੁਤ ਘੱਟ ਪੜ੍ਹ ਸਕਦੇ ਹਨ। ਇਹ ਕੁਦਰਤੀ ਵਰਤਾਰਾ ਹੈ। ਬੋਲਣ ਤੇ ਸਮਝਣ ਨਾਲੋਂ ਪੜ੍ਹਨ ਅਤੇ ਲਿਖਣ ਲਈ ਵੱਖਰੀ ਮਿਹਨਤ ਕਰਨੀ ਪੈਂਦੀ ਹੈ ਜਿਸ ਦੀ ਉਹ ਲੋੜ ਨਹੀਂ ਸਮਝਦੇ। ਦੂਸਰੀ ਗੱਲ ਪੰਜਾਬੀ ਸਿਖਾਉਣ ਦੇ ਯਤਨ ਵੀ ਪੁਰਾਣੇ ਢੰਗ ਤਰੀਕਿਆਂ ਨਾਲ ਹੀ ਹੁੰਦੇ ਹਨ। ਸਭ ਤੋਂ ਪਹਿਲਾਂ ਇਹ ਸਮਝਣ ਅਤੇ ਮੰਨਣ ਦੀ ਲੋੜ ਹੈ ਕਿ ਸਾਡੇ ਬੱਚਿਆਂ ਲਈ ਪੰਜਾਬੀ ਵਿਦੇਸ਼ੀ ਭਾਸ਼ਾ ਹੈ ਤੇ ਉਨ੍ਹਾਂ ਨੂੰ ਸਿਖਾਉਣ ਲਈ ਉਹੋ ਜਿਹੇ ਹੀ ਢੰਗ ਤਰੀਕੇ ਵਰਤਣ ਦੀ ਲੋੜ ਹੈ। ਗੁਰਦੁਆਰਿਆਂ ਵਿੱਚ ਪੰਜਾਬੀ ਸਿਖਾਈ ਜਾਂਦੀ ਹੈ, ਪਰ ਬਹੁਤ ਵਾਰ ਬੱਚਿਆਂ ਨੂੰ ਧਾਰਮਿਕ ਸਿੱਖਿਆ ਜਾਂ ਗੁਰੂ ਸਾਹਿਬਾਨ ਜਾਂ ਸਾਹਿਬਜ਼ਾਦਿਆਂ ਬਾਰੇ ਸਿੱਖਿਆ ਤੋਂ ਹੀ ਸ਼ੁਰੂਆਤ ਕੀਤੀ ਜਾਂਦੀ ਹੈ। ਉਸ ਹੱਦ ਤੱਕ ਉਨ੍ਹਾਂ ਦੀ ਸਮਝ ਬਣਾਉਣ ਲਈ ਉਸ ਤੋਂ ਪਹਿਲਾਂ ਹੋਰ ਵੀ ਬਹੁਤ ਕੁਝ ਸਿਖਾਉਣ ਦੀ ਲੋੜ ਹੁੰਦੀ ਹੈ ਤਾਂ ਜੋ ਉਨ੍ਹਾਂ ਦੀ ਪੰਜਾਬੀ ਬੋਲੀ ਦੀ ਨੀਂਹ ਮਜ਼ਬੂਤ ਹੋਵੇ। ਮੈਂ ਇਸ ਖੇਤਰ ਵਿੱਚ ਅਣਜਾਣ ਹਾਂ, ਪਰ ਮੇਰੇ ਖਿਆਲ ਵਿੱਚ ਸਿੱਖਣ ਸਿਖਾਉਣ ਦੇ ਢੰਗ ਤਰੀਕਿਆਂ ਨੂੰ ਵਿਚਾਰਨ ਦੀ ਲੋੜ ਹੈ। ਲਕੀਰ ਦੇ ਫਕੀਰ ਬਣ ਕੇ ਪੰਜਾਬੀ ਦਾ ਵਿਕਾਸ ਨਹੀਂ ਹੋ ਸਕਦਾ।

ਪੰਜਾਬੀ ਸਬੰਧੀ ਜੋ ਵੀ ਖਦਸ਼ੇ ਹਨ ਉਨ੍ਹਾਂ ਦੇ ਕਾਰਨ ਵਿਦੇਸ਼ਾਂ ਵਿੱਚ ਵੱਖਰੇ ਹਨ ਤੇ ਪੰਜਾਬ ਵਿੱਚ ਵੱਖਰੇ। ਉਨ੍ਹਾਂ ਦੇ ਹੱਲ ਵੀ ਵੱਖਰੇ ਹਨ। ਕੁਝ ਲੋਕ ਇੱਥੇ ਆਮ ਹੀ ਕਹਿੰਦੇ ਹਨ 'ਮਾਂ ਬੋਲੀ ਨੂੰ ਭੁੱਲ ਜਾਉਗੇ ਤਾਂ ਕੱਖਾਂ ਵਾਂਗੂੰ ਰੁਲ ਜਾਉਗੇ।' ਪਹਿਲੀ ਗੱਲ ਤਾਂ ਜਿਸ ਬੋਲੀ ਨੂੰ ਕੋਈ ਭੁੱਲ ਜਾਵੇ ਉਹ ਮਾਂ ਬੋਲੀ ਨਹੀਂ ਹੋ ਸਕਦੀ। ਦੂਜੀ ਗੱਲ ਬਚਪਨ ਵਿੱਚ ਸਿੱਖੀ ਮਾਂ ਬੋਲੀ ਦੇ ਕੁਝ ਸ਼ਬਦ ਤਾਂ ਬੰਦਾ ਭੁੱਲ ਸਕਦਾ ਹੈ, ਪਰ ਮਾਂ ਬੋਲੀ ਨਹੀਂ। ਤੀਜੀ ਗੱਲ ਜਦ ਇੰਗਲੈਂਡ ਵਿੱਚ ਇਹ ਗੱਲ ਕਹਿੰਦੇ ਹਾਂ ਤਾਂ ਕਿਸ ਨੂੰ ਸੁਣਾਉਂਦੇ ਹੋ। ਬੱਚਿਆਂ ਦੀ ਪਹਿਲੀ ਭਾਸ਼ਾ ਅੰਗਰੇਜ਼ੀ ਹੈ ਉਨ੍ਹਾਂ 'ਤੇ ਇਹ ਗੱਲ ਢੁਕਦੀ ਨਹੀਂ। ਪੰਜਾਬ ਤੋਂ ਪੜ੍ਹ ਲਿਖ ਕੇ ਆਏ ਲੋਕ ਕਿਸੇ ਵੀ ਹਾਲਤ ਵਿੱਚ ਪੰਜਾਬੀ ਨੂੰ ਭੁੱਲ ਨਹੀਂ ਸਕਦੇ। ਸੋ ਅਜਿਹੀਆਂ ਗੱਲਾਂ ਨਾਲ ਬੋਲੀ ਦਾ ਵਿਕਾਸ ਸੰਭਵ ਨਹੀਂ ਹੈ ਤੇ ਨਾ ਹੀ ਸਟੇਜੀ ਜਿਹੇ ਗੀਤ ਸੰਗੀਤ ਦੇ ਪ੍ਰੋਗਰਮਾਂ ਨਾਲ ਮਾਂ ਬੋਲੀ ਉਮਰ ਦਰਾਜ ਹੋ ਸਕਦੀ ਹੈ।

***

ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਵਿੱਚ ਪੰਜਾਬੀ ਬੋਲੀ ਤਾਂ ਜਾਂਦੀ ਸੀ, ਪਰ ਦਫ਼ਤਰਾਂ ਵਿੱਚ ਉਰਦੂ ਤੇ ਅੰਗਰੇਜ਼ੀ ਵਰਤੀ ਜਾਂਦੀ ਸੀ। ਵੰਡ ਤੋਂ ਬਾਅਦ ਪੰਜਾਬ ਵਿੱਚ ਸਕੂਲ ਖੋਲ੍ਹਣ ਵੱਲ ਖਾਸ ਧਿਆਨ ਦਿੱਤਾ ਗਿਆ। ਪੰਜ ਸਾਲ ਦੇ ਬੱਚੇ ਨੂੰ ਸਕੂਲ ਵਿੱਚ ਦਾਖਲ ਹੋਣਾ ਜ਼ਰੂਰੀ ਹੋ ਗਿਆ। ਪੰਜਾਬੀ ਪਹਿਲੀ ਬੋਲੀ ਵਜੋਂ ਲਾਗੂ ਹੋਣ ਲੱਗੀ। ਹਿੰਦੀ ਦੂਜੀ ਭਾਸ਼ਾ ਤੇ ਅੰਗਰੇਜ਼ੀ ਤੀਜੀ ਭਾਸ਼ਾ ਵਜੋਂ ਪੜ੍ਹਾਈ ਜਾਣ ਲੱਗੀ। ਕੁਝ ਸਾਲਾਂ ਬਾਅਦ ਪੰਜਾਬੀ ਸੂਬਾ ਬਣ ਗਿਆ ਤਾਂ ਪੰਜਾਬੀ ਨੂੰ ਦਫ਼ਤਰਾਂ ਵਿੱਚ ਲਾਗੂ ਕਰਨ ਦੀ ਮੰਗ ਉੱਠੀ। ਹੌਲੀ ਹੌਲੀ ਪੰਜਾਬੀ ਦਫ਼ਤਰਾਂ ਵਿੱਚ ਵਰਤੀ ਜਾਣ ਲੱਗੀ ਭਾਵੇਂ ਸੌ ਪ੍ਰਤੀਸ਼ਤ ਨਹੀਂ। ਮਾਲ ਵਿਭਾਗ ਦਾ ਸਾਰਾ ਰਿਕਾਰਡ ਜੋ ਫ਼ਾਰਸੀ ਵਿੱਚ ਸੀ ਹੁਣ ਆਨਲਾਈਨ ਪੰਜਾਬੀ ਵਿੱਚ ਉਪਲੱਬਧ ਹੈ। ਇਹ ਗੱਲ ਵੱਖਰੀ ਹੈ ਅਜੇ ਵੀ ਫ਼ਾਰਸੀ ਦੇ ਸ਼ਬਦ ਪ੍ਰਚੱਲਿਤ ਹਨ ਜਿਵੇਂ ਮੁਸ਼ਤਰਕਾ ਖਾਤਾ, ਮੁਤਬੰਨਾ, ਰਕਬਾ, ਤਬਾਦਲਾ ਆਦਿ। ਪਿਛਲੇ ਛੇ ਕੁ ਦਹਾਕੇ ਪੰਜਾਬੀ ਦਾ ਸੁਨਹਿਰੀ ਕਾਲ ਗਿਣਿਆ ਜਾਣਾ ਚਾਹੀਦਾ ਹੈ। ਇਸ ਕਾਲ ਵਿੱਚ ਪੰਜਾਬੀ ਵਿੱਚ ਗਿਆਨੀ, ਬੁੱਧੀਮਾਨੀ, ਮਾਸਟਰਜ਼ ਤੇ ਪੀਐੱਚ ਡੀ ਕਰਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਵੱਡੀ ਹੈ ਤੇ ਅੱਜ ਵੀ ਬਹੁਤ ਵਿਦਿਆਰਥੀ ਪੰਜਾਬੀ ਵਿੱਚ ਡਿਗਰੀਆਂ ਲੈ ਰਹੇ ਹਨ। ਪੰਜਾਬੀ ਯੂਨੀਵਰਸਟੀ ਪਟਿਆਲਾ ਦੀ ਸਥਾਪਨਾ ਵੀ ਆਪਣੇ ਆਪ ਵਿੱਚ ਵਿਲੱਖਣ ਕਾਰਜ ਹੈ। ਜਿੱਥੇ ਉਰਦੂ ਤੇ ਫ਼ਾਰਸੀ ਪੰਜਾਬ ਵਿੱਚੋਂ ਤਕਰੀਬਨ ਅਲੋਪ ਹੋ ਗਈ ਹੈ, ਉੱਥੇ ਪੰਜਾਬੀ ਦਾ ਬੋਲ ਬਾਲਾ ਬਹੁਤ ਵਧਿਆ ਹੈ।

ਇਨ੍ਹਾਂ ਸਾਲਾਂ ਵਿੱਚ ਹੀ ਪੰਜਾਬੀ ਦਾ ਬੇਸ਼ੁਮਾਰ ਸਾਹਿਤ ਹੋਂਦ ਵਿੱਚ ਆਇਆ। ਪੰਜਾਬੀ ਦੀ ਪੜ੍ਹਾਈ ਨਾਲ ਅਨੇਕਾਂ ਲੇਖਕ ਪੈਦਾ ਹੋਏ ਤੇ ਅਨੇਕਾਂ ਹੀ ਪਬਲਿਸ਼ਰ ਤੇ ਕਿਤਾਬਾਂ ਦੀਆਂ ਦੁਕਾਨਾਂ ਖੁੱਲ੍ਹੀਆਂ। ਭਾਵੇਂ ਇਸ ਸਭ ਦਾ ਨੁਕਸਾਨ ਵੀ ਹੋਇਆ। ਪਬਲਿਸ਼ਰਾਂ ਨੇ ਪੈਸੇ ਕਮਾਉਣ ਲਈ ਸਾਹਿਤ ਦੇ ਮਿਆਰ ਨੂੰ ਅੱਖੋਂ ਪਰੋਖੇ ਕਰ ਦਿੱਤਾ ਹੈ। ਪੰਜਾਬੀ ਵਿੱਚ ਹੁਣ ਨਵਾਂ ਤੇ ਪ੍ਰਭਾਵਸ਼ਾਲੀ ਸਾਹਿਤ ਵੀ ਛਪ ਰਿਹਾ ਹੈ। ਇੱਥੇ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਕਿ 'ਸਾਹਿਤਕ ਪ੍ਰਦੂਸ਼ਣ' ਸਿਰਫ਼ ਪੰਜਾਬੀ ਵਿੱਚ ਹੀ ਨਹੀਂ ਅੰਗਰੇਜ਼ੀ, ਹਿੰਦੀ, ਉਰਦੂ ਤੇ ਹੋਰ ਭਾਸ਼ਾਵਾਂ ਵਿੱਚ ਵੀ ਵਧਿਆ ਹੈ।

ਦੇਸ਼ ਦੀ ਵੰਡ ਸਮੇਂ ਪੰਜਾਬ ਦੀ ਵਸੋਂ ਤਕਰੀਬਨ 33 ਮਿਲੀਅਨ ਜਾਣੀ 3 ਕਰੋੜ ਤੀਹ ਲੱਖ ਸੀ। 2011 ਦੀ ਜਨਗਣਨਾ ਅਨੁਸਾਰ ਭਾਰਤੀ ਪੰਜਾਬ ਦੀ ਵਸੋਂ ਤਕਰੀਬਨ 30 ਮਿਲੀਅਨ ਸੀ। 2021 ਦੀ ਮਰਦਮ ਸ਼ੁਮਾਰੀ ਸਰਕਾਰ ਨੇ ਕਰਵਾਈ ਨਹੀਂ ਹੈ। ਪਿਛਲੇ ਦਸ ਸਾਲਾਂ ਵਿੱਚ ਪੰਜਾਬ ਦੀ ਆਬਾਦੀ ਵਿੱਚ ਕਿੰਨਾ ਕੁ ਵਾਧਾ ਹੋਇਆ, ਇਹ ਪਤਾ ਨਹੀਂ। ਪਰ ਪਕਿਸਤਾਨ ਦੀ 220 ਮਿਲੀਅਨ ਆਬਾਦੀ ਵਿੱਚੋਂ ਪੰਜਾਬ ਸਭ ਤੋਂ ਵੱਡਾ ਸੂਬਾ ਹੈ ਤੇ 48% ਵਸੋਂ ਨਾਲ ਤਕਰੀਬਨ 90 ਮਿਲੀਅਨ ਲੋਕ ਪੰਜਾਬੀ ਬੋਲਦੇ ਹਨ। ਸਾਰੀ ਦੁਨੀਆ ਵਿੱਚ 152 ਮਿਲੀਅਨ ਲੋਕ ਪੰਜਾਬੀ ਬੋਲਦੇ ਹਨ ਤੇ ਪੰਜਾਬੀ ਦੁਨੀਆ ਦੀ ਨੌਵੀਂ ਵੱਡੀ ਭਾਸ਼ਾ ਹੈ। ਪਿਛਲੀ ਪੌਣੀ ਸਦੀ ਵਿੱਚ ਏਨਾ ਵੱਡਾ ਵਾਧਾ ਪੰਜਾਬੀ ਬੋਲਣ ਵਾਲਿਆਂ ਦਾ ਹੋਇਆ ਹੈ ਤੇ ਜਿਹੜੇ ਲੋਕ ਸਮਝਦੇ ਹਨ ਕਿ ਪੰਜਾਬੀ ਖਤਮ ਹੋਣ ਕੰਢੇ ਹੈ ਪਤਾ ਨਹੀਂ ਕਿਸ ਆਧਾਰ 'ਤੇ ਕਹਿੰਦੇ ਹਨ। ਹਾਂ ਆਪਣੀ ਬੋਲੀ ਪ੍ਰਤੀ ਅਵੇਸਲੇ ਨਹੀਂ ਹੋਣਾ ਚਾਹੀਦਾ।ਪੰਜਾਬ ਵਿੱਚ ਬਹੁਤ ਸਾਰੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਖੁੱਲ੍ਹ ਗਏ ਹਨ। ਜਿਵੇਂ ਜਿਵੇਂ ਦੁਨੀਆ ਮੀਡੀਆ ਅਤੇ ਨਵੀਂ ਤਕਨੀਕ ਦੇ ਵਿਕਸਤ ਹੋਣ ਨਾਲ ਨੇੜੇ ਆ ਗਈ ਹੈ ਉਵੇਂ ਹੀ ਨਵੀਂ ਪੀੜ੍ਹੀ ਦੇ ਸੁਪਨੇ ਬਦਲ ਗਏ ਹਨ। ਖੇਤੀਬਾੜੀ ਵਿੱਚ ਵੱਡੀ ਪੱਧਰ 'ਤੇ ਮਸ਼ੀਨਰੀ ਦੀ ਵਰਤੋਂ ਨੇ ਹੱਥੀਂ ਕੰਮ ਕਰਨ ਦੀ ਲੋੜ ਨੂੰ ਬਹੁਤ ਸੀਮਤ ਕਰ ਦਿੱਤਾ ਹੈ। ਪਹਿਲਾਂ ਨੌਜਵਾਨ ਪੜ੍ਹਾਈ ਤੋਂ ਬਾਅਦ ਘਰੇਲੂ ਕੰਮ ਵਿੱਚ ਰੁੱਝੇ ਰਹਿੰਦੇ ਸਨ ਤੇ ਕਰਨ ਵਾਲਾ ਹੁੰਦਾ ਵੀ ਬਹੁਤ ਕੁਝ ਸੀ। ਹੁਣ ਅਜਿਹੀ ਗੱਲ ਨਹੀਂ ਹੈ। ਬੋਲੀ ਅਤੇ ਰੋਜ਼ੀ ਰੋਟੀ ਦਾ ਰਿਸ਼ਤਾ ਅਟੁੱਟ ਹੈ। ਰੋਜ਼ੀ ਰੋਟੀ ਲਈ ਨੌਜਵਾਨਾਂ ਦਾ ਝੁਕਾਅ ਹੁਣ ਵਿਦੇਸ਼ ਵੱਲ ਹੋਇਆ ਹੈ। ਵਿਦੇਸ਼ ਜਾਣ ਲਈ ਅੰਗਰੇਜ਼ੀ ਜ਼ਰੂਰੀ ਹੈ ਤੇ ਇਸ ਲਈ ਪੰਜਾਬ ਵਿੱਚ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਦਾ ਬੋਲਬਾਲਾ ਹੈ ਜਿਨ੍ਹਾਂ ਨੇ ਸਰਕਾਰੀ ਸਕੂਲਾਂ ਅਤੇ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਪੰਜਾਬੀ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਕੈਨੇਡਾ, ਆਸਟਰੇਲੀਆ ਤੇ ਹੋਰ ਵਿਕਸਤ ਦੇਸ਼ਾਂ ਵਿੱਚ ਲੋੜ ਗੋਚਰੀ ਲੇਬਰ ਨਹੀਂ ਹੈ ਤੇ ਲੇਬਰ ਬਿਨਾਂ ਕਿਸੇ ਵੀ ਦੇਸ਼ ਦੀ ਆਰਥਿਕਤਾ ਨੂੰ ਵਿਕਸਤ ਕਰਨਾ ਸੰਭਵ ਨਹੀਂ ਹੈ। ਉਹ ਉਨ੍ਹਾਂ ਨੌਜਵਾਨਾਂ ਨੂੰ ਜਿਹੜੇ ਬੋਲੀ ਸਮਝ ਅਤੇ ਬੋਲ ਸਕਦੇ ਹਨ, ਨੂੰ ਵੀਜ਼ੇ ਦੇ ਰਹੇ ਹਨ। ਕੁਝ ਪੜ੍ਹਨ ਲਈ ਆਉਂਦੇ ਹਨ, ਇਨ੍ਹਾਂ ਦੇਸ਼ਾਂ ਦਾ ਇਹ ਵੀ ਕਮਾਈ ਦਾ ਇੱਕ ਸਾਧਨ ਹੈ। ਵਿਦੇਸ਼ੀ ਵਿਦਿਆਰਥੀਆਂ ਨੂੰ ਯੂਨੀਵਰਸਟੀਆਂ ਵਿੱਚ ਪੂਰੀ

ਫੀਸ ਦੇਣੀ ਪੈਂਦੀ ਹੈ ਜੋ ਕਾਫ਼ੀ ਵੱਡੀ ਰਕਮ ਹੁੰਦੀ ਹੈ। ਗੱਲ ਕੀ ਪੰਜਾਬ ਦੀ ਉਪਜਾਊ ਜਵਾਨੀ ਵਿਦੇਸ਼ਾਂ ਨੂੰ ਦੌੜ ਰਹੀ ਹੈ ਜਿਸ ਨਾਲ ਪੰਜਾਬ ਦਾ ਆਰਥਿਕ ਨੁਕਸਾਨ ਵੀ ਹੋ ਰਿਹਾ ਤੇ ਪੰਜਾਬੀ ਬੋਲੀ ਦਾ ਵੀ। ਆਉਣ ਵਾਲੇ ਸਮੇਂ ਵਿੱਚ ਪੰਜਾਬ ਦਾ ਹਾਲ ਵੀ ਚੀਨ ਵਰਗਾ ਹੋ ਜਾਣ ਦਾ ਡਰ ਹੈ ਜਿੱਥੇ ਬੁਢਾਪਾ ਤਾਂ ਬਥੇਰਾ ਹੈ, ਪਰ ਜਵਾਨ ਚਿਹਰਾ ਕੋਈ ਕੋਈ ਦਿਸਦਾ ਹੈ। ਕੇਰਲਾ ਦੇ ਕੁਝ ਪਿੰਡਾਂ ਵਿੱਚ ਹਾਲਤ ਅਜਿਹੀ ਹੈ ਕਿ ਅਧਿਆਪਕ ਹਨ, ਪਰ ਬੱਚੇ ਨਹੀਂ ਹਨ। ਪਿੰਡਾਂ ਵਿੱਚ ਹੀ ਬੱਚੇ ਬਹੁਤੇ ਨਹੀਂ ਹਨ। ਹੋਣ ਵੀ ਕਿਵੇਂ ਨੌਜਵਾਨ ਪਿੰਡਾਂ ਨੂੰ ਤਿਲਾਂਜਲੀ ਦੇ ਕੇ ਬਾਹਰ ਚਲੇ ਗਏ ਹਨ।

ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਪੰਜਾਬ ਵਿੱਚ ਕੰਮ ਨਹੀਂ ਹੈ? ਜਵਾਬ ਹੈ ਕੰਮ ਹੈ, ਪਰ ਜਿਹੋ ਜਿਹਾ ਕੰਮ ਕਰਨ ਲਈ ਪੰਜਾਬ ਦਾ ਨੌਜਵਾਨ ਬਿੰਬ ਬਣਾਈ ਬੈਠਾ ਹੈ ਉਹੋ ਜਿਹੇ ਕੰਮ ਨਹੀਂ ਹਨ। ਪੰਜਾਬ ਦੇ ਤਕਰੀਬਨ ਹਰ ਪਿੰਡ ਵਿੱਚ ਸੈਂਕੜੇ ਪਰਿਵਾਰ ਰਾਜਸਥਾਨ, ਬਿਹਾਰ ਤੇ ਯੂਪੀ ਆਦਿ ਤੋਂ ਆ ਕੇ ਆਪਣੀ ਰੋਜ਼ੀ ਰੋਟੀ ਦਾ ਪ੍ਰਬੰਧ ਕਰੀਂ ਬੈਠੇ ਹਨ। ਉਹ ਪਿੰਡਾਂ ਵਿੱਚ ਛੋਟੀਆਂ ਦੁਕਾਨਾਂ, ਰੇਹੜੀਆਂ, ਵਰਗੇ ਛੋਟੇ ਬਿਜ਼ਨਸ ਦੇ ਨਾਲ ਨਾਲ ਬਿਜਲੀ, ਪਲੰਬਿੰਗ, ਰਾਜਗਿਰੀ, ਤਰਖਾਣ, ਲੁਹਾਰ ਗੱਲ ਕੀ ਹਰ ਕਿਸਮ ਦੇ ਕੰਮ ਸਿੱਖ ਕੇ ਚੰਗੀ ਤਰੱਕੀ ਕਰ ਰਹੇ ਹਨ। ਇਹ ਕੰਮ ਪੰਜਾਬ ਦੀ ਕਿਸਾਨੀ ਨਾਲ ਸਬੰਧਤ ਨੌਜਵਾਨ ਨਹੀਂ ਕਰਨਗੇ, ਪਰ ਜਦੋਂ ਉਹ ਦਿੱਲੀ ਪਾਰ ਕਰ ਲੈਣਗੇ ਤਾਂ ਇਹੋ ਜਿਹੇ ਕੰਮ ਖੁਸ਼ੀ ਖੁਸ਼ੀ ਕਰ ਲੈਣਗੇ। ਅਸੀਂ ਖੁਦ ਵੀ ਤਾਂ ਕੀਤੇ ਹਨ ਅਤੇ ਹੁਣ ਵੀ ਪੰਜਾਬ ਤੋਂ ਆਏ ਮੁੰਡੇ ਬਿਲਡਰਾਂ ਨਾਲ ਕੰਮ ਕਰਦੇ ਵੇਖੇ ਜਾ ਸਕਦੇ ਹਨ।

ਪੰਜਾਬ ਦੇ ਕਿਸਾਨ ਮਾਪਿਆਂ ਦੀ ਸੋਚ ਵੀ ਬਦਲ ਗਈ ਹੈ। ਉਹ ਵੀ ਕਹਿ ਦਿੰਦੇ ਹਨ ਕਿੱਲਾ ਜ਼ਮੀਨ ਦਾ ਵੇਚ ਕੇ ਮੁੰਡੇ ਨੂੰ ਬਾਹਰ ਭੇਜਣਾ ਹੈ ਤੇ ਭੇਜ ਰਹੇ ਹਨ। ਜੇ ਉਹ ਨਹੀਂ ਭੇਜਦੇ ਤਾਂ ਨੌਜਵਾਨ ਨਸ਼ਿਆਂ ਅਤੇ ਗੈਂਗਾਂ ਵੱਲ ਖਿੱਚੇ ਜਾਂਦੇ ਹਨ ਤੇ ਅਪਰਾਧੀ ਬਿਰਤੀ ਨੂੰ ਸਮਰਪਤ ਹੋ ਜਾਂਦੇ ਹਨ। ਵਿਹਲਾ ਮਨ ਸ਼ੈਤਾਨ ਦਾ ਘਰ ਵਾਲੀ ਗੱਲ ਹੈ। ਵਿਹਲੇ ਨੌਜਵਾਨ ਹੋਰ ਕਰਨਗੇ ਵੀ ਕੀ?ਮੁੱਖ ਸਵਾਲ ਹੈ ਪੰਜਾਬੀ ਦਾ ਭਵਿੱਖ ਕਿਹੋ ਜਿਹਾ ਹੈ? ਮੇਰੇ ਖਿਆਲ ਵਿੱਚ ਪੰਜਾਬੀ ਨੂੰ ਬੋਲਣ ਪੜ੍ਹਨ ਅਤੇ ਸਿੱਖਣ ਵਾਲੇ ਲੋਕਾਂ ਵਿੱਚ ਵੱਡੀ ਕਮੀ ਨਹੀਂ ਆਵੇਗੀ। ਪਰਵਾਸੀ ਮਜ਼ਦੂਰ ਅਤੇ ਦਲਿਤ ਬੱਚੇ ਪੰਜਾਬੀ ਨੂੰ ਅਪਣਾ ਰਹੇ ਹਨ ਤੇ ਅਪਣਾਉਂਦੇ ਰਹਿਣਗੇ। ਇਹ ਬੱਚੇ ਲੋਕਲ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆ ਪ੍ਰਾਪਤ ਕਰ ਰਹੇ ਹਨ। ਇਨ੍ਹਾਂ ਵਿੱਚੋਂ ਹੀ ਅਧਿਆਪਕ, ਕਲਰਕ ਅਤੇ ਲੇਖਕ ਵੀ ਪੈਦਾ ਹੋ ਰਹੇ ਹਨ। ਉਹ ਹੁਣ ਬਿਹਾਰ ਜਾਂ ਯੂਪੀ ਜਾਣ ਬਾਰੇ ਨਹੀਂ ਸੋਚਦੇ ਸਗੋਂ ਉੱਥੋਂ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਪੰਜਾਬ ਵਿੱਚ ਸੱਦ ਕੇ ਕੰਮਾਂ 'ਤੇ ਲਗਾ ਰਹੇ ਹਨ। ਉਨ੍ਹਾਂ ਦੀ ਮਾਤ ਭੂਮੀ ਪੰਜਾਬ ਹੈ ਤੇ ਮਾਂ ਬੋਲੀ ਪੰਜਾਬੀ।

ਇੱਕ ਪਾਸੇ ਹੋਰ ਵੀ ਧਿਆਨ ਦੇਣ ਦੀ ਲੋੜ ਹੈ। ਪੰਜਾਬ ਵਿੱਚ ਹੁਣ ਖੇਤੀ ਖੇਤਰ ਦੀ ਥਾਂ ਇੰਡਸਟਰੀ ਨੂੰ ਪ੍ਰਫੁੱਲਿਤ ਕਰਨ ਦੀ ਲੋੜ ਹੈ ਜਿਸ ਨਾਲ ਨਵੀਆਂ ਨੌਕਰੀਆਂ ਵੀ ਪੈਦਾ ਹੋਣ ਤੇ ਪੰਜਾਬ ਦੀ ਆਰਥਿਕਤਾ ਵੀ ਅਮੀਰ ਹੋਵੇ। ਪਰ ਇੰਡਸਟਰੀ ਲਈ ਜ਼ਮੀਨ ਚਾਹੀਦੀ ਹੈ ਤੇ ਜਿੱਥੇ ਇੰਡਸਟਰੀ ਲੱਗਣ ਦੀ ਗੱਲ ਚੱਲਦੀ ਹੈ ਤਾਂ ਜ਼ਮੀਨ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਵਿਰੋਧ ਕਰਨ ਲੱਗਦੀਆਂ ਹਨ। ਇਹ ਸਹੀ ਨਹੀਂ ਲੱਗਦਾ। ਕਿਸਾਨ ਜਥੇਬੰਦੀਆਂ ਨੂੰ ਆਪਣੀ ਪਹੁੰਚ ਬਾਰੇ ਫਿਰ ਤੋਂ ਸੋਚਣਾ ਚਾਹੀਦਾ ਹੈ। ਹੁਣੇ ਹੀ ਜ਼ੀਰੇ ਵਿੱਚ ਸ਼ਰਾਬ ਦੀ ਫੈਕਟਰੀ ਦਾ ਮੁੱਦਾ ਸੀ। ਜਿਸ ਤਰ੍ਹਾਂ ਫੈਕਟਰੀ ਦੇ ਮਾਲਕਾਂ ਨੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਉਨ੍ਹਾਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਜਿਹੜੇ ਸਰਕਾਰੀ ਅਫ਼ਸਰਾਂ ਨੇ ਉਨ੍ਹਾਂ ਦੀ ਮਦਦ ਕੀਤੀ, ਉਨ੍ਹਾਂ ਨੂੰ ਉਸ ਤੋਂ ਵੀ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਪਰ ਫੈਕਟਰੀ ਨੂੰ ਬੰਦ ਕਰਨ ਨਾਲ ਚਾਰ ਸੌ ਦੇ ਕਰੀਬ ਨੌਕਰੀਆਂ ਵੀ ਗਈਆਂ ਤੇ ਪੰਜਾਬ ਦੀ ਆਰਥਿਕਤਾ ਨੂੰ ਨੁਕਸਾਨ ਵੀ ਹੋਇਆ। ਮੇਰੇ ਖਿਆਲ ਵਿੱਚ ਜੇ ਨੌਜਵਾਨਾਂ ਦੇ ਭਵਿੱਖ ਅਤੇ ਨਾਲੋ ਨਾਲ ਪੰਜਾਬ ਅਤੇ ਪੰਜਾਬੀ ਦੇ ਭਵਿੱਖ ਨੂੰ ਸੁਰੱਖਿਅਤ ਕਰਨਾ ਹੈ ਤਾਂ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਜੇ ਨਵੀਆਂ ਨੌਕਰੀਆਂ ਨਹੀਂ ਤਾਂ ਪੰਜਾਬ ਵਿੱਚੋਂ ਜਵਾਨੀ ਬਾਹਰ ਜਾਣ ਲਈ ਮਜਬੂਰ ਹੁੰਦੀ ਹੀ ਰਹੇਗੀ ਤੇ ਬਾਹਰ ਜਾਣ ਲਈ ਪੰਜਾਬੀ ਦੀ ਥਾਂ ਅੰਗਰੇਜ਼ੀ ਨੂੰ ਪਹਿਲ ਮਿਲਦੀ ਰਹੇਗੀ।

ਕੁਝ ਕੁ ਗੱਲਾਂ ਵੱਲ ਧਿਆਨ ਦੇਣ ਨਾਲ ਸ਼ਾਇਦ ਪੰਜਾਬ ਦੀ ਜਵਾਨੀ ਅਤੇ ਪੰਜਾਬੀ ਨੂੰ ਫਾਇਦਾ ਹੋ ਸਕਦਾ ਹੈ। ਸਭ ਤੋਂ ਪਹਿਲੀ ਗੱਲ ਤਾਂ ਵਿਦਿਆ ਯਾਨੀ ਸਰਕਾਰੀ ਸਕੂਲਾਂ ਵਿੱਚ ਨਿਵੇਸ਼ ਕਰਨ ਦੀ ਲੋੜ ਹੈ। ਸਰਕਾਰ ਜਿਸ ਤਰ੍ਹਾਂ ਸਕੂਲਾਂ ਨੂੰ ਚਲਾ ਰਹੀ ਹੈ ਉਸ ਤੋਂ ਸਕੂਲਾਂ ਦਾ ਭਵਿੱਖ ਖਤਰੇ ਵਿੱਚ ਲੱਗਦਾ ਹੈ। ਬੱਚਿਆਂ ਨੂੰ ਮੌਜੂਦਾ ਪੜ੍ਹਾਈ ਦੇ ਨਾਲ ਕੁਝ ਹੁਨਰ ਸਿਖਾਉਣ ਦੀ ਲੋੜ ਹੈ। ਬਦਲੇ ਹਾਲਾਤਾਂ ਵਿੱਚ ਅਮਲੀ ਵਿਦਿਆ ਬਹੁਤ ਜ਼ਰੂਰੀ ਹੈ। ਮਕੈਨਿਕ, ਬਿਜਲੀ, ਪਲੰਬਿੰਗ, ਰਾਜਗਿਰੀ, ਵਪਾਰ ਆਦਿ ਦੀ ਅਮਲੀ ਸਿੱਖਿਆ ਬੱਚਿਆਂ ਨੂੰ ਸਕੂਲਾਂ ਵਿੱਚ ਹੀ ਦਿੱਤੀ ਜਾਵੇ ਤੇ ਅੱਗੇ ਉਹ ਆਪਣੇ ਭਵਿੱਖ ਬਾਰੇ ਖੁਦ ਨਿਰਣਾ ਕਰਨ।

ਸਕੂਲਾਂ ਵਿੱਚ ਜਿਹੜੇ ਪੰਜ ਸੱਤ ਹਜ਼ਾਰ ਦੀਆਂ ਤਨਖਾਹਾਂ 'ਤੇ ਅਧਿਆਪਕ ਭਰਤੀ ਕੀਤੇ ਜਾਂਦੇ ਹਨ ਉਹ ਬੰਦ ਕੀਤੇ ਜਾਣ। ਇਸ ਨਾਲ ਹੀਣੇਪਣ ਦਾ ਅਹਿਸਾਸ ਹੁੰਦਾ ਹੈ। ਪੱਕੀਆਂ ਨੌਕਰੀਆਂ ਪੂਰੀ ਤਨਖਾਹ 'ਤੇ ਦਿੱਤੀਆਂ ਜਾਣ। ਜੇ ਅਧਿਆਪਕਾਂ ਵਿੱਚ ਸਵੈ-ਵਿਸ਼ਵਾਸ, ਸਵੈ-ਸਤਿਕਾਰ ਹੀ ਪੈਦਾ ਨਹੀਂ ਹੋਵੇਗਾ ਤਾਂ ਬੱਚਿਆਂ 'ਤੇ ਵੀ ਇਸ ਦਾ ਨਾਂਹ ਵਾਚਕ ਅਸਰ ਪੈਣਾ ਕੁਦਰਤੀ ਹੈ। ਸਕੂਲਾਂ ਵਿੱਚ ਲੋੜ ਅਨੁਸਾਰ ਉਪਕਰਨ ਦਿੱਤੇ ਜਾਣ ਜਿਵੇਂ ਕੰਪਿਊਟਰ ਆਦਿ। ਜੇ ਸੱਚਮੁੱਚ ਹੀ ਸਰਕਾਰ ਵੀ ਪੰਜਾਬੀ ਬੋਲੀ ਪ੍ਰਤੀ ਸੁਹਿਰਦ ਹੋਵੇ ਤਾਂ ਉਸ ਨੂੰ ਰੂਸ ਅਤੇ ਯੂਕਰੇਨ ਤੋਂ ਸਿੱਖਣਾ ਚਾਹੀਦਾ ਹੈ ਜਿੱਥੇ ਭਾਰਤ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਸਾਇੰਸ ਅਤੇ ਮੈਡੀਕਲ ਦੀ ਸਿੱਖਿਆ ਲਈ ਜਾਂਦੇ ਹਨ। ਉੱਥੇ ਜਾ ਕੇ ਪਹਿਲਾਂ ਸਥਾਨਕ ਬੋਲੀ ਸਿੱਖਦੇ ਹਨ ਜਿਸ ਦਾ ਪੰਜਾਬ ਜਾਂ ਭਾਰਤੀ ਬੋਲੀਆਂ ਨਾਲ ਨਾਂਹ ਵਰਗਾ ਵਾਹ ਹੈ। ਅੰਗਰੇਜ਼ੀ ਤਾਂ ਸਾਡੇ ਸੰਵਿਧਾਨ ਵਿੱਚ ਵੀ ਮਾਨਤਾ ਪ੍ਰਾਪਤ ਬੋਲੀ ਹੈ। ਉਹ ਵਿਦਿਆਰਥੀ ਸਾਲ ਭਰ ਬੋਲੀ ਸਿੱਖਣ ਬਾਅਦ ਆਪਣੀ ਡਿਗਰੀ ਪੂਰੀ ਕਰਦੇ ਹਨ। ਜੇ ਪੰਜਾਬ ਦੀ ਸਰਕਾਰ ਚਾਹੇ ਤਾਂ ਪੰਜਾਬ ਵਿੱਚ ਵੀ ਉੱਚ ਵਿਦਿਆ ਨੂੰ ਵਪਾਰਕ ਪੱਖ ਤੋਂ ਵੀ ਵਿਕਸਤ ਕੀਤਾ ਜਾ ਸਕਦਾ ਹੈ ਜਿਸ ਨਾਲ ਪੰਜਾਬੀ ਬੋਲੀ ਨੂੰ ਵੀ ਵੱਡਾ ਫਾਇਦਾ ਹੋਵੇਗਾ। ਪਰ ਉਸ ਤੋਂ ਪਹਿਲਾਂ ਬਹੁਤ ਲਗਨ ਤੇ ਮਿਹਨਤ ਨਾਲ ਸਾਇੰਸ ਤੇ ਮੈਡੀਕਲ ਦੀ ਪੰਜਾਬੀ ਸ਼ਬਦਾਵਲੀ ਵਿਕਸਤ ਕਰਨੀ ਪਵੇਗੀ।

ਪੰਜਾਬ ਵਿੱਚ ਇੰਡਸਟਰੀ ਲਗਾਉਣ ਵੱਲ ਧਿਆਨ ਦਿੱਤਾ ਜਾਵੇ। ਲੋਕਾਂ ਤੋਂ ਜ਼ਮੀਨ ਖਰੀਦਣ (ਜੇ ਉਹ ਵੇਚਣਾ ਨਾ ਚਾਹੁਣ ਤਾਂ) ਦੀ ਥਾਂ ਪਟੇ 'ਤੇ ਲਈ ਜਾਵੇ ਤੇ ਉਨ੍ਹਾਂ ਨੂੰ ਜਿੰਨੀ ਕੁ ਆਮਦਨ ਫ਼ਸਲ ਨਾਲ ਹੁੰਦੀ ਹੈ ਉਸ ਅਨੁਸਾਰ ਠੇਕਾ ਦਿੱਤਾ ਜਾਵੇ ਜਿਸ ਵਿੱਚ ਮਹਿੰਗਾਈ ਦੇ ਵਾਧੇ ਅਨੁਸਾਰ ਹੀ ਸਾਲਾਨਾ ਵਾਧਾ ਹੋਵੇ। ਇੰਡਸਟਰੀ ਲਈ ਵਾਤਾਵਰਨ ਦੀ ਭਲਾਈ ਅਤੇ ਸੰਭਾਲ ਲਈ ਸਖ਼ਤ ਕਾਨੂੰਨ ਲਾਗੂ ਹੋਣ ਤੇ ਪ੍ਰਦੂਸ਼ਣ ਟੈਕਸ ਲਗਾਇਆ ਜਾਵੇ ਤਾਂ ਜੋ ਮਾਲਕ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਵੱਲ ਧਿਆਨ ਦੇਣ। ਅਜਿਹੇ ਹੋਰ ਵੀ ਕਦਮ ਉਠਾਏ ਜਾ ਸਕਦੇ ਹਨ, ਪਰ ਲੋਕਾਂ ਨੂੰ ਸਰਕਾਰ 'ਤੇ ਜ਼ੋਰ ਪਾਉਣਾ ਪਵੇਗਾ। ਪੰਜਾਬ ਅਤੇ ਪੰਜਾਬੀ ਦੀ ਭਲਾਈ ਚਾਹੁਣ ਵਾਲਿਆਂ ਨੂੰ ਪਿੰਡ ਪੱਧਰ ਤੋਂ ਅਜਿਹੀਆਂ ਮੰਗਾਂ ਉਠਾਉਣੀਆਂ ਪੈਣਗੀਆਂ ਕਿਉਂਕਿ ਸਾਡੀਆਂ ਸਰਕਾਰਾਂ ਉੱਚੀ ਆਵਾਜ਼ ਸੁਣਨ ਦੀਆਂ ਹੀ ਆਦੀ ਹੋ ਚੁੱਕੀਆਂ ਹਨ।

# ਧੂੜ ਵਿਚਲੇ ਕਣ

## ('ਸਾਹਿਤਕ-ਸਵੈ-ਜੀਵਨੀ' ਵਿੱਚੋਂ)



**ਵਰਿਆਮ ਸਿੰਘ ਸੰਧੂ**

ਕੋਈ ਵੀ ਵਿਅਕਤੀ ਆਪਣੇ ਇਤਿਹਾਸ ਅਤੇ ਹਾਲਾਤ ਦੀ ਪੈਦਾਵਾਰ ਹੁੰਦਾ ਹੈ। ਜੇਕਰ ਮੈਂ ਲੇਖਕ ਬਣ ਸਕਿਆਂ ਤਾਂ ਇਸ ਕਰਕੇ ਨਹੀਂ ਕਿ ਮੇਰੇ ਉੱਤੇ ਪ੍ਰਮਾਤਮਾ ਦੀ ਕੋਈ ਖ਼ਾਸ ਮਿਹਰ ਹੋਈ ਸਗੋਂ ਇਸ ਕਰਕੇ ਕਿ ਮੇਰੇ ਪਿਛੋਕੜ ਅਤੇ ਚੌਗਿਰਦੇ ਵਿੱਚ ਕਿਧਰੇ ਨਾ ਕਿਧਰੇ, ਕੁੱਝ ਨਾ ਕੁੱਝ ਅਜਿਹਾ ਜ਼ਰੂਰ ਹੋਵੇਗਾ, ਜਿਸ ਸਦਕਾ ਮੇਰੇ ਅੰਦਰ ਲੇਖਕ ਬਣਨ ਦਾ ਬੀਜ ਡਿੱਗ ਪਿਆ, ਜੋ ਸਮਾਂ ਆਉਣ 'ਤੇ ਲੋੜੀਂਦੀ 'ਰੌਸ਼ਨੀ' ਅਤੇ 'ਗਰਮੀ' ਮਿਲਣ ਨਾਲ ਫੁੱਟ ਪਿਆ।

ਭਾਵੇਂ ਇਸ 'ਕੁਝ ਨਾ ਕੁਝ' ਦੀ ਪਛਾਣ ਕਰ ਸਕਣੀ ਡਾਢੀ ਮੁਸ਼ਕਿਲ ਹੈ ਪਰ ਫ਼ਿਰ ਵੀ ਬੀਤੇ ਉੱਤੇ ਨਜ਼ਰ ਮਾਰਿਆਂ ਕੋਈ ਕੋਈ ਨਕਸ਼ ਉੱਘੜਦਾ ਉੱਭਰਦਾ ਦਿੱਸ ਪੈਂਦਾ ਹੈ।

ਮੇਰਾ ਇਹ ਦਾਅਵਾ ਹਰਗਿਜ਼ ਨਹੀਂ ਕਿ ਮੋਗੇ ਦੇ ਖ਼ਾਨਦਾਨੀ ਵੈਦਾਂ ਦੀ 'ਵੈਦਗੀ' ਵਾਂਗ ਸਾਹਿਤਕਾਰੀ ਵੀ ਮੈਨੂੰ 'ਵਿਰਾਸਤ' ਵਿੱਚ ਮਿਲੀ ਹੈ! ਜਿੱਥੋਂ ਤੱਕ ਮੇਰਾ ਧਿਆਨ ਜਾਂਦਾ ਹੈ ਮੇਰੇ ਨਾਨਕਿਆਂ ਅਤੇ ਦਾਦਕਿਆਂ ਦੋਹਾਂ ਪਰਿਵਾਰਾਂ ਵਿੱਚੋਂ ਮੇਰਾ ਪਿਓ ਪਹਿਲਾ ਆਦਮੀ ਸੀ ਜਿਸਨੇ ਸੱਤ ਜਮਾਤਾਂ ਪਾਸ ਕੀਤੀਆਂ ਅਤੇ ਆਪਣੇ ਖ਼ਾਨਦਾਨ ਵਿੱਚੋਂ ਮੈਂ ਪਹਿਲਾ ਆਦਮੀ ਸਾਂ ਜਿਸਨੇ ਦਸ ਜਮਾਤਾਂ ਪਾਸ ਕੀਤੀਆਂ। ਇੰਜ ਪੜ੍ਹਨ-ਲਿਖਣ ਦਾ ਨਿਸ਼ਚੈ ਹੀ ਮੇਰਾ ਕੋਈ ਗੌਰਵਸ਼ਾਲੀ ਪਿਛੋਕੜ ਨਹੀਂ। 'ਮਾਝੇ ਦੀ ਧੁੰਨੀ' ਦੇ ਨਾਮ ਨਾਲ ਪ੍ਰਸਿੱਧ, ਜਿਸ ਇਲਾਕੇ ਵਿੱਚ ਮੈਂ ਜੰਮਿਆ ਪਲਿਆ ਤੇ ਪ੍ਰਵਾਨ ਚੜ੍ਹਿਆ ਉਸ ਭੂਗੋਲਿਕ ਖਿੱਤੇ ਵਿੱਚ 'ਤੇਗ ਦੇ ਧਨੀ' ਤਾਂ ਬਹੁਤ ਹੋਏ ਪਰ 'ਕਲਮ ਦਾ ਧਨੀ' ਕੋਈ ਵਿਰਲਾ ਹੀ ਹੋਇਆ। ਪਹਿਲਾਂ ਲਾਹੌਰ, ਆਜ਼ਾਦੀ ਪਿੱਛੋਂ ਅੰਮ੍ਰਿਤਸਰ ਅਤੇ ਹੁਣ ਵਾਲੇ ਜ਼ਿਲ੍ਹੇ ਤਰਨਤਾਰਨ ਵਿਚਲੇ ਮੇਰੇ ਆਪਣੇ ਪਿੰਡ ਸੁਰ ਸਿੰਘ ਦੇ ਭਾਈ ਬਿਧੀ ਚੰਦ ਅਤੇ ਭਾਈ ਮਹਾਂ ਸਿੰਘ ਤੋਂ ਇਲਾਵਾ, ਮਾਈ ਭਾਗੋ (ਝਬਾਲ), ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ (ਸਿੰਘਪੁਰਾ), ਸ਼ਹੀਦ ਭਾਈ ਤਾਰੂ ਸਿੰਘ (ਪੂਹਲਾ), ਸ਼ਹੀਦ ਬਾਬਾ ਦੀਪ ਸਿੰਘ (ਪਹੂਵਿੰਡ) ਸੁੱਖਾ ਸਿੰਘ (ਮਾੜੀ ਕੰਬੋਕੇ), ਬਾਬਾ ਬੀਰ ਸਿੰਘ ਆਦਿ ਅਨੇਕ ਸ਼ਹੀਦ ਸੂਰਮਿਆਂ ਦੀਆਂ ਯਾਦਾਂ ਨਾਲ ਸੰਬੰਧਤ ਪਿੰਡ ਇੱਕ ਦੂਜੇ ਦੀ ਵੱਖੀ ਨਾਲ ਵੱਖੀ ਲਾਈ ਖੜੋਤੇ ਹਨ। ਇਹਨਾਂ ਸੂਰਮਿਆਂ ਦੇ ਖੜਕਦੇ ਖੰਡਿਆਂ ਤੇ ਲਿਸ਼ਕਦੀਆਂ ਤਲਵਾਰਾਂ ਤੋਂ ਪਾਰ ਕਸੂਰ ਵਿੱਚ ਬਾਬਾ ਬੁੱਲ੍ਹੇ ਸ਼ਾਹ ਵੀ ਹੁਣ ਨਜ਼ਰੀਂ ਪੈ ਰਿਹਾ ਹੈ ਅਤੇ ਪਰ੍ਹੇ ਰਾਵੀ ਤੋਂ ਪਾਰ ਬਾਬਾ ਨਾਨਕ ਆਪਣੀ ਬਾਣੀ ਅਲਾਪ ਰਿਹਾ ਹੈ। ਇਹ ਦੋਵੇਂ ਸ਼ਾਇਰ ਭਾਵੇਂ ਸਮੁੱਚੀ ਪੰਜਾਬੀ ਕੌਮ ਦੀ ਮਹਾਨ ਵਿਰਾਸਤ ਹਨ ਪਰ ਮੈਨੂੰ ਲੇਖਕ ਬਨਾਉਣ ਵਿੱਚ ਇਹਨਾਂ ਦਾ ਕੋਈ ਤਤਕਾਲੀ ਰੋਲ ਨਹੀਂ।

ਉਂਜ ਵੀ ਜੱਟ ਭਾਈਚਾਰੇ ਦਾ ਮੁੱਖ ਕੰਮ ਮਾਲ- ਡੰਗਰ ਸਾਂਭਣਾ ਤੇ ਖੇਤੀ ਕਰਨਾ ਰਿਹਾ ਹੈ। ਪੜ੍ਹਨ-ਲਿਖਣ ਤੋਂ ਬਿਨਾਂ ਹੀ ਸਾਰ ਲੈਣ ਵਿੱਚ ਇਸ ਭਾਈਚਾਰੇ ਨੂੰ ਕਦੇ ਬਹੁਤਾ ਉਜਰ ਨਹੀਂ ਰਿਹਾ। ਹਾਂ, ਸਾਡੇ ਸੰਧੂ ਵਡੇਰਿਆਂ ਵਿੱਚੋਂ ਬਾਬਾ ਜੱਲ੍ਹਣ ਜ਼ਰੂਰ ਇੱਕ ਸ਼ਾਇਰ ਹੋਇਆ ਹੈ ਜਿਸ ਦੀ ਹਾਸ-ਰਸੀ ਖੜਕਵੀਂ ਕਵਿਤਾ ਦੀ ਮਿਸਾਲ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚੋਂ ਮਿਲ ਜਾਂਦੀ ਹੈ। ਮੇਰੇ ਵਡੇਰਿਆਂ ਦੇ ਪਿੰਡ ਭਡਾਣਾ ਦੇ ਗੁਆਂਢੀ ਪਿੰਡ ਨੌਸ਼ਹਿਰਾ-ਢਾਲਾ ਵਿੱਚ ਪੈਦਾ ਹੋਏ ਬਾਬੇ ਜੱਲ੍ਹਣ ਨਾਲ ਜ਼ਰੂਰ ਮੇਰੀ ਕਿਤੇ ਨਾ ਕਿਤੇ ਜਾ ਕੇ ਖ਼ੂਨ ਦੀ ਸਾਂਝ ਬਣ ਜਾਂਦੀ ਹੋਣੀ ਹੈ ਕਿਉਂਕਿ 'ਭਡਾਣਾ' ਅਤੇ 'ਨੌਸ਼ਹਿਰਾ' ਦੋਵੇਂ ਸੰਧੂਆਂ ਦੇ ਵਸਾਏ ਪਿੰਡ ਹਨ। ਸੰਧੂ ਕਾਦਰਯਾਰ ਵਾਂਗ ਸੰਧੂ ਜੱਲ੍ਹਣ ਜੱਟ ਮੇਰੇ ਗੋਤੀ ਅਤੇ ਭਾਈਚਾਰਕ 'ਮਾਣ' ਦਾ ਕਾਰਨ ਤਾਂ ਹੋ ਸਕਦੇ ਹਨ ਪਰ ਮੈਨੂੰ ਲੇਖਕ ਬਨਾਉਣ ਵਿੱਚ ਉਹਨਾਂ ਦਾ ਕੋਈ ਯੋਗਦਾਨ ਨਹੀਂ ਆਖਿਆ ਜਾ ਸਕਦਾ। ਕਸੂਰ ਦੇ ਨੇੜਲੇ ਪਿੰਡ ਕਾਦੀਵਿੰਡ ਦਾ ਜੰਮ-ਪਲ ਸ਼੍ਰੋਮਣੀ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਭਾਵੇਂ ਪਿੱਛੋਂ ਜਾ ਕੇ ਇੱਕ ਬਹੁਤ ਮਾਣਯੋਗ ਨਾਵਲਕਾਰ ਵਜੋਂ ਵੀ ਉੱਭਰਿਆ; ਪਰ ਮੇਰੇ ਲਿਖਣ ਵਾਲੇ ਮੁੱਢਲੇ ਸਾਲਾਂ ਵਿੱਚ ਅਸੀਂ ਉਸਨੂੰ ਸਿਰਫ਼ ਢਾਡੀ ਵਾਰਾਂ ਦੇ ਲੇਖਕ ਵਜੋਂ ਹੀ ਜਾਣਦੇ ਹੁੰਦੇ ਸਾਂ।

ਤਾਂ ਕੀ ਮੈਂ ਰੱਬ ਵੱਲੋਂ 'ਵਰੋਸਾਈ' ਕੋਈ ਸ਼ਖ਼ਸੀਅਤ ਹਾਂ?

ਕਿਸੇ ਵਿਅਕਤੀ ਨੂੰ ਪ੍ਰਾਪਤ ਵਾਤਾਵਰਣ/ਪਰਿਵੇਸ਼ ਜਿੱਥੇ ਉਸਦੀ ਸ਼ਖ਼ਸੀਅਤ ਦੀ ਉਣਤਰ-ਬਣਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ, ਓਥੇ ਉਹ ਆਪਣੇ ਮਾਪਿਆਂ ਦੁਆਰਾ ਪ੍ਰਾਪਤ ਜੀਨਜ਼ ਰਾਹੀਂ, ਪੀੜ੍ਹੀ-ਦਰ-ਪੀੜ੍ਹੀ ਦੂਰ ਤੱਕ, ਆਪਣੇ ਖ਼ਾਨਦਾਨੀ ਵਡੇਰਿਆਂ ਤੋਂ ਵੀ ਅਜਿਹੇ ਸਰੀਰਕ/ਮਾਨਸਿਕ ਗੁਣ-ਲੱਛਣ ਗ੍ਰਹਿਣ ਕਰਦਾ ਹੈ, ਜਿਨ੍ਹਾਂ ਦਾ ਉਸਦੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਗੁੱਝਾ ਅਤੇ ਸਹਿਜ ਯੋਗਦਾਨ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ।ਆਪਣੇ ਪ੍ਰਸੰਗ ਵਿੱਚ ਇਸ 'ਗੁੱਝੇ ਅਤੇ ਸਹਿਜ ਯੋਗਦਾਨ' ਦੀ ਵਿਆਖਿਆ ਕਰ ਸਕਣੀ ਸੰਭਵ ਨਹੀਂ। ਫ਼ਿਰ ਵੀ ਜੇ ਮੈਂ ਮੋਟਾ ਜਿਹਾ ਅਨੁਮਾਨ ਲਾਵਾਂ ਤਾਂ ਮੈਨੂੰ ਲੱਗਦਾ ਹੈ ਕਿ ਸਰੀਰਕ ਪੱਖੋਂ ਮੈਂ ਆਪਣੇ ਪਿਓ ਅਤੇ ਨਾਨੇ ਨਾਲ ਕਈ ਪੱਖਾਂ ਤੋਂ ਮਿਲਦਾ ਹਾਂ। ਇੱਕ ਵਾਰ ਮੇਰਾ ਨਾਨਾ ਸਾਡੇ ਪਿੰਡ ਆਇਆ, ਸਰਦੀਆਂ ਦੀ ਧੁੱਪ ਮਾਨਣ ਲਈ, ਹਵੇਲੀ ਵਿੱਚ ਲੇਟਿਆ ਹੋਇਆ ਆਰਾਮ ਕਰ ਰਿਹਾ ਸੀ। ਸਾਡੀ ਇੱਕ ਗੁਆਂਢਣ ਕੁੜੀ, ਮੇਰੀ ਭੈਣ ਦੀ ਸਹੇਲੀ, ਆਈ। ਉਸ ਨੇ ਅੱਖਾਂ ਮੀਟੀ ਸੁੱਤੇ ਜਾਪਦੇ ਨਾਨੇ ਦੇ ਚਿਹਰੇ ਵੱਲ ਵੇਖਿਆ ਤੇ ਹੈਰਾਨੀ ਨਾਲ ਮੇਰੀ ਭੈਣ ਨੂੰ ਆਖਿਆ, "ਹਾਇ ਨੀ! ਬਾਪੂ ਤਾਂ ਨਿਰਾ-ਪੂਰਾ ਭਾਅ ਜੀ ਵਰਗਾ......"

ਨਾਨਾ ਜਾਗਦਾ ਪਿਆ ਸੀ। ਉੱਠ ਬੈਠਾ ਤੇ ਮੁਸਕਰਾ ਕੇ ਆਖਣ ਲੱਗਾ, "ਪੁੱਤ! ਬਾਪੂ ਭਾਅ ਜੀ ਵਰਗਾ ਨਹੀਂ; ਭਾਅ ਜੀ ਬਾਪੂ ਵਰਗਾ ਆਖ।"

ਸ਼ਬਦਾਂ ਦੀ ਠੀਕ ਤੇ ਸੁਚੇਤ ਵਰਤੋਂ ਕਰਨ ਦਾ ਹੁਨਰ ਕਿਸੇ ਵੀ ਲੇਖਕ ਦੀ ਪਹਿਲੀ ਵੱਡੀ ਲੋੜ ਹੈ। ਨਾਨਾ ਲੇਖਕ ਤਾਂ ਨਹੀਂ ਸੀ ਪਰ ਸ਼ਬਦਾਂ ਦੀ ਵਰਤੋਂ ਬਾਰੇ ਕਿੰਨਾਂ ਸੁਚੇਤ ਸੀ!

ਸੁਭਾਅ ਪੱਖੋਂ ਵੀ ਮੇਰਾ ਕੁੱਝ ਨਾ ਕੁੱਝ ਆਪਣੇ ਪਿਓ ਅਤੇ ਨਾਨੇ ਨਾਲ ਮਿਲਦਾ ਜੁਲਦਾ ਨਜ਼ਰ ਆਉਂਦਾ ਹੈ। ਮੇਰਾ ਪਿਓ ਅਤੇ ਨਾਨਾ ਦੋਵੇਂ ਹੀ ਬਹੁਤੀਆਂ ਗੱਲਾਂ ਕਰਨ ਵਾਲੇ ਇਨਸਾਨ ਨਹੀਂ ਸਨ। ਉਹ ਚੁੱਪ ਰਹਿਣ ਵਾਲੇ, ਥੋੜ੍ਹਾ ਕਹਿਣ ਵਾਲੇ ਤੇ ਬਹੁਤਾ ਸੁਣਨ ਵਾਲੇ ਇਨਸਾਨ ਸਨ। ਬਚਪਨ ਉੱਪਰ ਝਾਤ ਮਾਰਦਾ ਹਾਂ ਤਾਂ ਲੱਗਦਾ ਹੈ; ਮੈਂ ਵੀ ਬਹੁਤ ਅੰਤਰਮੁਖੀ ਕਿਸਮ ਦਾ ਬੱਚਾ ਸਾਂ। ਬਹੁਤ ਘੱਟ ਬੋਲਦਾ ਸਾਂ। ਬਹੁਤਾ ਸੁਣਦਾ ਤੇ ਵਾਚਦਾ ਸਾਂ। ਵੇਖੇ, ਸੁਣੇ, ਜਾਣੇ-ਮਾਣੇ ਤੇ ਵਾਚੇ ਵਰਤਾਰਿਆਂ ਦਾ ਅੰਦਰ ਹੀ ਅੰਦਰ ਪ੍ਰਭਾਵ ਮਹਿਸੂਸ ਕਰਦਾ ਰਹਿੰਦਾ। ਬੂੰਦ ਬੂੰਦ ਚੁਣੇ ਜਾਂਦੇ ਸ਼ਹਿਦ ਵਾਂਗ




ਇਹ ਪ੍ਰਭਾਵ ਮੇਰੇ ਮਨ ਵਿੱਚ ਇਕੱਠੇ ਹੁੰਦੇ ਜਾਂਦੇ। ਮੈਂ ਬਿਆਨ ਨਾ ਕਰਦਾ ਪਰ ਦੁੱਖ-ਸੁੱਖ ਦੇ ਭਾਵ ਮੇਰੇ ਅੰਦਰ ਨੂੰ ਝੂਣਦੇ-ਹਲੂਣਦੇ ਰਹਿੰਦੇ। ਮੈਂ ਇਹਨਾਂ ਭਾਵਾਂ ਵਿੱਚ ਭਿੱਜਦਾ-ਸੁੱਕਦਾ ਰਹਿੰਦਾ। ਹੁਣ ਵੀ ਮੈਂ ਬਹੁਤ ਵਧੀਆ ਸਰੋਤਾ ਹਾਂ। ਮਹਿਫ਼ਿਲਾਂ ਵਿੱਚ ਆਮ ਤੌਰ 'ਤੇ ਚੁੱਪ ਹੀ ਰਹਿੰਦਾ ਹਾਂ। ਦੂਜਿਆਂ ਨੂੰ ਕੁੱਝ ਸੁਨਾਉਣ ਨਾਲੋਂ ਉਹਨਾਂ ਕੋਲੋਂ ਕੁੱਝ ਸੁਣਨਾ ਮੈਨੂੰ ਵਧੇਰੇ ਚੰਗਾ ਲੱਗਦਾ ਹੈ। ਮੈਂ ਉਹਨਾਂ ਦੇ ਬੋਲਾਂ ਤੇ ਰਮਜ਼ਾਂ ਨੂੰ ਮਾਣਦਾ ਹਾਂ ਤੇ ਅੰਦਰ ਹੀ ਅੰਦਰ ਰਸ ਲੈਂਦਾ ਰਹਿੰਦਾ ਹਾਂ। ਜਿਹੜੇ ਮੇਰੇ ਨਿਕਟੀ ਦੋਸਤਾਂ ਨੇ ਮੈਨੂੰ ਇੱਕ 'ਗੱਲ-ਬਾਜ਼' ਵਜੋਂ ਜਾਣਿਆ ਅਤੇ ਵੇਖਿਆ ਹੈ ਉਹਨਾਂ ਨੂੰ ਮੇਰਾ 'ਚੁੱਪ ਰਹਿਣ' ਬਾਰੇ ਦਿੱਤਾ ਬਿਆਨ ਸ਼ਾਇਦ ਓਪਰਾ ਲੱਗਦਾ ਹੋਵੇ। ਬਹੁਤਾ ਚੁੱਪ ਰਹਿਣ ਦੇ ਨਾਲ ਨਾਲ ਹੀ ਕਦੀ ਕਦੀ ਮੈਨੂੰ ਬਹੁਤੀਆਂ ਗੱਲਾਂ ਮਾਰਨ ਦਾ ਵੀ ਸ਼ੌਕ ਜਾਗ ਪੈਂਦਾ ਹੈ। ਝੂਠ-ਸੱਚ ਰਲਾ ਕੇ ਮੈਂ ਮਹਿਫ਼ਿਲ ਨੂੰ ਗਰਮਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ। ਇਹ 'ਕਲਾ' ਮੈਨੂੰ ਸ਼ਾਇਦ ਮੇਰੀ ਮਾਂ ਕੋਲੋਂ ਮਿਲੀ ਹੈ। ਮੇਰਾ ਪਿਓ ਜਿੰਨਾ ਘੱਟ ਬੋਲਦਾ ਸੀ, ਮੇਰੀ ਮਾਂ ਉਸ ਤੋਂ ਉਲਟ ਆਏ-ਗਏ ਤੇ ਆਂਢਣਾਂ-ਗੁਆਂਢਣਾਂ ਨਾਲ ਘੰਟਿਆਂ ਬੱਧੀ ਗੱਲਾਂ ਮਾਰ ਸਕਦੀ ਸੀ। ਉਹਦੀ ਇਹ 'ਕਲਾ-ਕੌਸ਼ਲਤਾ' ਇਸ ਹੱਦ ਤੱਕ ਪ੍ਰਭਾਵਸ਼ਾਲੀ ਸੀ ਕਿ ਕਦੀ ਕਦੀ ਮੇਰੇ ਬੱਚੇ ਤੇ ਮੇਰੀ ਪਤਨੀ ਹੱਸਦੇ ਹੋਏ ਮੇਰੇ ਨਾਲ ਸ਼ਾਮਿਲ ਹੋ ਜਾਂਦੇ; ਜਦ ਮੈਂ ਕਹਿੰਦਾ, "ਬੀਬੀ ਤਾਂ ਕਦੀ ਕਦੀ ਐਨ ਸੱਚੀਂ-ਮੁੱਚੀਂ ਝੂਠ ਦਾ ਮਹਿਲ ਉਸਾਰ ਕੇ ਵਿਖਾ ਦਿੰਦੀ ਹੈ...।" ਭਾਵੇਂ ਕਿ ਸੱਚ ਦਾ ਵਿਸ਼ਵਾਸ ਦਿਵਾਉਂਦਾ ਹੋਇਆ ਉਸਦਾ ਝੂਠ ਕਿਸੇ ਨਾ ਕਿਸੇ ਪੱਖੋਂ ਪਰਿਵਾਰਕ ਹਿਤ ਵਿੱਚ ਹੀ ਹੁੰਦਾ। ਬਕੌਲ ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਅਸੀਂ ਇਸ ਝੂਠ ਨੂੰ 'ਸੱਚਾ ਝੂਠ' ਦੇ ਖ਼ਾਨੇ ਵਿੱਚ ਰੱਖ ਸਕਦੇ ਹਾਂ। ਬੀਬੀ ਸਭ ਰਿਸ਼ਤੇਦਾਰਾਂ, ਭੈਣ-ਭਰਾਵਾਂ ਨੂੰ ਇੱਕ ਦੂਜੇ ਬਾਰੇ ਇਹੋ ਜਿਹੇ ਸੁਖਾਵੇਂ ਤੇ ਚੰਗੇ ਵੇਰਵੇ ਦੱਸਦੀ ਕਿ ਸੁਣਨ ਵਾਲੇ ਨੂੰ ਹੈਰਾਨੀ ਤੇ ਖ਼ੁਸ਼ੀ ਵਿੱਚ ਜਾਪਣ ਲੱਗਦਾ ਕਿ ਸ਼ਾਇਦ ਸੱਚੀਂ ਹੀ ਅਗਲਾ ਮੇਰੇ ਬਾਰੇ ਇੰਨੀ ਚੰਗੀ ਰਾਇ ਰੱਖਦਾ ਹੈ! ਉਂਜ ਭਾਵੇਂ ਅਸੀਂ ਇੱਕ ਦੂਜੇ ਬਾਰੇ ਥੋੜ੍ਹੀ ਬਹੁਤੀ ਕੜਵਾਹਟ ਜਾਂ ਤਣਾਓ ਹੀ ਮਹਿਸੂਸ ਕਿਉਂ ਨਾ ਕਰ ਰਹੇ ਹੁੰਦੇ, ਪਰ ਬੀਬੀ ਦੀਆਂ ਗੱਲਾਂ ਸੁਣਨ ਪਿੱਛੋਂ ਲੱਗਦਾ ਕਿ ਅਸੀਂ ਗ਼ਲਤ ਹਾਂ। ਪਰ ਅਸਲ ਵਿੱਚ ਜਦੋਂ ਅਸੀਂ ਆਪਸ ਵਿੱਚ ਮਿਲ ਕੇ, ਵਿਹਾਰ ਵਿੱਚ ਪੈ ਕੇ ਇੱਕ ਦੂਜੇ ਨੂੰ ਜਾਣਦੇ ਜਾਂ ਕੁੱਝ ਚਿਰ ਪਿੱਛੋਂ ਅਸਲੀਅਤ ਸਮਝ ਆਉਂਦੀ ਤਾਂ ਪਤਾ ਲੱਗਦਾ ਕਿ ਬੀਬੀ ਵੱਲੋਂ 'ਦੂਜੀ ਧਿਰ' ਬਾਰੇ ਦੱਸੀਆਂ ਬਹੁਤੀਆਂ ਗੱਲਾਂ ਤਾਂ ਮਨਘੜਤ ਸਨ। ਪਰ ਚੰਗੀ ਗੱਲ ਇਹ ਸੀ ਕਿ ਬੀਬੀ ਦੀਆਂ ਬਹੁਤੀਆਂ 'ਮਨਘੜਤ ਗੱਲਾਂ' ਪਰਿਵਾਰਕ ਅਤੇ ਸਮਾਜਕ ਸੰਬੰਧਾਂ ਨੂੰ ਵਿਗਾੜਨ ਦੀ ਥਾਂ, ਉਹਦੇ ਆਪਣੇ ਦ੍ਰਿਸ਼ਟੀਕੋਣ ਤੋਂ, ਸਵਾਰਨ ਦਾ ਹੀ ਇੱਕ ਸੁਹਿਰਦ ਉਪਰਾਲਾ ਹੁੰਦੀਆਂ।

ਤੇ 'ਗਲਪ' ਲਿਖਣਾ ਵੀ ਤਾਂ ਮੰਨਣਯੋਗ ਜਾਪਣ ਵਾਲਾ 'ਝੂਠ-ਸੱਚ ਦਾ ਰਲਾ' ਹੀ ਹੁੰਦਾ ਹੈ, ਜਿਹੜਾ ਕਿਤੇ ਨਾ ਕਿਤੇ ਪਾਠਕਾਂ ਅੰਦਰੋਂ 'ਮਾੜਾ ਤੋੜਨ' ਤੇ 'ਚੰਗਾ ਜੋੜਨ' ਦਾ ਉਪਰਾਲਾ ਕਰਦਾ ਹੈ। ਇੰਜ ਮੇਰੀ ਬੀਬੀ 'ਮੌਖਿਕ ਗਲਪਕਾਰ' ਦਾ ਰੋਲ ਅਦਾ ਕਰਦੀ ਨਹੀਂ ਜਾਪਦੀ! ਉਸ ਵੱਲੋਂ ਚੰਗੇ ਤੇ ਸੁਖਾਵੇਂ ਸੰਬੰਧ ਬਣਾਈ ਰੱਖਣ ਦੀ ਸੁਹਿਰਦ ਕੋਸ਼ਿਸ਼ ਆਪਣੇ ਰਿਸ਼ਤਿਆਂ ਅਤੇ ਚੌਗਿਰਦੇ ਵਿੱਚ ਚੰਗਾ ਵੇਖਣ ਦੀ ਰੀਝ ਦਾ ਪ੍ਰਤੀਕ ਹੀ ਤਾਂ ਸੀ! ਸਾਹਿਤਕਾਰ ਦਾ ਮੰਤਵ ਵੀ ਤਾਂ ਇਹੋ ਹੁੰਦਾ ਹੈ।

ਮੈਨੂੰ ਯਾਦ ਹੈ, ਛੋਟੇ ਹੁੰਦਿਆਂ ਸਾਡੇ ਘਰ ਜਦੋਂ ਕੋਈ ਦੂਰ ਨੇੜੇ ਦਾ ਪ੍ਰਾਹੁਣਾ ਆਉਣਾ ਤਾਂ ਬੀਬੀ ਨੇ ਉਹਨਾਂ ਦੇ ਸੁਆਗਤ ਵਿੱਚ 'ਜੀ ਆਇਆਂ' ਆਖਦਿਆਂ ਤੇ ਭਰਪੂਰ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਣਾ ਕਿ ਕਿਵੇਂ ਉਸ ਵਿਸ਼ੇਸ਼ ਪ੍ਰਾਹੁਣੇ ਨੂੰ ਸਾਰਾ ਪਰਿਵਾਰ ਯਾਦ ਕਰਦਾ ਸੀ ਤੇ ਕਿਵੇਂ ਕੱਲ੍ਹ ਪਰਸੋਂ ਜਾਂ ਰਾਤੀਂ ਹੀ ਗੱਲ ਹੁੰਦੀ ਪਈ ਸੀ ਕਿ ਉਹ 'ਪ੍ਰਾਹੁਣਾ' ਕਦੀ ਆਇਆ ਕਿਉਂ ਨਹੀਂ ਹੁਣ! ਤੇ ਕਦੀ-ਕਦੀ ਬੀਬੀ ਨੇ ਇਹ ਵੀ ਆਖਣਾ, "ਅਜੇ ਵਰਿਆਮ ਕੱਲ੍ਹ ਗੱਲ ਕਰਦਾ ਸੀ ਕਿ ......ਨੂੰ ਆਇਆਂ ਬੜਾ ਹੀ ਚਿਰ ਹੋ ਗਿਐ......ਉਹਨੂੰ ਮਿਲਣ ਨੂੰ ਬੜਾ ਜੀਅ ਕਰਦਾ ਹੈ! ........"

ਫ਼ਿਰ ਉਸਨੇ ਮੁਸਕਰਾ ਕੇ ਮੈਨੂੰ ਆਖਣਾ, "ਲੈ ਆ ਗਿਆ ਈ! ਮਿਲ ਅੱਗੇ ਹੋ ਕੇ। ਹੁਣ ਵੇਖ ਕਿਵੇਂ ਸੰਗਦਾ ਪਿੱਛੇ ਖਲੋਤਾ ਹੈ।"

ਆਇਆ ਪ੍ਰਾਹੁਣਾ ਮੈਨੂੰ ਪਿਆਰ ਨਾਲ ਗੱਲਵਕੜੀ ਵਿੱਚ ਲੈ ਲੈਂਦਾ। ਮੈਂ ਹੈਰਾਨ ਹੋਇਆ ਸੋਚ ਰਿਹਾ ਹੁੰਦਾ, 'ਕੱਲ੍ਹ ਤਾਂ ਕਿਧਰੇ ਰਿਹਾ, ਮੈਂ ਤਾਂ ਕਦੇ ਇਸ ਬੰਦੇ ਦੇ ਆਉਣ ਬਾਰੇ ਸੋਚਿਆ ਵੀ ਨਹੀਂ ਸੀ। ਮੇਰੀ ਬੀਬੀ ਝੂਠ ਕਿਉਂ ਮਾਰੀ ਜਾਂਦੀ ਹੈ?' ਰਹਿੰਦਾ; ਪਰ ਆਇਆ ਮਹਿਮਾਨ ਖ਼ੁਸ਼ ਹੋ ਗਿਆ ਹੁੰਦਾ ਕਿ ਉਹ ਇਸ ਘਰ ਵਿੱਚ ਅਣਚਾਹਿਆ-ਪ੍ਰਾਹੁਣਾ ਨਹੀਂ। ਇਥੇ ਉਸਦੀ ਮੁਹੱਬਤ ਅਤੇ ਚਾਅ ਨਾਲ ਉਡੀਕ ਕੀਤੀ ਜਾਂਦੀ ਹੈ।

ਇਕ ਘਟਨਾ ਯਾਦ ਆਉਂਦੀ ਹੈ। ਕਿਸੇ 'ਸਾਹਿਤ-ਸਭਾ' ਵੱਲੋਂ ਮੇਰੇ ਨਾਲ ਰੂ-ਬ-ਰੂ ਕੀਤਾ ਜਾ ਰਿਹਾ ਸੀ। ਸਵਾਲਾਂ-ਜਵਾਬਾਂ ਦਾ ਸਿਲਸਿਲਾ ਚੱਲ ਰਿਹਾ ਸੀ ਕਿ ਇੱਕ ਸਰੋਤੇ ਨੇ ਉੱਠ ਕੇ ਕਿਹਾ, "ਸੰਧੂ ਸਾਹਿਬ! ਮੇਰੀ ਤੁਹਾਡੇ ਤੋਂ ਮੰਗ ਹੈ ਕਿ ਤੁਸੀਂ ਹੁਣੇ ਹੀ ਆਪਣੇ ਮਨ ਅੰਦਰ ਝਾਤੀ ਮਾਰੋ ਅਤੇ ਵੇਖੋ ਕਿ ਤੁਹਾਨੂੰ ਆਪਣੇ ਚੇਤੇ ਵਿਚੋਂ ਇੱਕ-ਦਮ ਕਿਹੜੀ ਤਸਵੀਰ ਉੱਘੜਦੀ ਦਿਸਦੀ ਹੈ, ਸਾਡੇ ਨਾਲ ਉਹੋ ਗੱਲ ਸਾਂਝੀ ਕਰੋ!"

ਸਵਾਲ ਦਿਲਚਸਪ ਸੀ। ਮੈਂ ਆਪਣੇ ਮਨ ਵਿਚ ਪਲ ਕੁ ਲਈ ਉੱਤਰਿਆ। ਮੈਨੂੰ ਪਹਿਲੀ ਨਜ਼ਰੇ ਹੀ ਆਪਣੀ ਸੋਚ ਦੇ ਚਿਤਰ-ਪੱਟ 'ਤੇ ਆਪਣੀ ਮਾਂ ਦੀ ਤਸਵੀਰ ਨਜ਼ਰ ਆਈ। ਆਪਣੇ ਆਪ 'ਤੇ ਹੈਰਾਨੀ ਵੀ ਹੋਈ ਅਤੇ ਸ਼ਰਮ ਵੀ ਆਈ ਕਿ ਆਪਣੀ ਮਾਂ ਨਾਲ ਜੁੜੀ ਇਸ ਘਟਨਾ ਨੂੰ ਕਿਵੇਂ ਭੁਲਾਈ ਬੈਠਾ ਸਾਂ!

ਤੇ ਫਿਰ ਆਪਣੇ ਸਰੋਤਿਆਂ ਨਾਲ ਇਹ ਯਾਦ ਇਸਤਰ੍ਹਾਂ ਸਾਂਝੀ ਕੀਤੀ:

1972 ਦੀ 'ਮੋਗਾ-ਐਜੀਟੇਸ਼ਨ' ਵਿਚ ਕੁਝ ਦਿਨ ਜੇਲ੍ਹ ਵਿਚ ਕੱਟਣ ਤੋਂ ਬਾਅਦ ਮੈਂ ਥੋੜ੍ਹੇ ਚਿਰ ਲਈ ਪੁਲਿਸ ਤੋਂ ਬਚਣ ਵਾਸਤੇ 'ਆਸੇ-ਪਾਸੇ' ਹੋਇਆ, ਹੋਇਆ ਸਾਂ ਤਾਕਿ ਕਿਧਰੇ ਮੈਨੂੰ ਦੋਬਾਰਾ ਗ੍ਰਿਫ਼ਤਾਰ ਨਾ ਕਰ ਲਿਆ ਜਾਵੇ। ਮੇਰੇ ਘਰਦਿਆਂ ਨੂੰ ਮੇਰੀ ਠਾਹਰ ਦਾ ਪਤਾ ਸੀ। ਇੱਕ ਦੋਸਤ ਮੇਰੇ ਕੋਲ ਪੁੱਜਾ ਤੇ ਦੱਸਿਆ ਕਿ ਮੇਰੇ ਪਿਉ ਦੀ ਹਾਲਤ ਠੀਕ ਨਹੀਂ ਅਤੇ ਬੀਬੀ ਦਾ ਸੁਨੇਹਾ ਹੈ ਕਿ ਮੈਂ ਤੁਰਤ ਘਰ ਪਹੁੰਚਾਂ। ਮੈਂ ਉਸਦੇ ਨਾਲ ਹੀ ਤੁਰ ਪਿਆ। ਪਿੰਡ ਪਹੁੰਚਿਆ ਤਾਂ ਪਤਾ ਲੱਗਾ ਕਿ ਮੇਰੇ ਪਿਤਾ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਉਸਨੂੰ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿਚ ਲੈ ਗਏ ਸਨ।

ਮੈਂ ਅੰਮ੍ਰਿਤਸਰ ਪੁੱਜਾ। ਆਕਸੀਜਨ ਲੱਗੀ ਹੋਈ; ਮੇਰਾ ਪਿਤਾ ਬੇਹੋਸ਼ ਪਿਆ ਸੀ। ਬੀਬੀ ਮੇਰੇ ਪਿਤਾ ਦੇ ਸਿਰਹਾਣੇ ਬੈਠੀ ਸੀ। ਉਸਨੇ ਸਟੂਲ ਤੋਂ ਉੱਠ ਕੇ ਮੈਨੂੰ ਜੱਫੀ ਵਿਚ ਲਿਆ ਅਤੇ 'ਫਿਕਰ ਨਾ ਕਰਨ ਲਈ' ਕਿਹਾ। ਉਸ ਮੁਤਾਬਕ "ਡਾਕਟਰ ਆਪਣੀ ਪੂਰੀ ਵਾਹ ਲਾ ਰਹੇ ਨੇ। ਮਹਾਂਰਾਜ ਭਲੀ ਕਰੂਗਾ।" ਉਹ ਹੌਂਸਲੇ ਵਿਚ ਸੀ।

ਪਿਤਾ ਨੂੰ ਬੇਹੋਸ਼ੀ ਦੀ ਅਵਸਥਾ ਵਿਚ ਬੈੱਡ 'ਤੇ ਪਿਆਂ ਅੱਜ ਤੀਸਰਾ ਦਿਨ ਸੀ। ਦਿਮਾਗ਼ ਦੀ ਨਾੜੀ ਫਟ ਗਈ ਸੀ। ਡਾਕਟਰ 'ਹਾਂ' ਜਾਂ 'ਨਾਂਹ' ਵਿਚ ਜਵਾਬ ਨਹੀਂ ਸਨ ਦਿੰਦੇ। ਟੈਸਟ ਹੋ ਰਹੇ ਸਨ। ਅੱਜ ਮੈਂ ਅਤੇ ਮੇਰਾ ਇੱਕ ਦੋਸਤ ਮੈਡੀਕਲ ਕਾਲਜ ਤੋਂ ਕਿਸੇ ਟੈਸਟ ਦੀ ਰਿਪੋਰਟ ਲੈਣ ਗਏ ਸਾਂ। ਨੌਂ-ਦਸ ਵਜੇ ਦੇ ਗਿਆਂ ਨੂੰ ਰਿਪੋਰਟ ਲੈਂਦਿਆਂ-ਕਰਦਿਆਂ ਸਾਨੂੰ ਡੇਢ-ਦੋ ਦਾ ਸਮਾਂ ਹੋ ਗਿਆ ਸੀ।

ਜਦੋਂ ਅਸੀਂ ਵਾਪਸ ਪਰਤੇ ਤਾਂ ਬੀਬੀ ਮੇਰੇ ਪਿਤਾ ਦੇ ਸਿਰਹਾਣਿਓਂ ਉੱਠ ਕੇ ਅੱਗਲਵਾਂਢੀ ਸਾਨੂੰ ਕਮਰੇ ਤੋਂ ਬਾਹਰ ਹੀ ਆਣ ਮਿਲੀ।

"ਰਿਪੋਟ ਲੈ ਆਂਦੀ? ਚੱਲੋ ਚੰਗਾ ਹੋਇਆ!" ਉਸਨੇ ਸਾਡੇ ਹੱਥਾਂ ਵਿਚ ਫੜ੍ਹੇ ਲਿਫ਼ਾਫ਼ੇ ਵੱਲ ਵੇਖਿਆ। ਫਿਰ ਜਿਵੇਂ ਕੋਈ ਭੁੱਲੀ ਹੋਈ ਗੱਲ ਚੇਤੇ ਆ ਗਈ ਹੋਵੇ। ਆਖਣ ਲੱਗੀ, "ਹੈਂ ਵਰਿਆਮ! ਲੌਢਾ ਵੇਲਾ ਹੋ ਗਿਆ। ਤੁਸੀਂ ਕੁਝ ਖਾਧਾ ਪੀਤਾ ਵੀ ਹੈ ਕਿ ਨਹੀਂ?" ਸਾਡਾ ਜਵਾਬ 'ਨਾਂਹ' ਵਿਚ ਸੁਣ ਕੇ ਕਹਿੰਦੀ, "ਜਾਓ ਮੇਰੇ ਪੁੱਤ! ਪਹਿਲਾਂ ਜਾ ਕੇ ਰੋਟੀ ਖਾ ਕੇ ਆਵੋ। ਕਿਵੇਂ ਸਵੇਰ ਦੇ ਭੁੱਖਣ-ਭਾਣੇ ਤੁਰੇ ਫਿਰਦੇ ਜੇ!" ਉਹਦਾ ਚਿਹਰਾ ਮਮਤਾ ਵਿਚ ਮੋਮ ਬਣਿਆ ਹੋਇਆ ਸੀ।

ਅਸੀਂ ਕਮਰੇ ਵੱਲ ਵਧਦਿਆਂ, ਅਗਲੇ ਇਲਾਜ ਲਈ, ਪਹਿਲਾਂ ਡਾਕਟਰ ਨੂੰ ਰਿਪੋਰਟ ਦਿਖਾਉਣ ਲਈ ਕਿਹਾ ਤਾਂ ਕਹਿੰਦੀ, " ਕੋਈ ਨਹੀਂ ਰਪੋਟ ਮੈਂ ਵਿਖਾ ਲੈਂਦੀ ਆਂ। ਤੁਸੀਂ ਪਹਿਲਾਂ ਢਿੱਡ ਵਿਚ ਕੁਝ ਪਾ ਕੇ ਆਓ। ਤੁਹਾਡੇ ਬਾਪੂ ਕੋਲ ਮੈਂ ਬੈਠੀ ਆਂ। ਉਹਦਾ ਫ਼ਿਕਰ ਨਾ ਕਰੋ।"ਉਸਦੇ ਜ਼ੋਰ ਦੇਣ 'ਤੇ ਅਸੀਂ ਲਾਗਲੇ ਢਾਬੇ 'ਤੇ ਰੋਟੀ ਖਾਣ ਤੁਰ ਗਏ। ਰੋਟੀ ਖਾ ਕੇ ਆਏ ਤਾਂ ਪਿਤਾ ਦੇ ਸਿਰਹਾਂਦੀ ਬੈਠੀ ਮਾਂ ਉੱਠ ਕੇ ਖਲੋ ਗਈ ਅਤੇ ਉਸਦੀਆਂ ਅੱਖਾਂ 'ਚ ਤੈਰ ਆਇਆ ਪਾਣੀ ਬੇਵੱਸ ਹੋ ਕੇ ਉਹਦੇ ਚਿਹਰੇ 'ਤੇ 'ਤਿੱਪ! ਤਿੱਪ!' ਵਰ੍ਹਨ ਲੱਗਾ।"ਜਾਓ ਪੁੱਤ! ਕੋਈ ਟੈਕਸੀ ਲੈ ਆਓ! ਤੁਹਾਡਾ ਬਾਪੂ ਪੂਰਾ ਹੋ ਗਿਆ।" ਉਸਨੇ ਬੁੱਲ੍ਹ ਚਿੱਥਦਿਆਂ ਆਪਣੀ ਭੁੱਬ ਅੰਦਰੇ ਡੱਕ ਲਈ। ਫੇਰ ਅੱਥਰੂ ਪੂੰਝਦਿਆ ਕਿਹਾ, "ਪੂਰਾ ਤਾਂ ਇਹ ਉਦੋਂ ਈ ਹੋ ਗਿਆ ਸੀ, ਜਦੋਂ ਤੁਸੀਂ ਰਪੋਟ ਲੈ ਕੇ ਆਏ ਸੀ। ਪਰ ਮੈਂ ਤੁਹਾਨੂੰ ਜਾਣ-ਬੁੱਝ ਕੇ ਨਹੀਂ ਸੀ ਦੱਸਿਆ। ਮੈਂ ਸੋਚਿਆ ਜੇ ਤੁਹਾਨੂੰ ਹੁਣੇ ਦੱਸ ਦਿੱਤਾ ਤਾਂ ਤੁਸੀਂ ਉਂਜ ਹੀ ਦੇਹ ਲੈ ਕੇ ਪਿੰਡ ਨੂੰ ਤੁਰ ਪੈਣਾ ਹੈ! ਫਿਰ ਰੋਣ ਕੁਰਲਾਉਣ ਵਿਚ ਪਏ ਮੇਰੇ ਲਾਲਾਂ ਨੂੰ ਪਤਾ ਨਹੀਂ ਕਦੋਂ ਰੋਟੀ ਦਾ ਟੁੱਕ ਨਸੀਬ ਹੋਣਾ ਹੈ! ਤੁਹਾਡੀਆਂ ਭੁੱਖੀਆਂ ਵਿਲਕਦੀਆਂ ਆਂਦਰਾਂ ਦਾ ਸੋਚ ਕੇ ਹੀ ਮੈਂ ਤੁਹਾਨੂੰ ਰੋਟੀ ਖਾਣ ਤੋਰਿਆ ਸੀ।"

ਏਨੀ ਆਖ ਕੇ ਉਸਨੇ ਮੈਨੂੰ ਬਾਹੋਂ ਫੜ ਕੇ ਅੱਗੇ ਕੀਤਾ, " ਆ! ਹੁਣ ਆਪਣੇ ਤੁਰ ਗਏ ਪਿਓ ਦਾ ਮੂੰਹ ਵੇਖ ਲੈ।" ਉਸਨੇ ਮੇਰੇ ਪਿਤਾ ਦੇ ਚਿਹਰੇ 'ਤੇ ਦਿੱਤਾ ਕੱਪੜਾ ਚੁਕਿਆ ਅਤੇ ਉਸਦੇ ਸਦਾ ਲਈ ਸੌਂ ਗਏ ਸ਼ਾਂਤ ਚਿਹਰੇ ਨੂੰ ਨਿਹਾਰਦੀ ਨੇ ਮੈਨੂੰ ਛੋਟੇ ਬਾਲ ਵਾਂਗ ਆਪਣੀ ਛਾਤੀ ਨਾਲ ਘੁੱਟ ਲਿਆ।

ਮੇਰੀ ਮਾਂ ਦੀ ਉਮਰ ਉਦੋਂ ਇਕਤਾਲੀ-ਬਤਾਲੀ ਸਾਲ ਦੀ ਸੀ ਅਤੇ ਮੇਰਾ ਪਿਓ ਪੰਜਤਾਲੀ-ਛਿਆਲੀ ਸਾਲ ਦਾ ਹੋਵੇਗਾ। ਉਸਦਾ ਸੁਹਾਗ ਉਸਨੂੰ ਸਦਾ ਲਈ ਛੱਡ ਕੇ ਚਲਾ ਗਿਆ ਸੀ। ਪਤੀ ਤੋਂ ਬਿਨਾਂ ਉਸ ਅੱਗੇ ਦੂਰ ਤੱਕ ਬ੍ਰਿਹਾ ਦੀ ਮਾਰੂਥਲ ਵਾਂਗ ਭੁੱਜਦੀ ਜ਼ਿੰਦਗੀ ਵਿਛੀ ਪਈ ਸੀ। ਉਸਦਾ ਜਹਾਨ ਲੁੱਟਿਆ ਗਿਆ ਸੀ। ਇਸ ਪਰਬਤੋਂ ਭਾਰੇ ਦੁੱਖ ਨੂੰ ਕਸੀਸ ਵੱਟ ਕੇ ਪੀ ਜਾਣ ਦੀ ਤਾਕਤ ਉਸਦੀ ਕਿਹੋ ਜਿਹੀ ਅਦੁੱਤੀ ਮਮਤਾ ਨੇ ਉਸ ਮਹਾਨ ਔਰਤ ਨੂੰ ਬਖ਼ਸ਼ੀ ਸੀ ਕਿ ਉਹਦੀ ਜ਼ਿੰਦਗੀ ਦੀਆਂ ਇਹਨਾਂ ਸਭ ਤੋਂ ਦੁਖਾਂਤਕ ਘੜੀਆਂ ਵਿਚ ਵੀ ਉਸਨੂੰ ਆਪਣੇ ਪੁੱਤ ਦੀ ਭੁੱਖ ਦਾ ਖ਼ਿਆਲ ਰਿਹਾ ਸੀ।

(ਚਲਦਾ)

# ਸਭ ਤੋਂ ਵੱਧ ਆਬਾਦੀ ਵਾਲਾ ਦੇਸ਼: ਸੰਭਾਵਨਾਵਾਂ ਅਤੇ ਜ਼ਿੰਮੇਵਾਰੀਆਂ

ਕੋਲ ਉਤਪਾਦਨ ਕਰਨ ਦੀ ਸ਼ਕਤੀ ਸਮਰੱਥਾ ਹੁੰਦੀ ਹੈ।

ਇਸ ਸਮਰੱਥਾ ਨੂੰ ਹੀ ਸਮਝਣਾ, ਸੰਵਾਰਨਾ, ਨਿਖਾਰਨਾ ਅਤੇ ਉਭਾਰਨਾ ਹੈ। ਇਸ ਵਾਸਤੇ ਨੌਜਵਾਨਾਂ ਨੂੰ ਉਨ੍ਹਾਂ ਦੀ ਲਿਆਕਤ ਅਨੁਸਾਰ ਰੁਜ਼ਗਾਰ ਮੁਹੱਈਆ ਕਰਵਾਉਣਾ, ਚੰਗੀਆਂ ਮੈਡੀਕਲ ਤੇ ਸਿਹਤ ਸਹੂਲਤਾਂ, ਉੱਚ ਪੱਧਰੀ, ਮਿਆਰੀ ਤੇ ਕਿੱਤਾਮੁਖੀ ਸਿੱਖਿਆ ਪ੍ਰਦਾਨ ਕਰਨਾ ਜ਼ਰੂਰੀ ਹੈ ਜਿਹੜੀ ਹੁਨਰਮੰਦ ਤੇ ਸਿਖਲਾਈ ਪ੍ਰਾਪਤ ਨੌਜਵਾਨ ਪੈਦਾ ਕਰੇ। ਇਸ ਦੇ ਨਾਲ ਆਧੁਨਿਕ ਤਕਨੀਕਾਂ ਨਾਲ ਉਸਾਰਿਆ ਬੁਨਿਆਦੀ ਢਾਂਚਾ ਜ਼ਰੂਰੀ ਹੈ ਜਿਸ ਵਿਚ ਵਿੱਦਿਅਕ ਅਦਾਰੇ, ਸੜਕਾਂ, ਰੇਲਾਂ ਤੇ ਹੋਰ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ, ਉਦਯੋਗਿਕ ਢਾਂਚਾ, ਜਨਤਕ ਸੇਵਾਵਾਂ ਆਦਿ ਦਾ ਵਿਕਾਸ ਸ਼ਾਮਲ ਹੈ।

ਅੱਜ ਤੋਂ ਦੋ-ਤਿੰਨ ਦਹਾਕੇ ਪਹਿਲਾਂ ਭਾਰਤ ਨੂੰ ਖੇਤੀ ਪ੍ਰਧਾਨ ਦੇਸ਼ ਮੰਨਿਆ ਜਾਂਦਾ ਸੀ। ਪਿੰਡਾਂ ਦੇ ਜ਼ਿਆਦਾ ਪਰਿਵਾਰ ਖੇਤੀ ਤੋਂ ਹੀ ਰੋਜ਼ੀ-ਰੋਟੀ ਕਮਾਉਂਦੇ ਸਨ। ਜਦੋਂ ਖੇਤੀਬਾੜੀ ਵਿਚ ਰੁਜ਼ਗਾਰ ਦੀ ਸੀਮਾਂਤ ਉਤਪਾਦਕਤਾ ਸਿਫਰ ਹੋਣ ਲੱਗੀ ਤਾਂ ਖੇਤੀ ਆਰਥਿਕਤਾ ਉੱਪਰ ਕੰਮ ਕਰਨ ਵਾਲੇ ਮਾਹਿਰਾਂ (ਸ਼ੀਲਾ ਭੱਲਾ ਤੇ ਕੁਝ ਹੋਰ) ਨੇ ਸੁਝਾਅ ਦਿੱਤਾ ਕਿ ਇਨ੍ਹਾਂ ਵਾਧੂ ਨੌਜਵਾਨਾਂ ਨੂੰ ਖੇਤੀ ਤੋਂ ਬਾਹਰ ਗ਼ੈਰ-ਖੇਤੀ ਖੇਤਰ ਜਾਂ ਉਦਯੋਗਿਕ/ਉਤਪਾਦਨ ਖੇਤਰ ਵਿਚ ਕੰਮ 'ਤੇ ਲਗਾਇਆ ਜਾਵੇ। ਪਰ ਤਕਨੀਕੀ ਸਿੱਖਿਆ, ਸਿਖਲਾਈ ਤੇ ਮੁਹਾਰਤ ਦੀ ਅਣਹੋਂਦ ਕਾਰਨ ਉਹ ਨੌਜਵਾਨ ਉੱਥੇ ਸਮਾਏ ਨਾ ਜਾ ਸਕੇ। ਉਨ੍ਹਾਂ ਨੂੰ ਰੁਜ਼ਗਾਰ ਦੇ ਕਾਬਲ ਬਣਾਉਣ ਵਾਸਤੇ ਜ਼ਰੂਰੀ ਸੀ ਕਿ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰ ਵਿਚ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਂਦੇ; ਰਵਾਇਤੀ ਸਿੱਖਿਆ ਦੇ ਨਾਲ ਨਾਲ ਕਿੱਤਾਮੁਖੀ ਸਿੱਖਿਆ ਦੌਰਾਨ ਬੱਚਿਆਂ ਨੂੰ ਪੂਰੀ ਲੋੜੀਂਦੀ ਸਿਖਲਾਈ ਦਿੱਤੀ ਜਾਂਦੀ ਤਾਂ ਜੋ ਉਹ ਹੁਨਰਮੰਦ ਅਤੇ ਕੰਮ ਕਰਨ ਲਈ ਨਿਪੁੰਨ ਹੁੰਦੇ; ਤੀਜਾ, ਵਧੀਆ ਤੇ ਵਧੇਰੇ ਕੁਸ਼ਲ ਕਾਮਾ ਬਣਾਉਣ ਲਈ ਸਿਹਤ ਸੇਵਾਵਾਂ ਅਤੇ ਹੋਰ ਮੈਡੀਕਲ ਸਹੂਲਤਾਂ ਵਿਚ ਸੁਧਾਰ ਕੀਤੇ ਜਾਂਦੇ। ਦੂਜੇ ਲਫ਼ਜ਼ਾਂ ਆਖ ਸਕਦੇ ਹਾਂ ਕਿ ਮਨੁੱਖੀ ਪੂੰਜੀ ਵਿਚ ਨਿਵੇਸ਼ ਕਰਨਾ ਜ਼ਰੂਰੀ ਹੈ। ਅਜਿਹਾ ਨਿਵੇਸ਼ ਜਨਤਕ ਖੇਤਰ ਵਿਚ ਹੀ ਹੁੰਦਾ ਹੈ। ਪ੍ਰਾਈਵੇਟ ਖੇਤਰ ਵਿਚ ਨਿਵੇਸ਼ ਦੇ ਆਪਣੇ ਨਿੱਜੀ ਮੁਫ਼ਾਦ ਹੁੰਦੇ ਹਨ। ਉਂਝ ਵੀ ਉਤਪਾਦਨ ਖੇਤਰ ਵਿਚ ਤੇਜ਼ੀ ਨਾਲ ਹੋ ਰਹੀਆਂ ਅਤਿ ਆਧੁਨਿਕ ਤਕਨੀਕੀ ਤਬਦੀਲੀਆਂ ਨੇ ਰੁਜ਼ਗਾਰ ਦੇ ਮੌਕੇ ਘਟਾ ਦਿੱਤੇ ਹਨ। ਇਸ ਲਈ ਪੇਂਡੂ ਆਰਥਿਕਤਾ ਵਿਚ ਵੀ ਤਬਦੀਲੀ ਲਿਆ ਕੇ ਗ਼ੈਰ-ਖੇਤੀ ਰੁਜ਼ਗਾਰ ਪੈਦਾ ਕੀਤੇ ਜਾ ਸਕਦੇ ਹਨ। ਜਿਵੇਂ: ਪਿੰਡਾਂ 'ਚ ਖੇਤੀ ਆਧਾਰਿਤ ਉਦਯੋਗ ਲਗਾਉਣੇ ਜਿੱਥੇ ਹਰ ਪ੍ਰਕਾਰ ਦੀ ਫ਼ਸਲ ਦੀ ਪ੍ਰੋਸੈਸਿੰਗ ਕੀਤੀ ਜਾਵੇ, ਉਨ੍ਹਾਂ ਉਦਯੋਗਾਂ ਵਿਚ ਪਿੰਡ ਦੇ ਨੌਜਵਾਨਾਂ ਨੂੰ ਹੀ ਕੰਮ 'ਤੇ ਲਗਾਇਆ ਜਾਵੇ ਅਤੇ ਉਸ ਤਿਆਰ ਮਾਲ ਦੇ ਮੰਡੀਕਰਨ ਦਾ ਕੰਮ ਵੀ ਉਹ ਆਪ ਹੀ ਕਰਨ। ਇਹ ਪ੍ਰੋਸੈਸਿੰਗ ਯੂਨਿਟ ਵਿਦੇਸ਼ੀ ਕਾਰਪੋਰੇਟ ਕੰਪਨੀਆਂ ਦੇ ਹੱਥਾਂ ਵਿਚ ਦੇਣ ਦੀ ਬਜਾਏ ਸਥਾਨਕ ਸਰਕਾਰਾਂ ਦੁਆਰਾ ਲਗਾਏ ਜਾਣ। ਕੁਝ ਨੌਜਵਾਨਾਂ ਨੂੰ ਨਜ਼ਦੀਕੀ ਖੇਤਰ ਵਿਚ ਪੈਂਦੀਆਂ ਵਰਕਸ਼ਾਪਾਂ, ਬਿਜਲੀ-ਇਲੈਕਟ੍ਰਾਨਿਕਸ ਦੀਆਂ ਦੁਕਾਨਾਂ, ਮੋਬਾਈਲ ਜਾਂ ਹੋਰ ਰਿਪੇਅਰ ਆਦਿ ਦੀਆਂ ਦੁਕਾਨਾਂ 'ਤੇ ਵੀ ਕੰਮ ਦਿੱਤਾ ਜਾ ਸਕਦਾ ਹੈ। ਅਸਲ ਵਿਚ ਪੇਂਡੂ ਤੇ ਸ਼ਹਿਰੀ ਖੇਤਰਾਂ ਵਿਚ ਬੈਕਵਰਡ ਤੇ ਫਾਰਵਰਡ ਕੜੀਆਂ ਸਥਾਪਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਨੌਜਵਾਨਾਂ ਨੂੰ ਬੇਰੁਜ਼ਗਾਰੀ, ਅਲਪ-ਰੁਜ਼ਗਾਰੀ ਅਤੇ ਅਰਧ-ਰੁਜ਼ਗਾਰੀ ਤੋਂ ਬਚਾਇਆ ਜਾ ਸਕੇ। ਔਰਤਾਂ ਦੀ ਕੰਮ ਵਿਚ ਸ਼ਮੂਲੀਅਤ ਵਾਸਤੇ ਪਹਿਲਾਂ ਤੋਂ ਚੱਲ ਰਹੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਨੂੰ ਵਧੇਰੇ ਪ੍ਰਫੁੱਲਿਤ ਕੀਤਾ ਜਾਵੇ। ਇਨ੍ਹਾਂ ਖੇਤਰਾਂ ਵਿਚ ਫੂਡ ਪ੍ਰੋਸੈਸਿੰਗ ਰਾਹੀਂ ਅਚਾਰ, ਮੁਰੱਬੇ, ਜੈਮ, ਵੜੀਆਂ, ਮਸਾਲੇ ਆਦਿ ਬਣਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਇਸ ਵੇਲੇ 92 ਫ਼ੀਸਦੀ ਰੁਜ਼ਗਾਰ ਪ੍ਰਾਈਵੇਟ ਖੇਤਰ ਵਿਚ ਹੈ ਜਿਸ ਦਾ ਸਰੂਪ ਅਸੰਗਠਿਤ ਖੇਤਰ ਵਾਲਾ ਹੈ। ਇਹ ਸਥਾਈ ਰੁਜ਼ਗਾਰ ਪੈਦਾ ਨਹੀਂ ਕਰ ਰਿਹਾ। ਇਹ ਅਨਿਸ਼ਚਿਤ ਰੁਜ਼ਗਾਰ, ਕੈਯੂਅਲ ਕਾਮੇ ਅਤੇ ਠੇਕਾ ਆਧਾਰਿਤ ਰੁਜ਼ਗਾਰ ਪੈਦਾ ਕਰਦਾ ਹੈ। ਜਿੱਥੇ ਨਾ ਤਨਖ਼ਾਹ/ਦਿਹਾੜੀ ਨਿਸ਼ਚਿਤ ਹੈ ਤੇ ਨਾ ਹੀ ਕੰਮ। ਕੰਮ ਤੋਂ ਕੱਢੇ ਜਾਣ ਵਾਲੀ ਬੇਭਰੋਸਗੀ ਦੀ ਤਲਵਾਰ ਸਦਾ ਹੀ ਸਿਰ 'ਤੇ ਲਟਕਦੀ ਰਹਿੰਦੀ ਹੈ। ਅਸੀਂ ਸਾਰੀ ਜਵਾਨੀ ਨੂੰ ਅਨਿਸ਼ਚਿਤ ਭਵਿੱਖ ਵੱਲ ਧੱਕ ਰਹੇ ਹਾਂ। ਵਿਕਾਸ ਦੇ ਨਾਂ 'ਤੇ ਆਰਥਿਕਤਾ ਨੂੰ ਗਿੱਗ ਅਰਥਵਿਵਸਥਾ ਵੱਲ ਲਿਜਾਇਆ ਜਾ ਰਿਹਾ ਹੈ ਜਿਸ ਵਿਚ ਦਿਹਾੜੀਦਾਰ, ਫੇਰੀ ਵਾਲੇ ਜਾਂ ਫ੍ਰੀ-ਲਾਂਸ ਵਰਕਰ ਹਨ। ਹਾਲ ਹੀ ਵਿਚ ਨੀਤੀ ਆਯੋਗ ਵੱਲੋਂ ਜਾਰੀ ਕੀਤੀ ਰਿਪੋਰਟ ਵਿਚ ਮੰਨਿਆ ਗਿਆ ਹੈ ਕਿ ਭਾਰਤ ਵਿਚ 2019-20 ਦੌਰਾਨ 22 ਫ਼ੀਸਦੀ ਉੱਚ ਸਿਖਲਾਈ ਪ੍ਰਾਪਤ ਤੇ ਹੁਨਰਮੰਦ ਨੌਜਵਾਨ, 31 ਫ਼ੀਸਦੀ ਘੱਟ ਹੁਨਰਮੰਦ ਅਤੇ ਬਾਕੀ ਸਿਖਲਾਈ ਪੱਖ ਤੋਂ ਮੱਧਵਰਗ ਵਿੱਚ ਆਉਂਦੇ 47 ਫ਼ੀਸਦੀ ਇਸ ਕਿਸਮ ਦੀ ਗਿੱਗ ਅਰਥਵਿਵਸਥਾ ਵਿਚ ਲੱਗੇ ਹੋਏ ਸਨ। ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਇਸ ਪ੍ਰਕਾਰ ਦੇ ਰੁਝਾਨ ਆਉਂਦੇ ਪੰਜ ਸਾਲਾਂ ਵਿਚ ਵਧਣ ਦੇ ਆਸਾਰ ਹਨ। ਨਿੱਜੀ ਕੰਪਨੀਆਂ ਲਈ ਘਰ ਬੈਠੇ ਹੀ ਕੰਮ ਕਰਨ ਦੇ ਨਵੇਂ ਰਿਵਾਜ ਨੇ ਰੁਜ਼ਗਾਰ ਨੂੰ ਸਿੱਧੇ ਤੌਰ 'ਤੇ ਘਟਾਇਆ ਹੈ।

ਜੇਕਰ 15 ਤੋਂ 64 ਸਾਲਾਂ ਦੇ ਉਮਰ ਵਰਗ ਵਿਚ ਹੋ ਰਹੇ ਵਾਧੇ ਨੂੰ ਇਕ ਸੰਭਾਵਨਾ ਵਜੋਂ ਸਵੀਕਾਰਨਾ ਹੈ ਤਾਂ ਰੁਜ਼ਗਾਰ ਦੀ ਗੁਣਵੱਤਾ ਵੱਲ ਤਵੱਜੋ ਦੇਣੀ ਹੋਵੇਗੀ। ਪ੍ਰਤੀ ਗੇੜਾ ਜਾਂ ਵਰਕ-ਚਾਰਜ ਅਨੁਸਾਰ ਕੀਤੇ ਗਏ ਪ੍ਰਤੀ ਕੰਮ ਬਦਲੇ ਹੋਣ ਵਾਲੀ ਅਦਾਇਗੀ ਉੱਪਰ ਲੰਮੇ ਸਮੇਂ ਲਈ ਨਿਰਭਰ ਨਹੀਂ ਰਿਹਾ ਜਾ ਸਕਦਾ। ਇਹ ਜੁਆਨੀ ਨੂੰ ਸੜਕਾਂ ਉੱਪਰ ਰੋਲਣ ਬਰਾਬਰ ਹੈ। ਪਹਿਲਾਂ ਹੀ ਸਾਡੇ ਕੁਝ ਬੱਚੇ ਵਿਦੇਸ਼ਾਂ ਵਿਚ ਜਾ ਰਹੇ ਹਨ ਤੇ ਕੁਝ ਨਸ਼ਿਆਂ ਵਿਚ ਪੈ ਰਹੇ ਹਨ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਅਨੁਸਾਰ ਹਰ ਇਕ ਨੌਜਵਾਨ ਨੂੰ ਮਾਣ-ਮਰਿਆਦਾ ਵਾਲਾ ਕੰਮ ਪ੍ਰਾਪਤ ਕਰਨ ਦਾ ਅਧਿਕਾਰ ਹੈ ਜਿੱਥੇ ਉਹ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਦਿਆਂ ਵਧੀਆ ਜ਼ਿੰਦਗੀ ਜਿਊਣ ਦੇ ਯੋਗ ਹੋ ਸਕਣ। ਭਾਰਤ ਵਿਚ ਕੁੱਲ ਰੁਜ਼ਗਾਰ ਦਾ 43 ਫ਼ੀਸਦੀ ਅਜੇ ਵੀ ਖੇਤੀਬਾੜੀ ਖੇਤਰ ਵਿਚ ਹੈ ਜਦੋਂਕਿ ਵਿਕਸਤ ਦੇਸ਼ਾਂ ਵਿਚ ਕੇਵਲ 2-3 ਫ਼ੀਸਦੀ ਵਿਅਕਤੀ ਹੀ ਮੁੱਢਲੇ ਖੇਤੀ ਖੇਤਰ ਵਿਚ ਹਨ। ਸਿੱਖਿਆ ਦੇ ਪੱਖ ਤੋਂ ਵੇਖਦਿਆਂ ਪਤਾ ਲੱਗਦਾ ਹੈ ਕਿ ਸਾਲਾਨਾ ਬਜਟ ਵਿਚ ਅਸੀਂ ਆਪਣੀ ਕੁੱਲ ਘਰੇਲੂ ਪੈਦਾਵਾਰ/ਆਮਦਨ ਦਾ ਸਿਰਫ਼ 2.5 ਤੋਂ 3 ਫ਼ੀਸਦੀ ਤਕ ਹੀ ਸਿੱਖਿਆ ਉੱਪਰ ਖਰਚ ਕਰਦੇ ਹਾਂ ਜਦੋਂਕਿ ਵਿਕਸਤ ਦੇਸ਼ਾਂ ਵਿਚ ਸਿੱਖਿਆ ਉੱਪਰ 5-6 ਫ਼ੀਸਦੀ ਤਕ ਖਰਚ ਕੀਤਾ ਜਾਂਦਾ ਹੈ। 1964-66 ਦੀ ਕੋਠਾਰੀ ਕਮਿਸ਼ਨ ਦੀ ਰਿਪੋਰਟ ਅਨੁਸਾਰ ਭਾਰਤ ਨੂੰ ਆਪਣੀ ਕੁੱਲ ਘਰੇਲੂ ਆਮਦਨ ਦਾ 6 ਫ਼ੀਸਦੀ ਸਿੱਖਿਆ ਉੱਪਰ ਖਰਚ ਕਰਨ ਦੀ ਤਾਕੀਦ ਕੀਤੀ ਗਈ ਹੈ। ਇਸ ਦੇ ਉਲਟ ਅਸੀਂ ਸਿੱਖਿਆ ਨੂੰ ਵੀ ਇਕ ਵਸਤੂ ਮੰਨਦਿਆਂ ਨਿੱਜੀ ਹੱਥਾਂ ਵਿਚ ਸੌਂਪ ਦਿੱਤਾ ਹੈ। ਪ੍ਰਾਈਵੇਟ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਆਮ ਤੌਰ 'ਤੇ ਡਿਗਰੀਆਂ ਪ੍ਰਦਾਨ ਕਰਨ ਵਿਚ ਵਧੇਰੇ ਦਿਲਚਸਪੀ ਰੱਖਦੀਆਂ ਹਨ। ਹੱਥੀਂ ਕੰਮ ਕਰਨ ਦੀ ਸਿਖਲਾਈ ਦੇਣਾ ਉਨ੍ਹਾਂ ਲਈ ਮੁੱਖ ਮੁੱਦਾ ਨਹੀਂ। ਅਜਿਹੇ ਵਿੱਦਿਅਕ ਅਦਾਰਿਆਂ ਤੋਂ ਡਿਗਰੀਆਂ ਪ੍ਰਾਪਤ ਵਿਦਿਆਰਥੀ ਜ਼ਰੂਰੀ ਨਹੀਂ ਕਿ ਗੁਣਵੱਤਾ ਪੱਖੋਂ ਦਰੁਸਤ ਹੋਣ।

ਸਰਕਾਰ ਨੂੰ ਨਿੱਜੀ ਹਿੱਤਾਂ ਤੋਂ ਉਪਰ ਉੱਠ ਕੇ ਸਮੁੱਚੇ ਸਮਾਜ ਤੇ ਦੇਸ਼ ਦੇ ਹਿੱਤ ਬਾਰੇ ਸੋਚਣ ਦੀ ਲੋੜ ਹੈ। ਇਸ ਲਈ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨੇ, ਚੰਗੀਆਂ ਉੱਚ-ਪੱਧਰੀ ਸਿਹਤ ਸੇਵਾਵਾਂ ਅਤੇ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਉਣਾ ਅਤੇ ਰਵਾਇਤੀ ਸਿੱਖਿਆ ਦੇ ਨਾਲ ਨਾਲ ਤਕਨੀਕੀ ਸਿੱਖਿਆ ਨੂੰ ਪ੍ਰਫੁੱਲਿਤ ਕਰਨ ਲਈ ਸਿੱਖਿਆ ਸੰਸਥਾਵਾਂ ਨੂੰ ਅਤਿ ਆਧੁਨਿਕ ਤਕਨੀਕਾਂ ਨਾਲ ਲੈਸ ਕਰਨਾ ਜ਼ਰੂਰੀ ਹੈ। ਇਸ ਸਾਰੇ ਕੁਝ ਵਾਸਤੇ ਵਿਸ਼ਾਲ ਅਤੇ ਮਜ਼ਬੂਤ ਬੁਨਿਆਦੀ ਢਾਂਚੇ ਦਾ ਹੋਣਾ ਮੁੱਢਲਾ ਕਾਰਜ ਹੈ।

ਸਾਡੇ ਕੋਲ ਇਹ ਸਾਰਾ ਕੁਝ ਕਰਨ ਦੀ ਵੀ ਸਮਰੱਥਾ ਹੈ; ਸਿਰਫ਼ ਦ੍ਰਿੜ੍ਹ ਇਰਾਦਾ ਚਾਹੀਦਾ ਹੈ। ਭਾਰਤ ਦਾ ਵਿਸ਼ਵ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਵਧਿਆ ਹਿੱਸਾ ਇਸ ਦੀ ਮਿਸਾਲ ਹੈ ਜਿਹੜਾ 1 ਤੋਂ ਵਧ ਕੇ 3.5 ਫ਼ੀਸਦੀ ਹੋ ਗਿਆ ਹੈ। ਆਬਾਦੀ ਵਿਚ ਹੋਇਆ ਮੌਜੂਦਾ ਵਾਧਾ ਇਕ ਸੁਚੱਜਾ ਮੌਕਾ ਜਾਂ ਸੰਭਾਵਨਾ ਵਜੋਂ ਤਾਂ ਹੀ ਸਾਬਿਤ ਹੋਵੇਗਾ ਜੇਕਰ ਪੂਰਨ ਜ਼ਿੰਮੇਵਾਰੀ ਦਾ ਅਹਿਸਾਸ ਕਰਦਿਆਂ ਮਨੁੱਖੀ ਸਰੋਤਾਂ ਦੀ ਸੁਯੋਗ ਵਰਤੋਂ ਕਰਕੇ ਇਨ੍ਹਾਂ ਨੂੰ ਮਨੁੱਖੀ ਪੂੰਜੀ ਦੇ ਰੂਪ ਵਿੱਚ ਵਰਤਣ ਯੋਗ ਬਣਾਇਆ ਜਾਂਦਾ ਹੈ।

* ਪ੍ਰੋਫ਼ੈਸਰ ਇਕਨਾਮਿਕਸ ਰਿਟਾਇਰਡ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਵਿਅੰਗ

# ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ

**ਮੰਗਤ ਕੁਲਜਿੰਦ**

094177-53892, 001-425-286-0163 (ਵੱਟਸਐਪ)

ਪੰਜਾਬੀ ਦੇ ਇਕ ਮਹਾਨ ਵਿਅੰਗਕਾਰ ਦਾ ਲਿਖਿਆ ਵਿਅੰਗ 'ਪੈਸੇ ਦਰੱਖਤਾਂ ਨੂੰ ਨਹੀਂ ਲੱਗਦੇ' ਪੜ੍ਹਦਿਆਂ ਇੱਥੇ ਆ ਕੇ ਸੂਈ ਅਟਕ ਗਈ ਜਿੱਥੇ ਉਸ ਲਿਖਿਆ ਸੀ 'ਮੈਂ ਅਮਰੀਕਾ ਗਿਆ ਤੇ ਉੱਥੋਂ ਡਾਲਰ ਦਰੱਖਤਾਂ ਤੋਂ ਤੋੜ ਕੇ ਲਿਆਇਆ,' ਮਨ ਨੂੰ ਵੀ ਯਕੀਨ ਜਿਹਾ ਹੋ ਗਿਆ, ਬਈ ਅਮਰੀਕਾ ਤਾਂ ਅਮਰੀਕਾ ਹੈ! ਸੁਪਰ ਪਾਵਰ, ਧੱਕੜ, ਉੱਥੇ ਪੈਸੇ ਦਰੱਖਤਾਂ ਨੂੰ ਵੀ ਲੱਗੇ ਹੋ ਸਕਦੇ ਹਨ।' ਉਦੋਂ ਹੀ ਸੋਚ ਲਿਆ ਕਿ ਮੈਂ ਵੀ ਦਰੱਖਤਾਂ ਤੋਂ ਡਾਲਰ ਤੋੜ ਕੇ ਲਿਆਵਾਂਗਾ। 'ਉਹ ਦਰੱਖਤ ਮਿਲਣਗੇ ਕਿੱਥੇ?' ਅਖੀਰਲੀਆਂ ਸਤਰਾਂ ਪੜ੍ਹ ਕੇ ਪਤਾ ਲੈਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਡਾਲਰਾਂ ਨਾਲ ਲਹਿਲਹਾਉਂਦੇ ਦਰੱਖਤਾਂ ਦੇ ਮੂਹਰੇ ਖੜ੍ਹਾ ਪਾਇਆ।

ਹੁਣ ਅਮਰੀਕਾ ਆ ਵੀ ਗਏ, ਬੜੇ ਪਛਤਾ ਰਹੇ ਹਾਂ ਕਿ ਉਦੋਂ ਜੇ ਦੋ ਲਾਈਨਾਂ ਹੋਰ ਪੜ੍ਹ ਲੈਂਦੇ ਤਾਂ ਕੀ ਜ਼ਹਾਜ ਛੁੱਟ ਜਾਣਾ ਸੀ? ਪਰ ਅਬ ਪਛਤਾਏ ਹੋਤ ਕਿਆ? ਜੋ ਹੋਣਾ ਸੀ ਹੋ ਗਿਆ। ਸਮਾਂ ਬਰਬਾਦ ਕਰਨ ਦੀ ਬਜਾਇ ਉਸ ਦਰੱਖਤ ਨੂੰ ਭਾਲੀਏ, ਖ਼ਬਰੇ ਮਿਲ ਹੀ ਜਾਵੇ। ਪੰਜਾਬੀ ਦਿੱਖ ਵਾਲੇ ਦੋ ਕੁ ਰਾਹ ਜਾਂਦੇ ਸੱਜਣਾਂ ਨੂੰ ਰੋਕਿਆ, ਅਜਿਹੇ ਦਰੱਖਤ ਬਾਰੇ ਪੁੱਛਿਆ ਤਾਂ ਉਹ ਇਕ ਸੌ ਇਕ ਫ਼ੀਸਦੀ ਹੀ ਮੁੱਕਰ ਗਏ। ਇਕ ਹੋਰ ਪੰਜਾਬੀ ਨੂੰ ਰੋਕਿਆ। ਉਹਨੂੰ ਸਾਡੀਆਂ ਗੱਲਾਂ ਤੋਂ ਪਤਾ ਲੱਗ ਗਿਆ ਕਿ ਇਹ ਪੰਜਾਬ ਤੋਂ ਨਵਾਂ ਨਵਾਂ ਆਇਆ ਹੈ, ਇਸ ਦੀਆਂ ਆਦਤਾਂ ਹਾਲੇ ਪੰਜਾਬੀਆਂ ਵਾਲੀਆਂ ਹੀ ਹੋਣਗੀਆਂ ਕਿ ਡਿਊਟੀ ਕਰਨ ਚੱਲਿਆਂ ਵੀ ਜਿੱਥੇ ਮਰਜ਼ੀ ਖੜ੍ਹ ਜਾਊ, ਗੱਪਾਂ ਮਾਰੋ, ਕੋਈ ਮਜ਼ਮਾ ਲੱਗਿਆ ਵੇਖੋ, ਕਿਹੜਾ ਕਿਸੇ ਨੇ ਪੁੱਛਣੈ ਬਈ ਲੇਟ ਕਿਉਂ ਹੈ? ਇਸ ਲਈ ਉਸ ਨੇ ਮੇਰੇ ਤੋਂ ਖਹਿੜਾ ਛੁਡਾਉਣ 'ਚ ਹੀ ਭਲਾ ਸਮਝਿਆ। ਪਰ ਇਕ ਬਜ਼ੁਰਗ ਸੱਜਣ ਮਿਲਿਆ ਜੋ ਸ਼ਾਇਦ ਆਪਣੇ ਸਮੇਂ ਨੂੰ ਕਤਲ ਕਰਨ ਦੀ ਤਾਕ 'ਚ ਸੀ। ਮੇਰੀ ਗੱਲ ਨੂੰ ਧਿਆਨ ਨਾਲ ਸੁਣ ਕੇ ਉਹ ਕਹਿੰਦਾ, "ਬਈ ਸ਼ੇਰਾ, ਮੈਂ ਤਾਂ ਆਪ ਨ੍ਹੀ ਅੱਜ ਤੱਕ ਡਾਲਰ ਲੱਗੇ ਵਾਲਾ ਦਰੱਖਤ ਵੇਖਿਆ। ਹਾਂ! ਇੱਥੇ ਦਰੱਖਤਾਂ ਨੂੰ ਬੇਰ-ਬੂਰ ਜਿਹੇ ਕਾਫ਼ੀ ਲੱਗੇ ਹੁੰਦੇ ਐ ਅਤੇ ਆਪਣੇ ਪੰਜਾਬੀ ਸ਼ੁਰੂਆਤ ਵੀ ਉਨ੍ਹਾਂ ਨੂੰ ਤੋੜਣ ਤੋਂ ਈ ਕਰਦੇ ਐ, ਸ਼ਾਮ ਨੂੰ ਡਾਲਰ ਮਿਲ ਜਾਂਦੇ ਨੇ, ਮੈਂ ਵੀ ਜਾਂਦਾ ਹਾਂ ਤੋੜਣ। ਜੇ ਤੂੰ ਵੀ ਚੱਲਣੈ ਤਾਂ ਆਜਾ, ਲੈ ਚੱਲਦਾਂ ਖੇਤਾਂ ਚ...।"

"ਇੰਨੀ ਠੰਢ 'ਚ! ਇੱਥੇ ਤਾਂ ਕੁਲਫ਼ੀ ਜੰਮ ਜੂ।"

"ਪਰ ਕਾਕਾ, ਉਹ ਦਰੱਖਤ ਤਾਂ ਖੇਤਾਂ 'ਚ ਹੀ ਮਿਲਦੇ ਨੇ, ਸਟੋਰਾਂ 'ਚ ਤਾਂ ਮਿਲਣੇ ਨਹੀਂ।"

ਬਜ਼ੁਰਗ ਦੀਆਂ ਗੱਲਾਂ ਦਾ ਵੀ ਸੱਚ ਨਾ ਆਇਆ। ਸੋਚਿਆ ਕਿਉਂ ਇਹਦੇ ਨਾਲ ਮੱਥਾ ਮਾਰ ਕੇ ਸਮਾਂ ਗੁਆਉਣਾ ਹੈ, ਕਿਸੇ ਹੋਰ ਤੋਂ ਪੁੱਛਦੇ ਹਾਂ। ਸਾਹਮਣੇ ਹੀ ਗੁਰੂ-ਘਰ ਸੀ। ਉੱਥੇ ਕਾਫ਼ੀ ਲੋਕ ਮਿਲ ਗਏ ਕਿਉਂਕਿ ਲੰਗਰ ਦਾ ਸਮਾਂ ਜੋ ਸੀ। ਕੁਝ ਸੱਜਣ ਤਾਂ ਲੱਗੇ ਜਿਵੇਂ ਬੜੇ ਕਾਹਲੇ ਨੇ, ਉਨ੍ਹਾਂ ਨੇ ਤਾਂ ਦਰਬਾਰ ਸਾਹਿਬ 'ਚ ਜਾ ਕੇ ਮੱਥਾ ਟੇਕਣ ਦੀ ਖੇਚਲ ਹੀ ਨ੍ਹੀਂ ਕੀਤੀ ਹੋਣੀ। ਕੁਝ ਕੁ ਹਿਸਾਬੀ-ਕਿਤਾਬੀ ਵੀ ਲੱਗੇ ਜਿਨ੍ਹਾਂ ਨੇ ਸੋਚਿਆ ਹੋਊ ਉਨੇ ਕੁ ਦਾ ਮੱਥਾ ਟੇਕ ਲਈਏ ਜਿੰਨੇ ਕੁ ਦਾ ਖਾਣਾ ਹੈ ਤੇ ਦਸਵੰਧ ਕੱਢਣ ਵਾਲੇ ਸੱਜਣਾਂ ਦੀ ਤਾਂ ਕੋਈ ਘਾਟ ਹੀ ਨਹੀਂ ਸੀ। ਦੋ ਚਾਰ ਬੰਦਿਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ, "ਬਈ ਸੱਜਣਾ, ਅਜੇ ਤੱਕ ਤਾਂ ਟਰੰਪ ਵਰਗੇ ਨੇਤਾਵਾਂ ਨੇ ਇੱਥੇ ਅਜਿਹਾ ਕੋਈ ਦਰੱਖਤ ਉੱਗਣ ਹੀ ਨਹੀਂ ਦਿੱਤਾ। ਜੇ ਕਿਤੇ ਅੰਡਰ ਗਰਾਉਂਡ ਰੱਖੀ ਬੈਠੇ ਹੋਣ ਤਾਂ ਕਹਿ ਨਹੀਂ ਸਕਦੇ। ਪਰ ਜੇ ਤੂੰ ਡਾਲਰ ਤੋੜਣੇ ਮਤਲਬ ਕਮਾਉਣੇ ਨੇ ਤਾਂ ਸਟੋਰਾਂ 'ਤੇ, ਢਾਬਿਆਂ 'ਚ, ਪੈਟਰੋਲ ਪੰਪਾਂ 'ਤੇ, ਫੈਕਟਰੀਆਂ 'ਚ ਜਾ। ਜਿੱਥੇ ਕਿਤੇ ਭਾਂਡੇ ਧੋਣ ਦਾ, ਰੇੜੀਆਂ ਖਿੱਚਣ ਦਾ, ਸਫਾਈਆ ਕਰਨ ਦਾ ਜੋ ਵੀ ਕੰਮ ਮਿਲਦੈ, ਜੁਟ ਜਾ ਮਸ਼ੀਨ ਬਣਕੇ। ਡਾਲਰ ਭੱਜੇ ਆਉਣਗੇ ਤੇਰੀ ਝੋਲੀ ਭਰਨ। ਗੱਲ ਉਨ੍ਹਾਂ ਦੀ ਕੁਝ ਕੁ ਸਿਆਣੀ ਲੱਗੀ।

ਇਸ ਮਗਰੋਂ ਅੰਗਰੇਜ਼ੀ ਅੱਖਰਾਂ 'ਚ ਲਿਖੇ ਨਾਮ ਵਾਲੇ ਸਟੋਰ 'ਚ ਵੜਨ ਤੋਂ ਪਹਿਲਾਂ ਸਾਰੇ ਰੱਬਾਂ ਨੂੰ ਮਨ 'ਚ ਧਿਆਇਆ ਸਿਵਾਇ ਅੰਗਰੇਜ਼ੀ ਮਾਤਾ ਦੇ। ਅੰਦਰ ਜਾ ਕੇ ਸਮਝ ਨਾ ਆਵੇ, ਕੀਹਦੇ ਨਾਲ ਗੱਲ ਕਰਾਂ? ਇੱਥੇ ਤਾਂ ਸਾਰੇ ਹੀ ਝੱਗੀਆਂ ਪਾਈ ਆਪਣੇ ਕੰਮਾਂ 'ਚ ਜੁਟੇ ਭੱਜੇ ਫਿਰਦੇ ਮੈਨੇਜਰ ਹੀ ਲੱਗੇ। ਸ਼ੁਕਰ ਹੈ ਸਾਹਮਣੇ 'ਆਫਿਸ' ਲਿਖਿਆ ਹੋਇਆ ਪੜ੍ਹ ਲਿਆ। ਲੋਕਾਂ ਤੋਂ ਅੱਖ ਬਚਾਉਂਦਾ ਉਧਰ ਨੂੰ ਭੱਜਿਆ। ਸੋਚਿਆ ਕਿ ਆਪਣੀ ਸੋਹਣੀ ਜਿਹੀ ਸੈਕਰੇਟਰੀ ਨਾਲ ਮੈਨੇਜਰ ਅੰਦਰ ਬੈਠਾ ਕੁਝ ਡਿਕਟੇਟ ਕਰਾ ਰਿਹਾ ਹੋਵੇਗਾ, ਵੱਡਾ ਸਾਰਾ ਮੇਜ਼, ਆਸੇ ਪਾਸੇ ਕੁਰਸੀਆਂ ਦਾ ਝੁਰਮਟ, ਇਕ ਸੋਫਾ ਸੈੱਟ ਆਦਿ, ਪਰ ਇੱਥੇ ਤਾਂ ਅਜਿਹਾ ਕੁਝ ਨਹੀਂ ਸੀ। ਦਫ਼ਤਰ 'ਚ ਤਿੰਨ ਚਾਰ ਸਾਧਾਰਨ ਜਿਹੀਆਂ ਕੁਰਸੀਆਂ ਸਟੂਲ ਤੇ ਸਾਧਾਰਨ ਜਿਹਾ ਆਦਮੀ ਝੱਗੀ ਪਾਈ ਕੰਪਿਊਟਰ 'ਤੇ ਖੜ੍ਹਾ ਕੰਮ ਕਰੀ ਜਾਵੇ। ਇਹਨੂੰ ਕਿਵੇਂ ਪੁੱਛਾਂ ਕਿ ਮੈਨੇਜਰ ਕਿੱਥੇ ਆ? ਜ਼ੋਰ ਦੇ ਕੇ ਵੀ ਅੰਗਰੇਜ਼ੀ ਨਾ ਬਣੀ ਤੇ ਪੰਜਾਬੀ 'ਚ ਹੀ ਬੋਲਿਆ ਗਿਆ, "ਜੀ ਮੈਂ ਦਰੱਖਤਾਂ ਤੋਂ ਡਾਲਰ ਤੋੜਣ ਆਇਆਂ।" ਪਰ ਮੈਂ ਸਮਝ ਗਿਆ ਕਿ ਉਸ ਨੂੰ ਮੇਰੀ ਗੱਲ ਦੀ ਸਮਝ ਨਹੀਂ ਆਈ। ਫਿਰ ਵੀ ਉਸ ਨੇ ਮੁਸਕਰਾਉਂਦਿਆਂ ਮੇਰੇ ਵੱਲ ਦੇਖਿਆ ਤੇ ਅੰਗਰੇਜ਼ੀ 'ਚ ਹੀ ਕੁਝ ਪੁੱਛਿਆ। ਫਿਰ ਉਹੀ ਅੜਚਣ! ਮੈਂ ਉਹਦੇ ਮੂੰਹ ਵੱਲ ਵੇਖਣ ਲੱਗਿਆ। ਇਸ਼ਾਰੇ ਨਾਲ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੈਂ ਕੰਮ ਮੰਗਣ ਆਇਆ ਹਾਂ, ਪਰ ਉਹ ਸਮਝ ਗਿਆ ਕਿ ਜਾਂ ਤਾਂ ਮੈਂ ਗੂੰਗਾ-ਬੋਲਾ ਹਾਂ ਜਾਂ ਅੰਗਰੇਜ਼ੀ ਦਾ ਕੱਟੜ ਦੁਸ਼ਮਣ। ਲੱਗਿਆ ਉਸ ਨੇ ਮਨ 'ਚ ਦੋ ਚਾਰ ਗਾਲ੍ਹਾਂ ਟਰੰਪ ਨੂੰ ਵੀ ਕੱਢੀਆਂ ਹੋਣਗੀਆਂ 'ਬਈ ਕੀ ਥੁੜਿਆ ਪਿਐ ਅਜਿਹੇ ਲੋਕਾਂ ਬਿਨਾਂ, ਉਈਂ ਸੱਦੀ ਜਾ ਰਹੇ ਨੇ ਟਰੱਕ ਦੇ ਟਰੱਕ ਭਰਕੇ।' ਉਂਜ, ਉਸ ਦੇ ਹਾਵ-ਭਾਵ ਤੋਂ ਮੈਂ ਪਹਿਲਾਂ ਹੀ ਅੰਦਾਜ਼ਾ ਲਾ ਲਿਆ ਕਿ ਇਸ ਨੇ ਗਾਲ੍ਹਾਂ ਨਹੀਂ ਕੱਢੀਆਂ ਹੋਣੀਆਂ। ਇੰਨਾ ਜ਼ਰੂਰ ਹੋਇਆ ਕਿ ਉਹਨੇ ਹੱਥਾਂ ਦੇ ਇਸ਼ਾਰਿਆਂ ਨਾਲ ਸਮਝਾ ਦਿੱਤਾ, 'ਬਈ ਤੇਰੇ ਲਈ ਇੱਥੇ ਕੋਈ ਕੰਮ ਨ੍ਹੀਂ, ਔਹ ਹੈ ਬੂਹੇ ਦਾ ਦਰਵਾਜ਼ਾ, ਹੋਰ ਕਿਤੇ ਕੰਮ ਭਾਲ।'

ਖ਼ੁਦ 'ਤੇ ਬੜਾ ਹੀ ਗੁੱਸਾ ਆਇਆ ਕਿ ਤੀਹ ਸਾਲ ਪਹਿਲਾਂ ਅਮਰੀਕਾ ਆ ਵਸੇ ਭਰਾ ਦੀ ਵਾਰ ਵਾਰ ਕੀਤੀ ਅੰਗਰੇਜ਼ੀ ਸਿੱਖਣ ਦੀ ਤਾਕੀਦ ਕਿਉਂ ਨਾ ਮੰਨੀ? ਪਰ ਮੰਨਦਾ ਵੀ ਕਿਵੇਂ? ਉਦੋਂ ਤਾਂ ਮੈਂ ਸਾਡੇ ਪਿੰਡ ਵਾਲੇ ਸਕੂਲ



ਦੇ ਪੰਜਾਬੀ ਮਾਸਟਰ ਅਤੇ ਖੇਡ-ਸਿੱਖਿਆ ਮਾਸਟਰ ਜੀ ਦਾ ਅੰਧ-ਭਗਤ ਸੀ। ਉਨ੍ਹਾਂ ਦੇ ਕਹੇ ਇਕ ਇਕ ਸ਼ਬਦ 'ਤੇ ਫੁੱਲ ਚੜ੍ਹਾਉਂਦਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਅੰਗਰੇਜ਼ ਸਾਡੇ ਦੇਸ਼ ਦੀ ਸਾਰੀ ਦੌਲਤ ਹੂੰਝ ਕੇ ਲੈ ਗਏ। ਆਪ ਤਾਂ ਇੱਥੋਂ ਚਲੇ ਗਏ, ਪਰ ਵਲਾਇਤ ਨੂੰ ਅਤੇ ਅੰਗਰੇਜ਼ੀ ਭਾਸ਼ਾ ਨੂੰ ਸਾਡੀ ਜਾਨ ਦਾ ਖੌਅ ਬਣਾ ਗਏ। ਮੁੱਕਦੀ ਗੱਲ ਕਿ ਅੰਗਰੇਜ਼ੀ ਦਾ ਐਸਾ ਹਊਆ ਮਨ 'ਚ ਵੜਿਆ ਕਿ ਅਮਰੀਕਾ ਆ ਜਾਣ 'ਤੇ ਵੀ ਨਾਲ ਨਾਲ ਤੁਰਿਆ ਫਿਰਦਾ ਹੈ।

ਥੋੜ੍ਹੇ ਦਿਨ ਧੱਕੇ ਖਾ ਕੇ ਦੋਸਤਾਂ ਮਿੱਤਰਾਂ ਦੀ ਸਲਾਹ 'ਤੇ ਥੋੜ੍ਹੀ ਬਹੁਤ 'ਪੰਜਰੇਜ਼ੀ' 'ਚ ਕਿਸੇ ਸਾਹਮਣੇ ਕੁਝ ਕਹਿ ਕੇ ਸਮਝਾਉਣ ਦੀ ਪ੍ਰੈਕਟਿਸ ਕਰ ਲਈ ਅਤੇ ਜਾ ਵੱਜੇ ਇਕ ਹੋਰ ਸਟੋਰ 'ਤੇ। ਪਤਾ ਲੱਗਿਆ ਕਿ ਇੱਥੇ ਕਾਫ਼ੀ ਪੰਜਾਬੀ ਕੰਮ ਕਰਦੇ ਹਨ। ਇਕ ਦੋ ਜਣਿਆਂ ਨੂੰ ਖੜ੍ਹਾ ਕੇ ਪੁੱਛਣ ਦੀ ਕੋਸ਼ਿਸ਼ ਕੀਤੀ, ਕਿਸੇ ਨੇ ਬਾਹਲੀ ਗੱਲ ਨਾ ਸੁਣੀ। ਹਾਂ, ਇਕ ਅੱਧਖੜ ਔਰਤ ਨੇ ਮੈਨੂੰ ਮੈਨੇਜਰ ਸਾਹਮਣੇ ਜਾ ਖੜ੍ਹਾਇਆ। ਮੂੰਹ ਨਾਲ ਗੁੱਡ-ਮੌਰਨਿੰਗ ਕਹਿਣ ਦੀ ਬਜਾਇ ਹੱਥਾਂ ਨਾਲ ਹੀ ਨਮਸਤੇ ਕਹਿ ਕੇ ਉਸਨੂੰ ਪੰਜਰੇਜ਼ੀ 'ਚ ਕਹਿਣਾ ਸ਼ੁਰੂ ਕੀਤਾ ਕਿ ਮੈਂ ਪੰਜਾਬ ਵਿਚ ਸਰਕਾਰੀ ਮਹਿਕਮੇ 'ਚ ਪੈਂਤੀ ਸਾਲ ਨੌਕਰੀ ਕੀਤੀ ਅਤੇ ਲੋਕਾਂ ਦੀ ਬੜੀ ਸੇਵਾ ਕੀਤੀ ਹੈ...। ਉਹਦੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ। ਸ਼ਾਇਦ ਉਹ ਸੋਚਦਾ ਹੋਵੇਗਾ ਕਿ ਪੰਜਾਬ ਦਾ ਸਰਕਾਰੀ ਮੁਲਾਜ਼ਮ ਅਤੇ ਲੋਕ ਸੇਵਾ! ਮੈਨੂੰ ਲੱਗਿਆ ਕਿ ਪੈ ਗਿਆ ਪੰਗਾ! ਉਸ ਨੇ ਵੀ ਹੱਸਦਿਆਂ ਹੱਸਦਿਆਂ ਢਿੱਲਾ ਜਿਹਾ ਮੂੰਹ ਬਣਾ ਕੇ "ਸੌਰੀ, ਨੋ ਜੌਬ" ਕਹਿੰਦਿਆਂ ਕਿਸੇ ਹੋਰ ਸਟੋਰ ਨੂੰ ਸੇਵਾਵਾਂ ਦੇਣ ਲਈ ਮੈਨੂੰ ਮਜਬੂਰ ਕਰ ਦਿੱਤਾ।

ਅਖੀਰ ਇਕ ਦਿਨ ਇਕ ਸਟੋਰ ਮਾਲਕ ਨੇ ਸਾਡੀ ਕਾਬਲੀਅਤ ਨੂੰ ਪਛਾਣ ਹੀ ਲਿਆ। ਮੈਂ ਪਹਿਲੇ ਦਿਨ ਅਮਰੀਕਾ ਦੀ ਸਰ-ਜ਼ਮੀਂ 'ਤੇ ਸਟੋਰ 'ਤੇ ਕੰਮ ਕੀਤਾ ਤਾਂ ਪਤਾ ਲੱਗ ਗਿਆ ਕਿ ਡਾਲਰ ਰੁਪੀਏ ਨਾਲੋਂ ਇੰਨਾ ਸਖ਼ਤ ਕਿਉਂ ਹੈ। ਘੰਟੇ ਕੁ ਬਾਅਦ ਹੀ ਲੱਤਾਂ ਨੇ ਚੂੰਢੀਆਂ ਵੱਢਣੀਆਂ ਸ਼ੁਰੂ ਕਰ ਦਿੱਤੀਆਂ, ਬਈ ਮੰਜੂ ਰਾਮਾ ਬੈਠਣ ਦਾ ਕੋਈ ਇੰਤਜ਼ਾਮ ਕਰ। ਚਾਰੇ ਪਾਸੇ ਨਜ਼ਰ ਘੁਮਾਈ ਤਾਂ ਕੋਈ ਸਟੂਲ ਵਗੈਰਾ ਨਜ਼ਰ ਨਾ ਆਇਆ। ਉਦੋਂ ਸੋਚਿਆ ਕਿ ਇੱਥੇ ਕੁਰਸੀਆਂ ਸਟੂਲਾਂ ਦੀ ਸਪਲਾਈ ਦਾ ਕੰਮ ਵੀ ਵਧੀਆ ਚੱਲ ਸਕਦਾ ਹੈ, ਪਰ ਇਹ ਪਲੈਨਿੰਗ ਉਦੋਂ ਹੀ ਠੁੱਸ ਕਰਨੀ ਪਈ ਜਦੋਂ ਪਤਾ ਲੱਗਿਆ ਬਈ ਇੱਥੇ ਕੰਮ ਸਮੇਂ ਕੁਰਸੀਆਂ ਸਟੂਲਾਂ 'ਤੇ ਬੈਠਣ ਦੀ ਇਜਾਜ਼ਤ ਹੀ ਨਹੀਂ। ਮਨ ਨੂੰ ਵੀ ਚੈਨ ਆਇਆ ਜਦ ਵੇਖਿਆ ਕਿ ਖ਼ੁਦ ਮਾਲਕ ਕੁਰਸੀਆਂ ਸਟੂਲਾਂ ਦੇ ਹੁੰਦਿਆਂ ਆਪ ਖੜ੍ਹ ਕੇ ਕੰਮ ਕਰ ਰਿਹਾ ਹੈ। ਲੱਤਾਂ ਨੂੰ ਸੁਨੇਹਾ ਭੇਜਿਆ, ਸਬਰ ਰੱਖੋ, ਅੱਛੇ ਦਿਨ ਵੀ ਆ ਜਾਣਗੇ। ਨਾਲ ਹੀ ਮਨ ਨੂੰ ਡਾਲਰ ਰੂਪੀ ਰੱਬ ਦੀ ਯਾਦ 'ਚ ਲਾ ਲਿਆ। ਜਿਵੇਂ ਜਿਵੇਂ ਘੰਟੇ ਵਧੀ ਜਾ ਰਹੇ ਸਨ ਮਨ ਦਾ ਕੈਲਕੁਲੇਟਰ ਡਾਲਰਾਂ ਦੀ ਗਿਣਤੀ ਕਰ ਕਰ ਖ਼ੁਸ਼ ਹੋ ਰਿਹਾ ਸੀ। ਆਖ਼ਰਕਾਰ ਅਸੀਂ ਇਨ੍ਹਾਂ ਡਾਲਰਾਂ ਨਾਲ ਹੀ ਦੇਸ਼ ਦੀ ਆਰਥਿਕਤਾ ਨੂੰ ਸਹਾਰਾ ਜੋ ਦੇਣਾ ਸੀ। ਕੰਮ ਤੋਂ ਵਿਹਲੇ ਹੋ ਜਾਈਏ ਫਿਰ ਭਾਰਤ ਸਰਕਾਰ ਨਾਲ ਗੱਲ ਕਰਦੇ ਹਾਂ ਬਈ ਡਾਲਰ ਦੇ ਨਿਵੇਸ਼ ਲਈ ਕੋਈ ਯੋਜਨਾਬੰਦੀ ਕਰ ਲਵੇ। ਅਜੇ ਮੈਂ ਸੋਚ ਹੀ ਰਿਹਾ ਸੀ ਕਿ ਬਠਿੰਡੇ ਤੋਂ ਸੁਖਦਰਸ਼ਨ ਦਾ ਫੋਨ ਆ ਗਿਆ। ਕਹਿਣ ਲੱਗਾ, "ਉਏ ਤੂੰ ਤਾਂ ਨਹੀਂ ਦੱਸਿਆ, ਪਰ ਸਾਨੂੰ ਫਿਰ ਵੀ ਪਤਾ ਲੱਗ ਹੀ ਗਿਆ ਬਈ ਤੇਰਾ ਡਾਲਰਾਂ ਨੂੰ ਹੱਥ ਪੈ ਚੱਲਿਆ ਹੈ। ਯਾਦ ਐ ਨਾ ਤੁਰਨ ਵੇਲੇ ਕੀਤਾ ਵਾਅਦਾ? ਹੁਣ ਤਾਂ ਸੁੱਖ ਨਾਲ ਤਿੰਨ ਕਿਤਾਬਾਂ ਦੇ ਖਰੜੇ ਤਿਆਰ ਪਏ ਨੇ। ਨਾਲੇ ਸਭਾ ਲਈ ਹਾਲ ਬਣਾਉਣ ਦਾ ਹੀਲਾ ਤਾਂ ਅਸੀਂ ਕਰ ਲਿਆ, ਹੁਣ ਉਸ ਅੰਦਰ ਮੇਜ਼ ਕੁਰਸੀਆਂ ਅਤੇ ਹੋਰ ਸਾਰਾ ਸਾਜ਼ੋ-ਸਮਾਨ ਤੇਰੇ ਜ਼ਿੰਮੇ ਐ। ਬਾਕੀ ਜਦੋਂ ਆਉਣਾ ਹੋਇਆ ਦੱਸ ਦੇਈਂ ਤੇਰੇ ਮਾਣ-ਸਨਮਾਨ 'ਚ ਪ੍ਰੋਗਰਾਮ ਰੱਖ ਲਵਾਂਗੇ, ਬਹਿਜਾ ਬਹਿਜਾ ਕਰਵਾ ਦਿਆਂਗੇ, ਅਸੀਂ ਤਾਂ ਹੁਣੇ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ।"

ਮੈਂ ਕਿਹਾ, "ਤੁਹਾਨੂੰ ਅਤੇ ਤੁਹਾਡੇ ਵੱਲੋਂ ਮਿਲਦੇ ਰਹਿੰਦੇ 'ਘਰ ਫੂਕ ਤਮਾਸ਼ਾ' ਰੂਪੀ ਉਤਸ਼ਾਹ ਨੂੰ ਭੁੱਲ ਸਕਦਾਂ ਕਦੇ? ਪਰ ਯਾਰ ਤੂੰ ਹੁਣ ਭਾਰਤੀ ਕਰਮਚਾਰੀ ਨੂੰ ਫੋਨ ਨਹੀਂ ਕਰ ਰਿਹਾ ਸਗੋਂ ਇਕ ਅਮਰੀਕੀ ਕਰਮਚਾਰੀ ਨਾਲ ਗੱਲ ਕਰ ਰਿਹਾ ਹੈਂ। ਇਸ ਲਈ ਜ਼ਰਾ ਸਮੇਂ ਦਾ ਖਿਆਲ ਰੱਖਿਆ ਕਰ ਮਤੇ ਫੋਨ 'ਤੇ ਗੱਲ ਕਰਦੇ ਨੂੰ ਸੁਣ ਕੇ ਪੱਕੇ ਤੌਰ 'ਤੇ ਆਰਾਮ ਕਰਨ ਦਾ ਹੁਕਮ ਹੀ ਦੇ ਦੇਣ। ਮੈਂ ਘਰੇ ਜਾ ਕੇ ਗੱਲ ਕਰਾਂਗਾ। ਇਕ ਗੱਲ ਹੋਰ, ਆਪਣੇ ਯਾਰਾਂ ਮਿੱਤਰਾਂ ਨੂੰ ਕਹਿਦੇ ਬਈ ਆਪਣੇ ਖਰੜੇ ਤਿਆਰ ਕਰ ਲੈਣ ਸਭ ਦੇ ਉਲਾਭੇਂ ਲਾਹ ਦਿਆਂਗੇ।"

ਹਫ਼ਤੇ 'ਚ ਮਹਿਜ਼ ਤੀਹ ਘੰਟੇ ਕੰਮ ਕਰਕੇ ਪਤਾ ਲੱਗ ਗਿਆ ਕਿ ਕੰਮ ਕੀਹਨੂੰ ਕਹਿੰਦੇ ਨੇ, ਪਰ ਖ਼ੁਸ਼ੀ ਇਹ ਸੀ ਬਈ ਕਮਾਈ ਵੀ ਰੁਪਈਆਂ ਗੁਣਾ ਸੱਤਰ ਹੈ। ਹਫ਼ਤੇ ਬਾਅਦ ਮੁਲਾਜ਼ਮਾਂ ਨੂੰ ਬੁਲਾ ਬੁਲਾ ਕੇ ਚੈੱਕ ਦਿੱਤੇ ਗਏ ਤਾਂ ਮੇਰਾ ਧਿਆਨ ਉਧਰ ਹੀ ਸੀ ਕਿ ਕਦੋਂ ਬੁਲਾਉਣਗੇ ਤੇ ਕਰਾਂਗਾ ਡਾਲਰਾਂ ਦੇ ਚੈੱਕ ਦੇ ਦਰਸ਼ਨ। ਪਰ ਮੇਰੀ ਆਸ ਨੂੰ ਬੂਰ ਨਾ ਪਿਆ। ਕੰਮ ਛੱਡ ਕੇ ਮੈਂ ਹੀ ਜਾ ਮੈਨੇਜਰ ਦੁਆਲੇ ਹੋਇਆ। ਉਸ ਨੇ ਕਈ ਭਾਸ਼ਾਵਾਂ ਦਾ ਮਿਸ਼ਰਣ ਬਣਾ ਕੇ ਮੇਰੇ ਦਿਮਾਗ਼ 'ਚ ਗੱਲ ਪਾਈ ਕਿ ਅਗਲੇ ਹਫ਼ਤੇ।

ਦੂਜਾ ਹਫ਼ਤਾ ਵੀ ਆ ਗਿਆ। ਚੈੱਕ ਵੰਡਣ ਦਾ ਦੌਰ ਫਿਰ ਸ਼ੁਰੂ ਹੋਇਆ। ਮੇਰਾ ਨੰਬਰ ਤਾਂ ਫਾਡੀ ਹੀ ਆਉਣਾ ਸੀ, ਆਇਆ। ਚੈੱਕ ਮਿਲਿਆ। ਦੇਖਣ ਦੀ ਬਜਾਏ ਚੁੰਮਿਆ। ਜੇਬ੍ਹ ਨੂੰ ਨਿੱਘ ਦੇਣ ਲਈ ਮਰੋੜ ਕੇ ਜੇਬ੍ਹ 'ਚ ਹੀ ਪਾ ਲਿਆ। ਯਾਰ ਇਹਦੀ ਚੀਰ ਫਾੜ ਫਿਰ ਕਰਾਂਗੇ ਪਹਿਲਾਂ ਖ਼ੁਸ਼ੀ ਸਾਂਝੀ ਕਰੀਏ, ਪਰ ਕੀਹਦੇ ਨਾਲ? ਦੋ ਤਿੰਨ ਯਾਰ ਯਾਦ ਆਏ, ਪਰ ਉਹ ਤਾਂ ਕੰਮ 'ਤੇ ਹੋਣਗੇ। ਅਖੀਰ ਇਕੋ ਸਹਾਰਾ ਬਾਕੀ ਬਚਿਆ, ਮਤਬਲ ਸ਼ਕਤੀ ਵਾਟਰ। ਮਿਲ ਤਾਂ ਸਾਹਮਣਿਉ ਹੀ ਜਾਣਾ ਸੀ। ਸੋਚਿਆ ਸ਼ਕਤੀ ਵਾਟਰ ਪੀ ਕੇ ਭੰਗੜਾ ਪਾਵਾਂ ਤੇ ਲਲਕਾਰੇ ਮਾਰਾਂ। ਫਿਰ ਸੋਚਿਆ ਕਿ ਇਹ ਸਾਰਾ ਕੁਝ ਤਾਂ ਸਾਉਂਡ ਪਰੂਫ ਕਮਰੇ 'ਚ ਕਰਨਾ ਪਵੇਂ ਜਿੱਥੋਂ ਮੇਰੀ ਖ਼ੁਸ਼ੀ ਦੀ ਤਰੰਗ ਦਾ ਇਕ ਭੋਰਾ ਵੀ ਬਾਹਰ ਨਾ ਜਾ ਸਕੇ। ਜੇ ਫਿਰ ਵੀ ਇੰਡੀਅਨ ਹਿੰਡ ਪੁਗਾਉਣ ਦੀ ਕੋਸ਼ਿਸ਼ ਕੀਤੀ ਤਾਂ ਪਹਿਲੀ ਮਿਲੀ ਕਮਾਈ ਦਾ ਚੈੱਕ ਜੁਰਮਾਨੇ ਦੇ ਰੂਪ 'ਚ ਅਮਰੀਕਾ ਦੀ ਆਰਥਿਕਤਾ ਦਾ ਹਿੱਸਾ ਬਣ ਜਾਵੇਗਾ। ਸੋਚਿਆ, ਨਹੀਂ, ਇਹ ਨਹੀਂ ਕਰਨਾ, ਫਿਰ ਭਾਰਤੀ ਆਰਥਿਕਤਾ ਨੂੰ ਕੌਣ ਠੁੰਮਣਾ ਦੇਊ।

ਜਦੋਂ ਚੈੱਕ ਦੀ ਡਿਟੇਲ ਵੇਖੀ ਤਾਂ ਬੜਾ ਗੁੱਸਾ ਆਇਆ- ਅਮਰੀਕਨਾਂ ਦੀ ਬਿਜ਼ਨਸ-ਬੁੱਧੀ 'ਤੇ। ਇਹ ਬੰਦੇ 'ਤੇ ਭੋਰਾ ਇਤਬਾਰ ਨਹੀਂ ਕਰਦੇ। ਪਹਿਲਾਂ ਹੀ ਫੈਡਰਲ-ਟੈਕਸ, ਮੈਡੀਕੇਅਰ-ਟੈਕਸ, ਸੋਸ਼ਲ-ਸਕਿਉਰਟੀ ਟੈਕਸ, ਸਟੇਟ ਮੈਡੀਕਲ ਟੈਕਸ ਆਦਿ ਕੱਟ ਕੇ ਅੱਧ ਪਚੱਧਾ ਲੈ ਗਏ, ਅਜੇ ਲੋਕਲ ਟੈਕਸ ਭਰਨੇ ਬਾਕੀ ਸਨ। ਤਿੰਨ ਸੌ 'ਚੋਂ ਉਨ੍ਹਾਂ ਡੇਢ ਸੌ ਹੀ ਪੱਲੇ ਪਾਇਆ। ਸੋਚਿਆ ਕਿ ਭਾਰਤ ਮਾਤਾ ਦਾ ਉਲਾਂਭਾ ਲਾਹ ਦੇਈਏ ਤੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਨੂੰ ਭੇਜ ਦੇਈਏ ਆਪਣੇ ਦੇਸ਼ 'ਚ ਨਿਵੇਸ਼ ਕਰਨ ਲਈ, ਪਰ ਇੱਥੇ ਤਾਂ ਬਾਅਦ 'ਚ ਵੀ ਭੇਜੇ ਜਾ ਸਕਦੇ ਹਨ। ਪਹਿਲਾਂ ਸਾਹਿਤ ਸਭਾ ਲਈ ਭੇਜੀਏ, ਨਾਲੇ ਸਾਹਿਤਕਾਰਾਂ ਨੂੰ ਇਸ ਦੀ ਜ਼ਿਆਦਾ ਜ਼ਰੂਰਤ ਹੈ। ਪਰ ਉਦੋਂ ਹੀ ਕੱਕੋ ਵੱਲੋਂ ਮਿਲਿਆ ਹੁਕਮ ਯਾਦ ਆ ਗਿਆ, "ਜੀ ਜਦੋਂ ਅੱਜ ਡਾਲਰ ਮਿਲ ਗਏ ਸਿੱਧੇ ਘਰੇ ਹੀ ਲੈ ਕੇ ਆਇਉ, ਐਵੇਂ ਨਾ ਰਸਤੇ 'ਚ ਖਰਚਣ ਬਹਿ ਜਾਇਓ। ਕਈ ਥਾਵਾਂ 'ਤੇ ਸੁੱਖਣਾ ਸੁੱਖੀ ਬੈਠੀ ਹਾਂ, ਸਭ ਲਈ ਸੁੱਚੇ ਡਾਲਰ ਕੱਢ ਕੇ ਦੇਣੇ ਨੇ, ਤੇ ਰਸੋਈ 'ਚੋਂ ਰਾਸ਼ਨ ਵੀ ਨੌਂ ਦੋ ਗਿਆਰਾਂ ਹੋਇਆ ਬੈਠਾ ਹੈ। ਬਾਕੀ ਮੈਂ ਆਪਣੇ ਮੇਕਅੱਪ ਦੇ ਸਾਮਾਨ ਲਈ ਕਿਸੇ ਸਹੇਲੀ ਨਾਲ ਰਾਬਤਾ ਕਾਇਮ ਰੱਖਿਆ ਹੋਇਆ ਹੈ। ਉਮੀਦ ਹੈ ਲੋਨ ਮਿਲ ਜਾਵੇਗਾ।"

ਬਾਕੀਆਂ ਨੂੰ ਤਾਂ ਮਨਾ ਲਵਾਂਗੇ, ਪਰ ਹੋਮ-ਮਨਿਸਟਰੀ ਅੱਗੇ... ਕੀ ਆਖਾਂ।

## ਕਾਵਿ ਵਿਅੰਗ

### 'ਸੱਚ ਮੁੱਚ ਦਾ ਬਦਲਾਅ'

ਬੇਈਮਾਨੀ ਤਾਂ ਹੱਸਦੀ ਖਿੜ ਖਿੜ ਕੇ.
ਇਮਾਨਦਾਰੀ ਰਹੀ ਹੈ ਰੋ ਸੱਜਣਾ।
ਚਾਰੇ ਪਾਸੇ ਹੈ ਝੂਠ ਦਾ ਬੋਲ ਬਾਲਾ,
ਸੱਚ ਗਿਆ ਖਬਰੇ ਕਿੱਥੇ ਖੋ ਸੱਜਣਾ।
ਡਾਕੇ, ਕਤਲ, ਬਲਾਤਕਾਰ ਆਮ ਹੋ ਗਏ,
ਕਿਸੇ ਗਿਣਤੀ 'ਚ ਰਹੀ ਨਾ ਲੁੱਟ ਖੋਹ ਸੱਜਣਾ।
ਘਪਲੇ ਲੀਡਰ ਤੇ ਅਫਸਰ ਕਰਨ ਰੱਜ ਕੇ,
ਛੁੱਟ ਜਾਏ ਜ਼ਮਾਨਤ ਹੋ ਸੱਜਣਾ।
ਮਹਿਕ ਇਨਸਾਫ ਦੀ ਉਡ ਗਈ ਖੰਭ ਲਾ ਕੇ,
ਠਾਣੇ ਕਚਿਹਰੀਆਂ ਮਾਰਦੇ ਬੋ ਸੱਜਣਾ।
ਭੁੱਲਾਂ ਤੀਰਥਾਂ ਤੇ ਭਖਸ਼ਾਉਣੀਆਂ ਛੱਡ ਹੁਣ ਤੂੰ,
ਦਿੰਦਾ ਪੈਸਾ ਹੀ ਪਾਪਾਂ ਨੂੰ ਧੋ ਸੱਜਣਾ।
ਜਗੀਰਦਾਰਾਂ ਵਾਂਗ ਹੈਂਕੜ ਕਰਨ ਲੱਗ ਜਾਏ,
ਬੈਠ ਜਾਂਦਾ ਹੈ ਕੁਰਸੀ ਤੇ ਜੋ ਸੱਜਣਾ।
ਵਾਅਦੇ ਬਦਲਾਅ ਦੇ ਕਦੇ ਨਾ ਹੋਣ ਪੂਰੇ,
ਜਾਂਦੇ ਸੱਤਾ ਵਿੱਚ ਦੇ ਨਸ਼ੇ ਵਿੱਚ ਖੋ ਸੱਜਣਾ।
ਕਿੰਨਾ ਚਿਰ ਤੂੰ ਸਹੇਂਗਾ ਜ਼ੁਲਮ 'ਨਿੱਝਰ',
ਐਵੇਂ ਡਰ ਨਾ ਤਕੜਾ ਹੋ ਸੱਜਣਾ।
ਸੱਚ ਮੁੱਚ ਦਾ ਲਿਆਉਣਾ ਬਦਲਾਅ ਜੇਕਰ,
ਸਿਸਟਮ ਬਦਲਣ ਲਈ ਉੱਠ ਖਲੋ ਸੱਜਣਾ।

**ਰਵਿੰਦਰ ਸਿੰਘ ਨਿੱਝਰ**
98722 00125

## ਸੰਪਾਦਕੀ

# ਭਾਰਤ ਵਿਚ ਵੱਧ ਰਹੀਆਂ ਦਿਲ ਦੀਆਂ ਬਿਮਾਰੀਆਂ

ਸਾਡੇ ਦੇਸ਼ ਭਾਰਤ ਵਿਚ ਦਿਲ ਦੀਆਂ ਬਿਮਾਰੀਆਂ ਹੁਣ ਸਿਰਫ਼ ਵੱਡੀ ਉਮਰ ਦੇ ਲੋਕਾਂ ਦਾ ਹੀ ਰੋਗ ਨਹੀਂ ਰਹੀਆਂ। ਉੱਤਰੀ ਭਾਰਤ ਵਿੱਚ ਬਹੁਤ ਸਾਰੇ ਨੌਜਵਾਨ ਦਿਲ ਦੇ ਗੰਭੀਰ ਰੋਗਾਂ ਦੀ ਲਪੇਟ ਵਿੱਚ ਆ ਰਹੇ ਹਨ, ਜੋ ਇਸ ਖਿੱਤੇ ਦੇ ਲੋਕਾਂ ਦੀ ਸਿਹਤ ਵਿੱਚ ਆ ਰਹੇ ਚਿੰਤਾਜਨਕ ਬਦਲਾਅ ਵੱਲ ਇਸ਼ਾਰਾ ਹੈ। ਪੰਜਾਬ ਅਤੇ ਹਰਿਆਣਾ ਤੋਂ ਆਈਆਂ ਤਾਜ਼ਾ ਰਿਪੋਰਟਾਂ ਇਸ ਹਕੀਕਤ ਉੱਤੇ ਮੋਹਰ ਲਾਉਂਦੀਆਂ ਹਨ। ਇੱਕ ਪਾਸੇ ਜਿੱਥੇ ਪੰਜਾਬ ਦੇ ਨੌਜਵਾਨਾਂ ਨੂੰ ਦਿਲ ਦੇ ਵੱਡੇ ਅਤੇ ਗੰਭੀਰ ਇਲਾਜਾਂ ਦੀ ਲੋੜ ਪੈ ਰਹੀ ਹੈ, ਉੱਥੇ ਹੀ ਦੂਜੇ ਪਾਸੇ ਹਰਿਆਣਾ ਵਿੱਚ ਫੈਲ ਰਹੇ 'ਟੈਲੀ-ਈ ਸੀ ਜੀ' ਨੈੱਟਵਰਕ ਨੇ ਇਹ ਵਿਖਾ ਦਿੱਤਾ ਹੈ ਕਿ ਵੇਲੇ ਸਿਰ ਬਿਮਾਰੀ ਦੀ ਪਛਾਣ ਕਰਕੇ ਕਿਵੇਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਇਹ ਦੋਵੇਂ ਗੱਲਾਂ ਰਲ ਕੇ ਸਾਡੇ ਇਲਾਕੇ ਦੀ ਇਸ ਵਧ ਰਹੀ ਸਮੱਸਿਆ ਨੂੰ ਉਜਾਗਰ ਕਰਦੀਆਂ ਹਨ ਅਤੇ ਇਸ ਨਾਲ ਨਜਿੱਠਣ ਦੇ ਰਾਹ ਵੀ ਦੱਸਦੀਆਂ ਹਨ। ਸੁਸਤ ਜੀਵਨ-ਸ਼ੈਲੀ, ਬਾਜ਼ਾਰੂ/ਡੱਬਾਬੰਦ ਖਾਣੇ, ਮੋਟਾਪਾ, ਤੰਬਾਕੂ ਦੀ ਵਰਤੋਂ, ਨਸ਼ੇ, ਲਗਾਤਾਰ ਮਾਨਸਿਕ ਤਣਾਅ, ਨੀਂਦ ਦੀ ਘਾਟ ਅਤੇ ਛੋਟੀ ਉਮਰੇ ਹੀ ਸ਼ੂਗਰ ਤੇ ਬਲੱਡ ਪ੍ਰੈਸ਼ਰ ਦੀ ਬਿਮਾਰੀ ਦਾ ਹੋਣਾ- ਇਹ ਸਾਰੇ ਕਾਰਨ ਮਿਲ ਕੇ ਇੱਕ ਵੱਡਾ ਖ਼ਤਰਾ ਬਣ ਚੁੱਕੇ ਹਨ। ਬਹੁਤ ਸਾਰੇ ਨੌਜਵਾਨ ਪੜ੍ਹਾਈ, ਕੰਮ-ਕਾਰ ਜਾਂ ਮੋਬਾਈਲ-ਟੀਵੀ ਦੀਆਂ ਸਕਰੀਨਾਂ ਅੱਗੇ ਘੰਟਿਆਂਬੱਧੀ ਸਮਾਂ ਲੰਘਾ ਦਿੰਦੇ ਹਨ, ਜਿਸ ਕਰਕੇ ਕਸਰਤ ਜਾਂ ਮਨਪ੍ਰਚਾਵੇ ਲਈ ਸਮਾਂ ਹੀ ਨਹੀਂ ਬਚਦਾ। ਪੜ੍ਹਾਈ ਦੇ ਬੋਝ, ਬੇਰੁਜ਼ਗਾਰੀ ਅਤੇ ਆਰਥਿਕ ਅਨਿਸ਼ਚਿਤਤਾ ਕਰਕੇ ਵਧਦਾ ਮਾਨਸਿਕ ਤਣਾਅ ਦਿਲ ਦੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਹੋਰ ਵਧਾਉਂਦਾ ਹੈ। ਇਸ ਦੇ ਬਾਵਜੂਦ ਛਾਤੀ ਵਿੱਚ ਦਰਦ, ਸਾਹ ਚੜ੍ਹਨਾ ਜਾਂ ਬਿਨਾਂ ਵਜ੍ਹਾ ਥਕਾਵਟ ਵਰਗੇ ਲੱਛਣਾਂ ਨੂੰ ਅਕਸਰ ਅਣਗੌਲਿਆ ਕਰ ਦਿੱਤਾ ਜਾਂਦਾ ਹੈ ਕਿਉਂਕਿ ਅਜੇ ਵੀ ਦਿਲ ਦੇ ਰੋਗਾਂ ਨੂੰ ਸਿਰਫ਼ ਬਜ਼ੁਰਗਾਂ ਦੀ ਬਿਮਾਰੀ ਹੀ ਮੰਨਿਆ ਜਾਂਦਾ ਹੈ। ਇਹੋ ਉਹ ਥਾਂ ਹੈ ਜਿੱਥੇ ਹਸਪਤਾਲਾਂ ਦੀ ਲੋੜ ਪੈਣ ਤੋਂ ਪਹਿਲਾਂ ਹੀ ਸਰਕਾਰੀ ਸਿਹਤ ਤੰਤਰ ਨੂੰ ਸੁਚੇਤ ਹੋ ਕੇ ਕਦਮ ਚੁੱਕਣੇ ਪੈਣਗੇ। ਸਕੂਲਾਂ, ਕਾਲਜਾਂ ਅਤੇ ਦਫ਼ਤਰਾਂ ਵਿੱਚ ਚੱਲਦੇ ਸਿਹਤ ਪ੍ਰੋਗਰਾਮਾਂ ਅੰਦਰ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਕੋਲੈਸਟਰੋਲ ਦੀ ਨਿਯਮਿਤ ਜਾਂਚ ਨੂੰ ਜ਼ਰੂਰੀ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਜਾਗਰੂਕਤਾ ਮੁਹਿੰਮਾਂ ਰਾਹੀਂ ਨੌਜਵਾਨਾਂ ਨੂੰ ਬਿਮਾਰੀ ਦੇ ਮੁੱਢਲੇ ਲੱਛਣ ਪਛਾਣਨ ਅਤੇ ਵੇਲੇ ਸਿਰ ਡਾਕਟਰੀ ਸਲਾਹ ਲੈਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ। ਚੰਗੀ ਖ਼ੁਰਾਕ, ਸਰੀਰਕ ਕਸਰਤ ਅਤੇ ਮਾਨਸਿਕ ਸਿਹਤ ਵੱਲ ਵੀ ਸਰਕਾਰੀ ਨੀਤੀਆਂ ਵਿੱਚ ਛੂਤ ਦੀਆਂ ਬਿਮਾਰੀਆਂ ਜਿੰਨਾ ਹੀ ਧਿਆਨ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਤਕਨਾਲੋਜੀ ਵੀ ਇੱਕ ਆਸ ਦੀ ਕਿਰਨ ਦਿਖਾਉਂਦੀ ਹੈ। ਟੈਲੀ-ਮੈਡੀਸਨ (ਫੋਨ ਜਾਂ ਵੀਡੀਓ ਕਾਲ ਰਾਹੀਂ ਡਾਕਟਰੀ ਇਲਾਜ), ਦੂਰ-ਦੁਰਾਡੇ ਬੈਠ ਕੇ ਈ ਸੀ ਜੀ ਦੀ ਜਾਂਚ ਅਤੇ ਐਮਰਜੈਂਸੀ ਵਿੱਚ ਮਰੀਜ਼ਾਂ ਨੂੰ ਵੱਡੇ ਹਸਪਤਾਲਾਂ ਤੱਕ ਪਹੁੰਚਾਉਣ ਦਾ ਮਜ਼ਬੂਤ ਪ੍ਰਬੰਧ ਪਿੰਡਾਂ ਅਤੇ ਛੋਟੇ ਕਸਬਿਆਂ ਵਿੱਚ ਵੀ ਮਾਹਿਰ ਡਾਕਟਰਾਂ ਦੀ ਸਹੂਲਤ ਪਹੁੰਚਾ ਸਕਦਾ ਹੈ, ਜਿਸ ਨਾਲ 'ਗੋਲਡਨ ਆਵਰ' (ਦਿਲ ਦਾ ਦੌਰਾ ਪੈਣ ਤੋਂ ਬਾਅਦ ਦੇ ਪਹਿਲੇ ਇੱਕ ਘੰਟੇ) ਵਿੱਚ ਹੀ ਇਲਾਜ ਸ਼ੁਰੂ ਹੋਣਾ ਯਕੀਨੀ ਬਣੇਗਾ। ਅਜਿਹੇ ਨਵੇਂ ਤਜਰਬਿਆਂ ਨੂੰ ਬਿਮਾਰੀਆਂ ਤੋਂ ਬਚਾਅ ਦੀ ਇੱਕ ਵੱਡੀ ਯੋਜਨਾ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ।

## ਸਫਾਈ ਕਰਮਚਾਰੀਆਂ ਤੇ ਹੋਰ ਕੱਚੇ ਕਾਮਿਆਂ ਨੂੰ ਬਿਨਾਂ ਸ਼ਰਤ ਪੱਕਾ ਕੀਤਾ ਜਾਵੇ

**ਮਾਛੀਵਾੜਾ ਸਾਹਿਬ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੇਗ਼ਮਪੁਰਾ ਟਾਈਗਰ ਫੋਰਸ ਦੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ, ਕੌਮੀ ਵਾਇਸ ਚੇਅਰਮੈਨ ਕ੍ਰਿਸ਼ਨ ਲਾਲ ਬਲੀਏਵਾਲ, ਹਲਕਾ ਸਮਰਾਲਾ ਦੇ ਪ੍ਰਧਾਨ ਬਲਵੀਰ ਚੰਦ ਅਤੇ ਬਲਾਕ ਪ੍ਰਧਾਨ ਗੁਰਪ੍ਰਸ਼ਾਦ ਸਿੰਘ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਬਰਨਾਲਾ ਵਿਖੇ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਫਾਈ ਕਰਮਚਾਰੀਆਂ ਉੱਪਰ ਕੀਤਾ ਗਿਆ ਪੁਲਿਸ ਲਾਠੀਚਾਰਜ ਲੋਕਤੰਤਰ, ਸੰਵਿਧਾਨਕ ਅਧਿਕਾਰਾਂ ਅਤੇ ਮਨੁੱਖੀ ਅਧਿਕਾਰਾਂ ਉੱਪਰ ਸਿੱਧਾ ਹਮਲਾ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਮਾਵਾਂ-ਧੀਆਂ ਸਤਿਕਾਰ ਯੋਜਨਾ ਦਾ ਪ੍ਰਚਾਰ ਕਰਦੀ ਹੈ, ਦੂਜੇ ਪਾਸੇ ਮਹਿਲਾਵਾਂ ਸਮੇਤ ਬੇਕਸੂਰ ਕਰਮਚਾਰੀਆਂ ਉੱਪਰ ਬੇਰਹਿਮੀ ਨਾਲ ਲਾਠੀਚਾਰਜ ਕਰਕੇ ਲੋਕ ਵਿਰੋਧੀ ਆਪਣੀ ਮਾਨਸਿਕਤਾ ਦਰਸਾ ਰਹੀ ਹੈ ਆਗੂਆਂ ਨੇ ਦਿੱਲੀ ਦੇ ਜੰਤਰ-ਮੰਤਰ ਵਿਖੇ ਵਿਦਿਆਰਥੀਆਂ ਉੱਪਰ ਹੋਏ ਲਾਠੀਚਾਰਜ ਦੀ ਵੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਕਿਸੇ ਵੀ ਰਾਜ ਵਿੱਚ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਉੱਪਰ ਬਲ ਦੀ ਵਰਤੋਂ ਲੋਕਤੰਤਰੀ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਹੈ। ਨਰੇਗਾ ਕਰਮਚਾਰੀਆਂ, ਸਫਾਈ ਕਰਮਚਾਰੀਆਂ, ਬਿਜਲੀ ਕਾਮਿਆਂ, ਕਿਸਾਨਾਂ, ਵਿਦਿਆਰਥੀਆਂ ਅਤੇ ਹੋਰ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਲੋਕਾਂ ਉੱਪਰ ਲਗਾਤਾਰ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਅਤੇ ਆਪ ਸੁਪਰੀਮੋ ਅਤੇ ਮੰਤਰੀਆਂ ਵੱਲੋ ਇਸ ਮਾੜੀ ਕਾਰਗੁਜਾਰੀ ਦੇ ਖਿਲਾਫ ਇੱਕ ਸ਼ਬਦ ਤੱਕ ਨਹੀਂ ਬੋਲਿਆ ਗਿਆ ਪੰਜਾਬ ਸਰਕਾਰ ਦੀ ਏਸ ਕਾਰਗੁਜ਼ਾਰੀ ਤੋਂ ਇਹ ਪ੍ਰਭਾਵ ਪੈਂਦਾ ਹੈ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਦੀਆਂ ਜਾਇਜ਼ ਮੰਗਾਂ ਸੁਣਨ ਦੀ ਬਜਾਏ ਪੁਲਿਸ ਬਲ ਦੀ ਵਰਤੋਂ ਕਰਕੇ ਇਨਸਾਨੀਅਤ ਵਿਰੋਧੀ ਕਾਰਵਾਈ ਕਰਨਾ ਲੋਕਤੰਤਰ ਲਈ ਖ਼ਤਰਨਾਕ ਰੁਝਾਨ ਹੈ।

ਬੇਗ਼ਮਪੁਰਾ ਟਾਈਗਰ ਫੋਰਸ ਨੇ ਮੰਗ ਕੀਤੀ ਕਿ ਘਟਨਾ ਦੀ ਨਿਰਪੱਖ ਜਾਂਚ ਕਰਵਾ ਕੇ ਦੋਸ਼ੀ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਵਿਰੁੱਧ ਭਾਰਤੀ ਨਿਆਂ ਸੰਹਿਤਾ (BNS), ਐੱਸ.ਸੀ./ਐੱਸ.ਟੀ. (ਅਤਿਆਚਾਰ ਰੋਕਥਾਮ) ਐਕਟ ਅਤੇ ਹੋਰ ਲਾਗੂ ਕਾਨੂੰਨਾਂ ਤਹਿਤ ਸਖ਼ਤ ਕੇਸ ਦਰਜ ਕੀਤਾ ਜਾਵੇ। ਜੇਕਰ ਜਾਂਚ ਦੌਰਾਨ ਕਤਲ ਦੀ ਕੋਸ਼ਿਸ਼ ਜਾਂ ਹੋਰ ਗੰਭੀਰ ਅਪਰਾਧ ਦੇ ਤੱਥ ਸਾਹਮਣੇ ਆਉਣ ਤਾਂ ਉਸ ਅਨੁਸਾਰ ਵੀ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਲਾਠੀਚਾਰਜ ਦੇ ਹੁਕਮ ਦੇਣ ਵਾਲਿਆਂ ਅਤੇ ਇਸ ਨੂੰ ਅੰਜਾਮ ਦੇਣ ਵਾਲੇ ਮੁਲਾਜ਼ਮਾਂ ਨੂੰ ਬਰਖ਼ਾਸਤ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ, ਜ਼ਖ਼ਮੀਆਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ ਅਤੇ ਸਾਰੇ ਸਫਾਈ ਕਰਮਚਾਰੀਆਂ ਨੂੰ ਬਿਨਾਂ ਸ਼ਰਤ ਪੱਕਾ ਕੀਤਾ ਜਾਵੇ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਲੋਕਾਂ ਦੀਆਂ ਜਾਇਜ਼ ਮੰਗਾਂ ਦਾ ਹੱਲ ਨਾ ਕੀਤਾ ਅਤੇ ਧੱਕੇਸ਼ਾਹੀ ਬੰਦ ਨਾ ਕੀਤੀ ਤਾਂ ਬੇਗ਼ਮਪੁਰਾ ਟਾਈਗਰ ਫੋਰਸ ਸੂਬਾ ਪੱਧਰ 'ਤੇ ਸੰਘਰਸ਼ ਨੂੰ ਹੋਰ ਤੇਜ਼ ਕਰੇਗੀ।

## ਧੀਆਂ ਦੇ ਵਿਆਹ ਲਈ ਮਾਨ ਸਰਕਾਰ ਦਾ ਵੱਡਾ ਉਪਰਾਲਾ: ਸ਼ੀਰਵਾਦ ਸਕੀਮ ਤਹਿਤ 28.01 ਕਰੋੜ ਦੀ ਰਾਸ਼ੀ ਜਾਰੀ

**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋੜਵੰਦ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੇ ਸਤਿਕਾਰ ਅਤੇ ਵਿੱਤੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਵਿੱਤੀ ਸਾਲ 2026-27 ਦੌਰਾਨ 'ਅਸ਼ੀਰਵਾਦ ਸਕੀਮ' ਅਧੀਨ ਅਨੁਸੂਚਿਤ ਜਾਤੀਆਂ ਦੇ 5,492 ਲਾਭਪਾਤਰੀਆਂ ਲਈ ?28.01 ਕਰੋੜ ਦੀ ਰਾਸ਼ੀ ਜਾਰੀ ਕੀਤੀ ਗਈ ਹੈ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬੇ ਦੇ 19 ਜ਼ਿਲ੍ਹਿਆਂ ਦੇ ਯੋਗ ਲਾਭਪਾਤਰੀਆਂ ਲਈ ਇਹ ਵਿੱਤੀ ਸਹਾਇਤਾ ਪ੍ਰਵਾਨ ਕੀਤੀ ਗਈ ਹੈ, ਤਾਂ ਜੋ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰ ਆਪਣੀਆਂ ਧੀਆਂ ਦੇ ਵਿਆਹ ਦੇ ਖਰਚੇ ਪੂਰੇ ਸਤਿਕਾਰ ਅਤੇ ਆਤਮ-ਵਿਸ਼ਵਾਸ ਨਾਲ ਕਰ ਸਕਣ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਅਸ਼ੀਰਵਾਦ ਪੋਰਟਲ 'ਤੇ ਪ੍ਰਾਪਤ ਹੋਈਆਂ ਦਰਖਾਸਤਾਂ ਦੇ ਆਧਾਰ 'ਤੇ ਬਰਨਾਲਾ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਫਤਹਿਗੜ੍ਹ ਸਾਹਿਬ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਪਠਾਨਕੋਟ, ਰੂਪਨਗਰ, ਐਸ.ਏ.ਐਸ. ਨਗਰ, ਐਸ.ਬੀ.ਐਸ. ਨਗਰ, ਸੰਗਰੂਰ ਅਤੇ ਮਾਲੇਰਕੋਟਲਾ ਦੇ ਲਾਭਪਾਤਰੀਆਂ ਨੂੰ ਇਸ ਤਾਜ਼ਾ ਜਾਰੀ ਹੋਈ ਗ੍ਰਾਂਟ/ਸਹਾਇਤਾ ਹੇਠ ਕਵਰ ਕੀਤਾ ਗਿਆ ਹੈ।

ਸਮਾਜਿਕ ਨਿਆਂ ਮੰਤਰੀ ਨੇ ਜ਼ਿਲ੍ਹਾ-ਵਾਰ ਆਂਕੜੇ ਸਾਂਝੇ ਕਰਦਿਆਂ ਦੱਸਿਆ ਕਿ ਇਸ ਜਾਰੀ ਕੀਤੀ ਗਈ ਰਾਸ਼ੀ ਨਾਲ ਜ਼ਿਲ੍ਹਾ ਫਾਜ਼ਿਲਕਾ ਦੇ 882, ਪਟਿਆਲਾ ਦੇ 611, ਫਿਰੋਜ਼ਪੁਰ ਦੇ 604, ਲੁਧਿਆਣਾ ਦੇ 403, ਮੋਗਾ ਦੇ 400, ਸ੍ਰੀ ਮੁਕਤਸਰ ਸਾਹਿਬ ਦੇ 384, ਹੁਸ਼ਿਆਰਪੁਰ ਦੇ 333, ਗੁਰਦਾਸਪੁਰ ਦੇ 297, ਬਰਨਾਲਾ ਦੇ 288 ਅਤੇ ਐਸ.ਬੀ.ਐਸ. ਨਗਰ ਦੇ 219 ਲਾਭਪਾਤਰੀਆਂ ਨੂੰ ਵਿੱਤੀ ਰਾਹਤ ਪ੍ਰਦਾਨ ਕੀਤੀ ਗਈ ਹੈ।

ਇਸੇ ਤਰ੍ਹਾਂ ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਠਿੰਡਾ ਦੇ 163, ਫਤਹਿਗੜ੍ਹ ਸਾਹਿਬ ਦੇ 160, ਸੰਗਰੂਰ ਦੇ 160, ਐਸ.ਏ.ਐਸ. ਨਗਰ ਦੇ 114, ਜਲੰਧਰ ਦੇ 114, ਰੂਪਨਗਰ ਦੇ 104, ਫਰੀਦਕੋਟ ਦੇ 103, ਮਾਲੇਰਕੋਟਲਾ ਦੇ 95 ਅਤੇ ਪਠਾਨਕੋਟ ਜ਼ਿਲ੍ਹੇ ਦੇ 58 ਅਨੁਸੂਚਿਤ ਜਾਤੀ ਲਾਭਪਾਤਰੀਆਂ ਨੂੰ ਵੀ ਇਸ ਸਕੀਮ ਦਾ ਲਾਭ ਦਿੱਤਾ ਗਿਆ ਹੈ।

ਸਕੀਮ ਦੀਆਂ ਵਿਸ਼ੇਸ਼ਤਾਵਾਂ ਬਾਰੇ ਚਾਨਣਾ ਪਾਉਂਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਯੋਗ ਪਰਿਵਾਰਾਂ ਨੂੰ ਧੀਆਂ ਦੇ ਵਿਆਹ ਲਈ ?51,000 ਦੀ ਆਰਥਿਕ ਮਦਦ ਦਿੱਤੀ ਜਾਂਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਬਿਨੈਕਾਰ ਪੰਜਾਬ ਦਾ ਸਥਾਈ ਨਿਵਾਸੀ ਹੋਵੇ, ਗਰੀਬੀ ਰੇਖਾ ਤੋਂ ਹੇਠਾਂ ਰਹਿ ਰਿਹਾ ਹੋਵੇ ਅਤੇ ਪਰਿਵਾਰ ਦੀ ਸਾਰੇ ਸਾਧਨਾਂ ਤੋਂ ਕੁੱਲ ਸਾਲਾਨਾ ਆਮਦਨ ?32,790 ਤੋਂ ਘੱਟ ਹੋਵੇ। ਇੱਕ ਪਰਿਵਾਰ ਦੀਆਂ ਵੱਧ ਤੋਂ ਵੱਧ ਦੋ ਧੀਆਂ ਇਸ ਸਕੀਮ ਦਾ ਲਾਭ ਲੈਣ ਲਈ ਯੋਗ ਹਨ।

ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਪੂਰੀ ਪਾਰਦਰਸ਼ਤਾ ਅਤੇ ਸਮੇਂ ਸਿਰ ਭੁਗਤਾਨ ਯਕੀਨੀ ਬਣਾਉਣ ਲਈ ਇਹ ਸਹਾਇਤਾ ਰਾਸ਼ੀ ਡੀ.ਬੀ.ਟੀ.ਰਾਹੀਂ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾਂਦੀ ਹੈ। ਉਨ੍ਹਾਂ ਦੋਹਰਾਇਆ ਕਿ ਭਗਵੰਤ ਸਿੰਘ ਮਾਨ ਸਰਕਾਰ ਪਾਰਦਰਸ਼ੀ ਅਤੇ ਲੋਕ-ਹਿਤੈਸ਼ੀ ਪਹਿਲਕਦਮੀਆਂ ਰਾਹੀਂ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ, ਤਾਂ ਜੋ ਸੂਬੇ ਵਿੱਚ ਸਮਾਜਿਕ ਨਿਆਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

## ਵਜਰਾ ਕੋਰ ਨੇ ਕਾਰਗਿਲ ਵਿਜੇ ਦਿਵਸ ਦੀ 27ਵੀਂ ਵਰ੍ਹੇਗੰਢ ਤੇ ਬਹਾਦਰੀ ਅਤੇ ਕੁਰਬਾਨੀ ਦਾ ਸਨਮਾਨ ਕੀਤਾ



**ਜਲੰਧਰ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਜਰਾ ਕੋਰ ਨੇ ਅੱਜ ਕਾਰਗਿਲ ਵਿਜੇ ਦਿਵਸ ਦੀ 27ਵੀਂ ਵਰ੍ਹੇਗੰਢ ਸ਼ਰਧਾ ਅਤੇ ਫੌਜੀ ਪਰੰਪਰਾਵਾਂ ਨਾਲ ਮਨਾਈ। 1999 ਵਿੱਚ ਆਪ੍ਰੇਸ਼ਨ ਵਿਜੇ ਦੌਰਾਨ ਭਾਰਤੀ ਫੌਜ ਦੇ ਬਹਾਦਰ ਸੈਨਿਕਾਂ ਦੀ ਅਸਾਧਾਰਨ ਬਹਾਦਰੀ ਅਤੇ ਸਰਵਉੱਚ ਕੁਰਬਾਨੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਹ ਸਮਾਗਮ ਵਜਰਾ ਸ਼ੌਰਿਆ ਸਥਲ ਵਿਖੇ ਇੱਕ ਸਮਾਰੋਹ ਨਾਲ ਸਮਾਪਤ ਹੋਇਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ, ਜਿਨ੍ਹਾਂ ਵਿੱਚ ਸਾਬਕਾ ਸੈਨਿਕ ਅਤੇ ਮੌਜੂਦਾ ਸੈਨਿਕ ਵੀ ਸ਼ਾਮਲ ਸਨ। ਵਜਰਾ ਕੋਰ ਦੇ ਜਨਰਲ ਅਫਸਰ ਕਮਾਂਡਿੰਗ (ਜੀਓਸੀ) ਅਤੇ ਹੋਰ ਹਾਜ਼ਰੀਨ ਨੇ ਸ਼ਹੀਦਾਂ ਦੇ ਸਨਮਾਨ ਵਿੱਚ ਫੁੱਲਮਾਲਾਵਾਂ ਭੇਟ ਕੀਤੀਆਂ।

ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਜੀਓਸੀ ਨੇ ਕਾਰਗਿਲ ਯੁੱਧ ਦੌਰਾਨ ਸੈਨਿਕਾਂ ਦੁਆਰਾ ਦਿਖਾਈ ਗਈ ਮਿਸਾਲੀ ਹਿੰਮਤ ਨੂੰ ਯਾਦ ਕੀਤਾ ਅਤੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਖੜ੍ਹੇ ਹੋਣ ਦੇ ਹਥਿਆਰਬੰਦ ਸੈਨਾਵਾਂ ਦੇ ਸੰਕਲਪ ਨੂੰ ਦੁਹਰਾਇਆ। ਉਨ੍ਹਾਂ ਨੇ ਸਾਰੇ ਰੈਂਕ ਦੇ ਸੈਨਿਕਾਂ ਨੂੰ ਇਸ ਮਹਾਨ ਵਿਰਾਸਤ ਤੋਂ ਪ੍ਰੇਰਨਾ ਲੈਣ ਅਤੇ ਭਾਰਤੀ ਫੌਜ ਦੀਆਂ ਸ਼ਾਨਦਾਰ ਪਰੰਪਰਾਵਾਂ ਅਤੇ ਰਾਸ਼ਟਰੀ ਝੰਡੇ ਦੇ ਸਨਮਾਨ ਨੂੰ ਬਰਕਰਾਰ ਰੱਖਣ ਦਾ ਸੱਦਾ ਦਿੱਤਾ। ਕਾਰਗਿਲ ਵਿਜੇ ਦਿਵਸ, ਜੋ ਹਰ ਸਾਲ 26 ਜੁਲਾਈ ਨੂੰ ਦੇਸ਼ ਭਰ ਵਿੱਚ ਮਨਾਇਆ ਜਾਂਦਾ ਹੈ, 1999 ਵਿੱਚ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਨਿਰਣਾਇਕ ਜਿੱਤ ਨੂੰ ਦਰਸਾਉਂਦਾ ਹੈ। ਇਸ ਜਿੱਤ ਵਿੱਚ, ਸੈਨਿਕਾਂ ਨੇ ਉੱਚੇ ਅਤੇ ਔਖੇ ਪਹਾੜੀ ਇਲਾਕਿਆਂ, ਜਮਾਉਣ ਵਾਲੀ ਠੰਡ ਅਤੇ ਮਜ਼ਬੂਤ ਦੁਸ਼ਮਣ ਸਥਿਤੀਆਂ ਦਾ ਸਾਹਮਣਾ ਕਰਦੇ ਹੋਏ ਘੁਸਪੈਠੀਆਂ ਨੂੰ ਭਾਰਤੀ ਧਰਤੀ ਤੋਂ ਸਫਲਤਾਪੂਰਵਕ ਬਾਹਰ ਕੱਢਿਆ।

ਵਜਰਾ ਕੋਰ ਦੁਆਰਾ ਆਯੋਜਿਤ ਇਹ ਸਮਾਗਮ ਆਜ਼ਾਦੀ ਦੀ ਕੀਮਤ ਦੀ ਇੱਕ ਦਿਲ ਨੂੰ ਛੂਹ ਲੈਣ ਵਾਲੀ ਯਾਦ ਦਿਵਾਉਂਦੇ ਹਨ। ਇਹ ਸਮਾਗਮ ਸੈਨਿਕਾਂ ਦੇ ਕਦੇ ਨਾ ਭੁੱਲਣ, ਕਦੇ ਮਾਫ਼ ਨਾ ਕਰਨ ਅਤੇ ਪੂਰੀ ਦ੍ਰਿੜਤਾ, ਹਿੰਮਤ ਅਤੇ ਸਨਮਾਨ ਨਾਲ ਰਾਸ਼ਟਰ ਦੀ ਰੱਖਿਆ ਕਰਨ ਲਈ ਹਮੇਸ਼ਾ ਚੌਕਸ ਰਹਿਣ ਦੇ ਵਾਅਦੇ ਨੂੰ ਹੋਰ ਮਜ਼ਬੂਤ ਕਰਦੇ ਹਨ।

## ਵਿਧਾਇਕ ਨਰਿੰਦਰ ਕੌਰ ਭਰਾਜ ਨੇ ਪਿੰਡਾਂ ਦੇ ਵਿਕਾਸ ਲਈ 01 ਕਰੋੜ 14 ਲੱਖ ਰੁਪਏ ਦੇ ਚੈਕ ਸੌਂਪ




**ਸੰਗਰੂਰ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸੰਗਰੂਰ ਦੀ ਵਿਧਾਇਕ ਸ੍ਰੀਮਤੀ ਨਰਿੰਦਰ ਕੌਰ ਭਰਾਜ ਨੇ ਅੱਜ ਪਿੰਡ ਮੰਗਵਾਲ, ਸਾਰੋਂ, ਫੱਗੂਵਾਲਾ, ਨਦਾਮਪੁਰ ਅਤੇ ਚੰਨੋ ਵਿਖੇ ਲੋਕ ਮਿਲਣੀਆਂ ਕਰ ਕੇ ਪਿੰਡ ਵਾਸੀਆਂ ਨਾਲ ਵਿਚਾਰ ਵਟਾਂਦਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਸੁਝਾਅ ਧਿਆਨ ਨਾਲ ਸੁਣੇ ਅਤੇ ਸਬੰਧਤ ਅਧਿਕਾਰੀਆਂ ਨੂੰ ਲੋਕਾਂ ਦੇ ਮਸਲਿਆਂ ਦਾ ਸਮੇਂ ਸਿਰ ਅਤੇ ਤਰਜੀਹ ਦੇ ਆਧਾਰ 'ਤੇ ਨਿਪਟਾਰਾ ਕਰਨ ਲਈ ਹਦਾਇਤਾਂ ਦਿੱਤੀਆਂ।

ਇਸ ਮੌਕੇ ਵਿਧਾਇਕ ਨੇ 'ਰੰਗਲਾ ਪੰਜਾਬ ਸਕੀਮ' ਤਹਿਤ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੇ ਚੈੱਕ ਵੀ ਭੇਟ ਕੀਤੇ। ਉਨ੍ਹਾਂ ਨੇ ਪਿੰਡ ਮੰਗਵਾਲ ਨੂੰ 28 ਲੱਖ ਰੁਪਏ, ਸਾਰੋਂ ਨੂੰ 31 ਲੱਖ ਰੁਪਏ, ਨਦਾਮਪੁਰ ਨੂੰ 20 ਲੱਖ ਰੁਪਏ, ਚੰਨੋ ਨੂੰ 18 ਲੱਖ ਰੁਪਏ ਅਤੇ ਫੱਗੂਵਾਲਾ ਨੂੰ 17 ਲੱਖ ਰੁਪਏ ਦੇ ਚੈੱਕ ਸੌਂਪੇ। ਉਨ੍ਹਾਂ ਕਿਹਾ ਕਿ ਇਹ ਰਾਸ਼ੀ ਪਿੰਡਾਂ ਵਿੱਚ ਲੋੜ ਅਨੁਸਾਰ ਵਿਕਾਸ ਕਾਰਜਾਂ 'ਤੇ ਖਰਚ ਕੀਤੀ ਜਾਵੇਗੀ, ਜਿਸ ਨਾਲ ਪੇਂਡੂ ਵਸਨੀਕਾਂ ਨੂੰ ਸਿੱਧਾ ਲਾਭ ਮਿਲੇਗਾ। ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਘਰ-ਘਰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਿੱਖਿਆ, ਸਿਹਤ, ਬੁਨਿਆਦੀ ਢਾਂਚੇ, ਪੀਣ ਵਾਲੇ ਪਾਣੀ, ਸੀਵਰੇਜ, ਸੜਕਾਂ ਅਤੇ ਹੋਰ ਵਿਕਾਸ ਕਾਰਜਾਂ ਲਈ ਵੱਡੇ ਪੱਧਰ 'ਤੇ ਫੰਡ ਜਾਰੀ ਕੀਤੇ ਜਾ ਰਹੇ ਹਨ, ਤਾਂ ਜੋ ਹਰ ਪਿੰਡ ਨੂੰ ਵਿਕਾਸ ਪੱਖੋਂ ਮਜ਼ਬੂਤ ਬਣਾਇਆ ਜਾ ਸਕੇ।

ਉਨ੍ਹਾਂ ਨੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਬਾਰੇ ਵੀ ਜਾਣੂ ਕਰਵਾਇਆ ਅਤੇ ਅਪੀਲ ਕੀਤੀ ਕਿ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਹਲਕਾ ਸੰਗਰੂਰ ਦੇ ਹਰ ਪਿੰਡ ਦਾ ਵਿਕਾਸ ਬਿਨਾਂ ਕਿਸੇ ਭੇਦਭਾਵ ਤੋਂ ਕਰਵਾਇਆ ਜਾ ਰਿਹਾ ਹੈ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਪੂਰਾ ਉਤਰਨ ਲਈ ਉਹ ਲਗਾਤਾਰ ਲੋਕਾਂ ਵਿਚਕਾਰ ਰਹਿ ਕੇ ਕੰਮ ਕਰਦੇ ਰਹਿਣਗੇ।

ਇਸ ਮੌਕੇ ਅਵਤਾਰ ਤਾਰੀ, ਲਖਵਿੰਦਰ ਸਿੰਘ ਫੱਗੂਵਾਲਾ, ਗੁਰਪ੍ਰੀਤ ਸਿੰਘ ਫੱਗੂਵਾਲਾ, ਲੱਕੀ ਸ਼ਰਮਾ, ਗੁਰਪ੍ਰੀਤ ਸਿੰਘ ਸਰਪੰਚ ਚੰਨੋ, ਕਰਮਜੀਤ ਕੌਰ ਸੰਮਤੀ ਮੈਂਬਰ, ਜਗਸੀਰ ਸਿੰਘ ਜੱਗੂ, ਹਰਿੰਦਰ ਸਿੰਘ ਸਾਰੋਂ, ਗੁਰਪ੍ਰੀਤ ਸਿੰਘ ਨਦਾਮਪੁਰ, ਰਣਵੀਰ ਸਿੰਘ ਨਦਾਮਪੁਰ, ਵਿਕਰਮ ਸਿੰਘ ਨਕਟੇ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਇੰਡੀਅਨ ਬਿਲਡਿੰਗਸ ਕਾਂਗਰਸ ਨੇ ਹਾਈ ਰਾਇਜ਼ ਬਿਲਡਿੰਗਸ ਵਿੱਚ ਸੇਵਾਵਾਂ ਵਿਸ਼ੇ ਤੇ ਨੈਸ਼ਨਲ ਸੈਮੀਨਾਰ ਦਾ ਆਯੋਜਨ ਕੀਤਾ



**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਬਿਲਡਿੰਗਸ ਕਾਂਗਰਸ (ਆਈਬੀਸੀ) ਦੀ ਸਰਪ੍ਰਸਤੀ ਵਿੱਚ ਆਈਬੀਸੀ ਚੰਡੀਗੜ੍ਹ ਅਤੇ ਹਰਿਆਣਾ ਸੈਂਟਰ, ਨੇ ਸ਼ਨੀਵਾਰ ਨੂੰ ਹੋਟਲ ਮਾਊਂਟਵਿਊ, ਸੈਕਟਰ 10, ਚੰਡੀਗੜ੍ਹ ਵਿਖੇ ਹਾਈ ਰਾਇਜ਼ ਬਿਲਡਿੰਗਸ ਵਿੱਚ ਸੇਵਾਵਾਂ ਵਿਸ਼ੇ 'ਤੇ ਆਪਣਾ ਮਿਡ-ਟਰਮ ਸੈਸ਼ਨ ਅਤੇ ਨੈਸ਼ਨਲ ਸੈਮੀਨਾਰ ਆਯੋਜਿਤ ਕੀਤਾ।

ਸੈਮੀਨਾਰ ਵਿੱਚ ਦੇਸ਼ ਭਰ ਤੋਂ ਇੰਜੀਨੀਅਰਾਂ, ਆਰਕੀਟੈਕਟਾਂ, ਯੋਜਨਾਕਾਰਾਂ, ਸਲਾਹਕਾਰਾਂ, ਸਿੱਖਿਆ ਸ਼ਾਸਤਰੀਆਂ, ਸਰਕਾਰੀ ਅਧਿਕਾਰੀਆਂ ਅਤੇ ਉਦਯੋਗ ਮਾਹਰਾਂ ਨੇ ਹਿੱਸਾ ਲਿਆ।

ਚੰਡੀਗੜ੍ਹ ਪ੍ਰਸ਼ਾਸਨ ਦੇ ਸਕੱਤਰ ਇੰਜੀਨੀਅਰਿੰਗ ਸ਼੍ਰੀਮਤੀ ਪ੍ਰੇਰਣਾ ਪੁਰੀ, ਆਈਏਐੱਸ ਨੇ ਮੁੱਖ ਮਹਿਮਾਨ ਦੇ ਰੂਪ ਵਿੱਚ ਪਰੰਪਰਾਗਤ ਦੀਪ ਜਗਾ ਕੇ ਸੈਮੀਨਾਰ ਦਾ ਉਦਘਾਟਨ ਕੀਤਾ। ਇਸ ਅਵਸਰ 'ਤੇ ਇੰਡੀਅਨ ਬਿਲਡਿੰਗਸ ਕਾਂਗਰਸ ਦੇ ਸੰਸਥਾਪਕ ਪ੍ਰਧਾਨ ਸ਼੍ਰੀ ਓ.ਪੀ. ਗੋਇਲ; ਆਈਬੀਸੀ ਦੇ ਪ੍ਰਧਾਨ ਸ਼੍ਰੀ ਸੀ. ਦੇਬਨਾਥ; ਆਈਬੀਸੀ ਦੇ ਉਪ ਪ੍ਰਧਾਨ ਸ਼੍ਰੀ ਟੋਲੀ ਬਸਰ; ਆਈਬੀਸੀ ਹਰਿਆਣਾ ਸੈਂਟਰ ਦੇ ਚੇਅਰਮੈਨ ਅਤੇ ਇੰਜੀਨੀਅਰ-ਇਨ-ਚੀਫ਼ ਸ਼੍ਰੀ ਅਨਿਲ ਕੁਮਾਰ ਦਹੀਆ; ਉਪ-ਪ੍ਰਧਾਨ ਅਤੇ ਆਨਰੇਰੀ ਸਕੱਤਰ, ਸ਼੍ਰੀ ਸੀ.ਬੀ. ਓਝਾ ਸਹਿਤ ਅਨੇਕ ਸੀਨੀਅਰ ਇੰਜੀਨੀਅਰ, ਆਰਕੀਟੈਕਟ ਅਤੇ ਵਿਸ਼ਿਸ਼ਟ ਪ੍ਰਤੀਨਿਧੀ ਉਪਸਥਿਤ ਰਹੇ।

ਇਕੱਠ ਨੂੰ ਸੰਬੋਧਨ ਕਰਦੇ ਹੋਏ, ਮੁੱਖ ਮਹਿਮਾਨ ਸ਼੍ਰੀਮਤੀ ਪ੍ਰੇਰਣਾ ਪੁਰੀ ਨੇ ਇਸ ਮਹੱਤਵਪੂਰਨ ਵਿਸ਼ੇ 'ਤੇ ਸੈਮੀਨਾਰ ਆਯੋਜਿਤ ਕਰਨ ਲਈ ਇੰਡੀਅਨ ਬਿਲਡਿੰਗਸ ਕਾਂਗਰਸ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਤੀਬਰ ਸ਼ਹਿਰੀਕਰਣ ਅਤੇ ਬਹੁਮੰਜ਼ਿਲਾ ਇਮਾਰਤਾਂ ਦੇ ਵਧਦੇ ਨਿਰਮਾਣ ਦੇ ਕਾਰਨ ਸੁਰੱਖਿਅਤ, ਊਰਜਾ ਦਕਸ਼, ਟਿਕਾਊ ਅਤੇ ਸੁਵਿਧਾਜਨਕ ਭਵਨ ਸੇਵਾਵਾਂ ਦਾ ਮਹੱਤਵ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਨੇ ਸਮਾਰਟ ਅਤੇ ਵਾਤਾਵਰਣ ਅਨੁਕੂਲ ਸ਼ਹਿਰੀ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਆਧੁਨਿਕ ਤਕਨੀਕਾਂ, ਏਕੀਕ੍ਰਿਤ ਯੋਜਨਾ ਅਤੇ ਸੁਰੱਖਿਆ ਮਿਆਰਾਂ ਦੇ ਸਖ਼ਤੀ ਨਾਲ ਪਾਲਨ ਦੀ ਜ਼ਰੂਰਤ 'ਤੇ ਬਲ ਦਿੱਤਾ। ਉਨ੍ਹਾਂ ਨੇ ਟਿਕਾਊ ਸ਼ਹਿਰੀ ਵਿਕਾਸ ਵਿੱਚ ਇੰਜੀਨੀਅਰਾਂ, ਆਰਕੀਟੈਕਟਾਂ ਅਤੇ ਤਕਨੀਕੀ ਮਾਹਰਾਂ ਦੀ ਮਹੱਤਵਪੂਰਨ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਸੈਮੀਨਾਰ ਵਿੱਚ ਗ੍ਰੀਨ ਬਿਲਡਿੰਗ ਜ਼ਰੂਰਤਾਂ, ਮਕੈਨੀਕਲ, ਇਲੈਕਟ੍ਰੀਕਲ ਅਤੇ ਪਲੰਬਿੰਗ (ਐੱਮਈਪੀ) ਸੇਵਾਵਾਂ ਵਿੱਚ ਇਨੋਵੇਸ਼ਨਸ, ਹਾਈ ਰਾਇਜ਼ ਬਿਲਡਿੰਗਾਂ ਵਿੱਚ ਅਗਨੀ ਰੱਖਿਆ ਸੇਵਾਵਾਂ ਅਤੇ ਭਵਨ ਰੱਖ-ਰਖਾਅ ਸੇਵਾਵਾਂ ਦੇ ਆਟੋਮੇਸ਼ਨ ਅਤੇ ਨਿਯੰਤਰਣ ਜਿਹੇ ਵਿਸ਼ਿਆਂ 'ਤੇ ਤਕਨੀਕੀ ਸੈਸ਼ਨ ਆਯੋਜਿਤ ਕੀਤੇ ਗਏ।

ਮਾਹਰਾਂ, ਸਿੱਖਿਆ ਸ਼ਾਸਤਰੀਆਂ ਅਤੇ ਉਦਯੋਗ ਜਗਤ ਦੇ ਸੀਨੀਅਰ ਪੇਸ਼ੇਵਰਾਂ ਨੇ ਪ੍ਰਤੱਖ ਅਤੇ ਵਰਚੁਅਲ ਮੋਡ ਨਾਲ ਤਕਨੀਕੀ ਪ੍ਰਸਤੁਤੀਆਂ ਦਿੱਤੀਆਂ ਅਤੇ ਹਾਈ ਰਾਇਜ਼ ਭਵਨਾਂ ਦੀ ਯੋਜਨਾ, ਡਿਜ਼ਾਈਨ, ਨਿਰਮਾਣ, ਸੰਚਾਲਨ, ਸੁਰੱਖਿਆ, ਊਰਜਾ ਦਕਸ਼ਤਾ ਅਤੇ ਰੱਖ-ਰਖਾਅ ਨਾਲ ਜੁੜੇ ਆਪਣੇ ਅਨੁਭਵ, ਅਧਿਐਨ ਅਤੇ ਬਿਹਤਰੀਨ ਪਿਰਤਾਂ ਸਾਂਝੀਆਂ ਕੀਤੀਆਂ।

ਵਿਚਾਰ-ਵਟਾਂਦਰੇ ਦੇ ਦੌਰਾਨ ਬੁੱਧੀਮਾਨ ਭਵਨ ਪ੍ਰਬੰਧਨ ਪ੍ਰਣਾਲੀਆਂ, ਊਰਜਾ ਸੰਭਾਲ਼, ਗ੍ਰੀਨ ਬਿਲਡਿੰਗ ਟੈਕਨੋਲੋਜੀ, ਉੱਨਤ ਅਗਨੀ ਸੁਰੱਖਿਆ ਪ੍ਰਣਾਲੀ, ਵਰਟੀਕਲ ਟ੍ਰਾਂਸਪੋਰਟੇਸ਼ਨ, ਐੱਚਵੀਏਸੀ ਪ੍ਰਣਾਲੀ, ਸਮਾਰਟ ਆਟੋਮੇਸ਼ਨ, ਡਿਜੀਟਲ ਨਿਗਰਾਨੀ ਅਤੇ ਪ੍ਰੋਡਕਟਿਵ ਮੇਂਟੇਨੈਂਸ (ਰੱਖ-ਰਖਾਅ) ਜਿਹੇ ਵਿਸ਼ਿਆਂ 'ਤੇ ਵਿਸਤਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਨਾਲ ਹੀ ਵਿਭਿੰਨ ਭਵਨ ਸੇਵਾਵਾਂ ਦੇ ਏਕੀਕਰਣ, ਪਰਿਚਾਲਨ ਦਕਸ਼ਤਾ, ਸੁਰੱਖਿਆ ਅਤੇ ਵਾਤਾਵਰਣਕ ਸਥਿਰਤਾ ਨਾਲ ਜੁੜੀਆਂ ਚੁਣੌਤੀਆਂ 'ਤੇ ਵੀ ਚਰਚਾ ਹੋਈ।

ਪ੍ਰਤੀਭਾਗੀਆਂ ਨੇ ਡਿਜ਼ਾਈਨ ਮਿਆਰਾਂ, ਬਿਲਡਿੰਗ ਕੋਡਸ ਦੇ ਅਨੁਪਾਲਨ, ਲਾਗੂਕਰਨ ਸਬੰਧੀ ਚੁਣੌਤੀਆਂ ਅਤੇ ਰੱਖ-ਰਖਾਅ ਪ੍ਰਕਿਰਿਆਵਾਂ ਨਾਲ ਜੁੜੇ ਵਿਭਿੰਨ ਵਿਵਹਾਰਿਕ ਪ੍ਰਸ਼ਨ ਮਾਹਰਾਂ ਦੇ ਸਾਹਮਣੇ ਰੱਖੇ। ਸੈਮੀਨਾਰ ਨੇ ਭਵਨ ਨਿਰਮਾਣ ਖੇਤਰ ਨਾਲ ਜੁੜੇ ਪੇਸ਼ੇਵਰਾਂ ਲਈ ਗਿਆਨ ਅਤੇ ਅਨੁਭਵ ਸਾਂਝੇ ਕਰਨ ਦਾ ਪ੍ਰਭਾਵੀ ਮੰਚ ਉਪਲਬਧ ਕਰਵਾਇਆ।

ਪ੍ਰੋਗਰਾਮ ਦਾ ਸਮਾਪਨ ਧੰਨਵਾਦ ਦੇ ਪ੍ਰਸਤਾਵ ਨਾਲ ਹੋਇਆ, ਜਿਸ ਵਿੱਚ ਮੁੱਖ ਮਹਿਮਾਨ, ਪਤਵੰਤਿਆਂ, ਬੁਲਾਰਿਆਂ, ਪ੍ਰਤੀਨਿਧੀਆਂ, ਪ੍ਰਾਯੋਜਕਾਂ ਅਤੇ ਆਯੋਜਨ ਕਮੇਟੀ ਦੇ ਮੈਂਬਰਾਂ ਦਾ ਆਭਾਰ ਵਿਅਕਤ ਕੀਤਾ ਗਿਆ। ਇੰਡੀਅਨ ਬਿਲਡਿੰਗਸ ਕਾਂਗਰਸ ਨੇ ਭਵਿੱਖ ਵਿੱਚ ਵੀ ਭਵਨ ਅਤੇ ਨਿਰਮਾਣ ਖੇਤਰ ਵਿੱਚ ਗਿਆਨ, ਇਨੋਵੇਸ਼ਨਸ ਅਤੇ ਉਤਕ੍ਰਿਸ਼ਟਤਾ ਨੂੰ ਹੁਲਾਰਾ ਦੇਣ ਲਈ ਅਜਿਹੇ ਤਕਨੀਕੀ ਪ੍ਰੋਗਰਾਮ ਆਯੋਜਿਤ ਕਰਨ ਦੀ ਆਪਣੀ ਪ੍ਰਤੀਬੱਧਤਾ ਦੁਹਰਾਈ।

## ਪਾਵਰ ਕਾਰਪੋਰੇਸ਼ਨ ਦੇ ਕਰਮਚਾਰੀ ਕਿਸਾਨਾਂ ਤੇ ਆਮ ਜਨਤਾ ਲਈ ਪਰੇਸ਼ਾਨੀ ਦਾ ਕਾਰਨ ਨਾ ਬਣਨ; ਹੜਤਾਲ ਵਾਪਸ ਲੈਣ, ਸਰਕਾਰ ਗੱਲਬਾਤ ਲਈ ਹਮੇਸ਼ਾ ਤਿਆਰ: ਅਮਨ ਅਰੋੜਾ

**ਸੁਨਾਮ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਆਮ ਆਦਮੀ ਪਾਰਟੀ (ਆਪ) ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਹੜਤਾਲ 'ਤੇ ਬੈਠੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਦੇ ਕਰਮਚਾਰੀਆਂ ਨੂੰ ਤੁਰੰਤ ਹੜਤਾਲ ਵਾਪਸ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਝੋਨੇ ਦੀ ਲਵਾਈ ਦੇ ਅਹਿਮ ਸੀਜ਼ਨ ਦੌਰਾਨ ਕਿਸਾਨਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਸੂਬੇ ਭਰ ਦੇ ਲਗਭਗ ਤਿੰਨ ਕਰੋੜ ਨਾਗਰਿਕਾਂ ਲਈ ਜ਼ਰੂਰੀ ਸੇਵਾਵਾਂ ਪ੍ਰਭਾਵਿਤ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਗੱਲਬਾਤ ਲਈ ਹਮੇਸ਼ਾ ਤਿਆਰ ਹੈ ਅਤੇ ਕਰਮਚਾਰੀ ਯੂਨੀਅਨਾਂ ਦੀ ਮੰਗ 'ਤੇ 25 ਦਿਨ ਪਹਿਲਾਂ ਗਠਿਤ ਕੀਤੀ ਗਈ ਇੱਕ ਉੱਚ ਪੱਧਰੀ ਕਮੇਟੀ ਪਹਿਲਾਂ ਹੀ ਉਨ੍ਹਾਂ ਦੀਆਂ ਲੰਬਿਤ ਮੰਗਾਂ 'ਤੇ ਵਿਚਾਰ ਕਰ ਰਹੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਕਮੇਟੀ ਦੀ ਹਰ ਜਾਇਜ਼ ਸਿਫਾਰਸ਼ ਨੂੰ ਸਰਕਾਰ ਵੱਲੋਂ ਪ੍ਰਵਾਨ ਕੀਤਾ ਜਾਵੇਗਾ।



ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅੱਜ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ, ਪਾਵਰ ਕਾਰਪੋਰੇਸ਼ਨ ਦੇ ਕਰਮਚਾਰੀ 21 ਜੁਲਾਈ ਤੋਂ ਹੜਤਾਲ 'ਤੇ ਹਨ, ਜਿਸ ਕਾਰਨ ਪੰਜਾਬ ਦੇ ਲੋਕਾਂ, ਖਾਸ ਕਰਕੇ ਸਾਡੇ ਕਿਸਾਨਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਝੋਨੇ ਦੀ ਲਵਾਈ ਦਾ ਸੀਜ਼ਨ ਇਸ ਸਮੇਂ ਅਹਿਮ ਮੋੜ 'ਤੇ ਹੈ ਅਤੇ ਬਿਜਲੀ ਸੇਵਾਵਾਂ ਠੱਪ ਹੋਣ ਨਾਲ ਕਿਸਾਨਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਕਿਸਾਨਾਂ ਤੋਂ ਇਲਾਵਾ ਘਰੇਲੂ ਖਪਤਕਾਰ, ਵਪਾਰੀ, ਸਾਡੀਆਂ ਮਾਵਾਂ-ਭੈਣਾਂ ਅਤੇ ਆਮ ਨਾਗਰਿਕ ਵੀ ਬਿਜਲੀ ਸੇਵਾਵਾਂ ਵਿੱਚ ਵਿਘਨ ਪੈਣ ਕਾਰਨ ਗੰਭੀਰ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ।

ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਨੇ ਕਿਹਾ, ਭਗਵੰਤ ਮਾਨ ਸਰਕਾਰ ਸਮਾਜ ਦੇ ਹਰ ਵਰਗ ਦੀ ਸਰਕਾਰ ਹੈ। ਸੱਤਾ ਸੰਭਾਲਣ ਤੋਂ ਬਾਅਦ, ਇਸ ਨੇ ਕਰਮਚਾਰੀਆਂ ਦੀ ਭਲਾਈ ਲਈ ਕਈ ਇਤਿਹਾਸਕ ਫੈਸਲੇ ਲਏ ਹਨ। ਸਰਕਾਰ ਨੇ ਵੱਖ-ਵੱਖ ਵਿਭਾਗਾਂ ਵਿੱਚ ਹਜ਼ਾਰਾਂ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਹਨ, ਹਜ਼ਾਰਾਂ ਕੱਚੇ ਕਰਮਚਾਰੀਆਂ ਨੂੰ ਪੱਕਾ ਕੀਤਾ ਹੈ, ਉਨ੍ਹਾਂ ਨੂੰ ਸੇਵਾ ਲਾਭ ਦਿੱਤੇ ਹਨ ਅਤੇ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਦੀਆਂ ਚਿਰਕੋਣੀ ਮੰਗਾਂ ਦਾ ਨਿਪਟਾਰਾ ਕੀਤਾ ਹੈ। ਪਾਵਰ ਬੋਰਡ ਦੇ ਕਰਮਚਾਰੀਆਂ ਦੀਆਂ ਬਹੁਤ ਸਾਰੀਆਂ ਮੰਗਾਂ ਸਰਕਾਰ ਵੱਲੋਂ ਪਹਿਲਾਂ ਹੀ ਮੰਨੀਆਂ ਜਾ ਚੁੱਕੀਆਂ ਹਨ।

ਕੈਬਨਿਟ ਮੰਤਰੀ ਨੇ ਕਿਹਾ, ਬਾਕੀ ਮੰਗਾਂ ਸਬੰਧੀ, ਖੁਦ ਕਰਮਚਾਰੀ ਯੂਨੀਅਨਾਂ ਨੇ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਸਰਕਾਰ ਅਤੇ ਯੂਨੀਅਨਾਂ ਦੋਵਾਂ ਦੀ ਨੁਮਾਇੰਦਗੀ ਵਾਲੀ ਇੱਕ ਵਿਸ਼ੇਸ਼ ਕਮੇਟੀ ਬਣਾਈ ਜਾਵੇ ਤਾਂ ਜੋ ਇਨ੍ਹਾਂ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾ ਸਕੇ।

ਉਨ੍ਹਾਂ ਦੀ ਬੇਨਤੀ 'ਤੇ ਕਾਰਵਾਈ ਕਰਦਿਆਂ ਸਰਕਾਰ ਨੇ ਲਗਭਗ 20 ਤੋਂ 25 ਦਿਨ ਪਹਿਲਾਂ ਇੱਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਵਿੱਚ ਵਿੱਤ, ਬਿਜਲੀ ਅਤੇ ਪ੍ਰਸੋਨਲ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ-ਨਾਲ ਕਰਮਚਾਰੀ ਯੂਨੀਅਨਾਂ ਦੇ ਚਾਰ ਨੁਮਾਇੰਦੇ ਸ਼ਾਮਲ ਹਨ। ਕਮੇਟੀ ਇਨ੍ਹਾਂ ਮੁੱਦਿਆਂ 'ਤੇ ਲਗਾਤਾਰ ਵਿਚਾਰ-ਵਟਾਂਦਰਾ ਕਰ ਰਹੀ ਹੈ ਅਤੇ ਸਰਕਾਰ ਹਰ ਜਾਇਜ਼ ਮੰਗ 'ਤੇ ਹਮਦਰਦੀ ਅਤੇ ਸਕਾਰਾਤਮਕ ਪਹੁੰਚ ਨਾਲ ਵਿਚਾਰ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਉਨ੍ਹਾਂ ਅੱਗੇ ਕਿਹਾ, ਮੈਂ ਕਰਮਚਾਰੀ ਯੂਨੀਅਨਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਹਰ ਜਾਇਜ਼ ਮੰਗ ਨੂੰ ਸਰਕਾਰ ਵੱਲੋਂ ਪ੍ਰਵਾਨ ਕੀਤਾ ਜਾਵੇਗਾ। ਜਦੋਂ ਸਰਕਾਰ ਅਤੇ ਕਰਮਚਾਰੀ ਯੂਨੀਅਨਾਂ ਵਿਚਕਾਰ ਗੱਲਬਾਤ ਪਹਿਲਾਂ ਹੀ ਚੱਲ ਰਹੀ ਹੈ, ਤਾਂ ਇਹ ਪ੍ਰਕਿਰਿਆ ਪੂਰੀ ਹੋਣ ਤੋਂ ਪਹਿਲਾਂ ਹੜਤਾਲ ਦਾ ਰਾਹ ਚੁਣਨਾ ਵਿਆਪਕ ਜਨਤਕ ਹਿੱਤ ਵਿੱਚ ਨਹੀਂ ਹੈ।

ਅਮਨ ਅਰੋੜਾ ਨੇ ਕਿਹਾ, ਜਨਤਾ ਦੀ ਖੱਜਲ-ਖੁਆਰੀ ਅਤੇ ਕਿਸਾਨਾਂ ਨੂੰ ਪਰੇਸ਼ਾਨ ਕਰਕੇ ਸਰਕਾਰ 'ਤੇ ਦਬਾਅ ਪਾਉਣ ਦੀ ਸੋਚ ਨਾਲ ਹੜਤਾਲ 'ਤੇ ਜਾਣਾ ਕਿਸੇ ਵੀ ਸਥਿਤੀ ਵਿੱਚ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਸਰਕਾਰ ਤੁਹਾਡੀ ਹੈ ਅਤੇ ਤੁਸੀਂ ਵੀ ਸਾਡੇ ਵਾਂਗ ਜਨਤਾ ਦੇ ਸੇਵਕ ਹੋ। ਇਸ ਲਈ ਮੈਂ ਸਾਰੀਆਂ ਕਰਮਚਾਰੀ ਯੂਨੀਅਨਾਂ ਨੂੰ ਨਿਮਰਤਾ ਸਹਿਤ ਅਪੀਲ ਕਰਦਾ ਹਾਂ ਕਿ ਉਹ ਪੰਜਾਬ ਦੇ ਲੋਕਾਂ, ਖਾਸ ਕਰਕੇ ਸਾਡੇ ਕਿਸਾਨ ਭਰਾਵਾਂ ਨੂੰ ਝੋਨੇ ਦੇ ਲਵਾਈ ਦੇ ਸੀਜ਼ਨ ਦੌਰਾਨ ਪਰੇਸ਼ਾਨ ਨਾ ਕਰਨ।

ਪਿੰਡਾਂ ਦੇ ਆਪਣੇ ਦੌਰੇ ਦੀ ਇੱਕ ਘਟਨਾ ਸਾਂਝਾ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ, ਅੱਜ ਮੈਂ ਕਈ ਕਿਸਾਨਾਂ ਨੂੰ ਮਿਲਿਆ, ਜਿਨ੍ਹਾਂ ਵਿੱਚੋਂ ਇੱਕ ਕਿਸਾਨ ਤਿੰਨ ਏਕੜ ਠੇਕੇ ਦੀ ਜ਼ਮੀਨ 'ਤੇ ਖੇਤੀ ਕਰਦਾ ਹੈ। ਉਸਨੇ ਬਹੁਤ ਦੁੱਖ ਨਾਲ ਮੈਨੂੰ ਦੱਸਿਆ ਕਿ ਹੜਤਾਲ ਕਾਰਨ ਬਿਜਲੀ ਦੀ ਸਪਲਾਈ ਠੱਪ ਹੋਣ ਕਰਕੇ ਉਸਦੀ ਰੋਜ਼ੀ-ਰੋਟੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਅਜਿਹੇ ਕਿਸਾਨਾਂ ਦਾ ਕੀ ਕਸੂਰ ਹੈ? ਜੇਕਰ ਕਰਮਚਾਰੀਆਂ ਦੀਆਂ ਕੁਝ ਸਮੱਸਿਆਵਾਂ ਹਨ, ਤਾਂ ਉਹ ਸਰਕਾਰ ਨਾਲ ਹਨ ਅਤੇ ਸਰਕਾਰ ਪਹਿਲਾਂ ਹੀ ਉਨ੍ਹਾਂ 'ਤੇ ਸਕਾਰਾਤਮਕ ਵਿਚਾਰ ਕਰ ਰਹੀ ਹੈ। ਬੇਕਸੂਰ ਨਾਗਰਿਕਾਂ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਹੀਂ ਪਹੁੰਚਣਾ ਚਾਹੀਦਾ।

ਅਮਨ ਅਰੋੜਾ ਨੇ ਦੱਸਿਆ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਇਸ ਸਮੁੱਚੇ ਮਾਮਲੇ ਦੀ ਨਿਗਰਾਨੀ ਕਰ ਰਹੇ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਕਰਮਚਾਰੀ ਯੂਨੀਅਨਾਂ ਦੇ ਲਗਾਤਾਰ ਸੰਪਰਕ ਵਿੱਚ ਹਨ ਅਤੇ ਗੱਲਬਾਤ ਰਾਹੀਂ ਮਸਲੇ ਨੂੰ ਹੱਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਕਿਹਾ, ਪੰਜਾਬ ਸਰਕਾਰ ਦਾ ਸਟੈਂਡ ਬਿਲਕੁਲ ਸਾਫ਼ ਹੈ। ਅਸੀਂ ਕਿਸੇ ਵੀ ਕਰਮਚਾਰੀ ਯੂਨੀਅਨ ਜਾਂ ਕਰਮਚਾਰੀ ਦੀ ਹਰ ਜਾਇਜ਼ ਮੰਗ ਨੂੰ ਸੁਣਨ ਲਈ ਹਮੇਸ਼ਾ ਤਿਆਰ ਹਾਂ ਅਤੇ ਇਸ ਦਾ ਯੋਗ ਹੱਲ ਲੱਭਣ ਲਈ ਵਚਨਬੱਧ ਹਾਂ। ਮੁੱਖ ਮੰਤਰੀ, ਬਿਜਲੀ ਵਿਭਾਗ ਅਤੇ ਸਮੁੱਚੀ ਸਰਕਾਰ ਤੁਹਾਡੇ ਨਾਲ ਹੈ। ਤੁਸੀਂ ਕਿਸੇ ਵੀ ਸਮੇਂ ਮੁੱਖ ਮੰਤਰੀ ਜਾਂ ਕਿਸੇ ਵੀ ਮੰਤਰੀ ਨੂੰ ਮਿਲ ਸਕਦੇ ਹੋ ਅਤੇ ਆਪਣਾ ਪੱਖ ਰੱਖ ਸਕਦੇ ਹੋ। ਹਰ ਉਹ ਮੰਗ ਜੋ ਕਰਮਚਾਰੀਆਂ, ਪੰਜਾਬ ਅਤੇ ਸੂਬੇ ਦੇ ਲੋਕਾਂ ਦੇ ਹਿੱਤ ਵਿੱਚ ਹੋਵੇਗੀ, ਉਸ 'ਤੇ ਵਿਚਾਰ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਨੇ ਕਿਹਾ, ਪਿਛਲੇ ਸਾਢੇ ਚਾਰ ਸਾਲਾਂ ਦੌਰਾਨ, ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਬੇਮਿਸਾਲ ਯਤਨ ਕੀਤੇ ਹਨ। ਜੇਕਰ ਕੁਝ ਲੋਕ ਹੜਤਾਲ ਰਾਹੀਂ ਜਨਤਾ ਨੂੰ ਪਰੇਸ਼ਾਨ ਕਰਕੇ ਸਰਕਾਰ ਦੇ ਅਕਸ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਪੰਜਾਬ ਦੇ ਲੋਕ ਤੱਥਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ।

ਕਿਸਾਨ ਜਥੇਬੰਦੀਆਂ ਨੂੰ ਅਪੀਲ ਕਰਦਿਆਂ ਅਮਨ ਅਰੋੜਾ ਨੇ ਕਿਹਾ, ਮੈਂ ਕਿਸਾਨ ਜਥੇਬੰਦੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਵਿਆਪਕ ਜਨਤਕ ਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਕਰਮਚਾਰੀ ਯੂਨੀਅਨਾਂ ਨਾਲ ਗੱਲਬਾਤ ਕਰਕੇ ਹੜਤਾਲ ਖਤਮ ਕਰਵਾਉਣ ਵਿੱਚ ਸਕਾਰਾਤਮਕ ਭੂਮਿਕਾ ਨਿਭਾਉਣ।

ਆਪਣੀ ਅੰਤਿਮ ਅਪੀਲ ਵਿੱਚ ਅਮਨ ਅਰੋੜਾ ਨੇ ਕਿਹਾ, ਮੈਂ ਇੱਕ ਵਾਰ ਫਿਰ ਹੱਥ ਜੋੜ ਕੇ ਆਪਣੇ ਪਾਵਰ ਕਾਰਪੋਰੇਸ਼ਨ ਦੇ ਕਰਮਚਾਰੀ ਭਰਾਵਾਂ ਅਤੇ ਭੈਣਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਤੁਰੰਤ ਹੜਤਾਲ ਵਾਪਸ ਲੈਣ ਅਤੇ ਬਿਜਲੀ ਸੇਵਾਵਾਂ ਨੂੰ ਸੁਚਾਰੂ ਬਣਾਉਣ। ਲਗਭਗ 90 ਫੀਸਦੀ ਕਰਮਚਾਰੀ, ਯਾਨੀ ਲਗਭਗ 18,500 ਮੁਲਾਜ਼ਮ ਹੜਤਾਲ 'ਤੇ ਹਨ, ਜਿਸ ਕਾਰਨ ਪੰਜਾਬ ਦੇ ਲਗਭਗ ਤਿੰਨ ਕਰੋੜ ਲੋਕ ਪ੍ਰਭਾਵਿਤ ਹੋ ਰਹੇ ਹਨ। ਜ਼ਰੂਰੀ ਜਨਤਕ ਸੇਵਾਵਾਂ ਨੂੰ ਠੱਪ ਕਰਕੇ ਜਾਂ ਨਾਗਰਿਕਾਂ ਨੂੰ ਪਰੇਸ਼ਾਨ ਕਰਕੇ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਨਾ ਤਾਂ ਸਰਕਾਰ ਅਤੇ ਨਾ ਹੀ ਜਨਤਾ ਪ੍ਰਵਾਨ ਕਰੇਗੀ।

ਇਸ ਕਰਕੇ ਆਪਣੀਆਂ ਮੰਗਾਂ ਬਿਨਾਂ ਕਿਸੇ ਝਿਜਕ ਦੇ ਸਰਕਾਰ ਅੱਗੇ ਰੱਖੋ। ਅਮਨ ਅਰੋੜਾ ਨੇ ਕਿਹਾ, ਹਰ ਜਾਇਜ਼ ਮੰਗ ਗੱਲਬਾਤ ਰਾਹੀਂ ਹੱਲ ਕੀਤੀ ਜਾਵੇਗੀ, ਪਰ ਜਨਤਾ ਨੂੰ ਪਰੇਸ਼ਾਨ ਕਰਕੇ ਸਰਕਾਰ 'ਤੇ ਦਬਾਅ ਪਾਉਣ ਦੀ ਇਸ ਪਹੁੰਚ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਪੱਤਰਕਾਰ ਬਲਵਾਨ ਕਰਿਵਾਲ ਦੀ ਲਿਖੀ ਕਿਤਾਬ ਮੇਅਰ ਨੇ ਰਿਲੀਜ਼ ਕੀਤੀ



**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਤਾਬ ਆਪਣੀ ਗੱਲ ਕਹਿਣ ਦਾ ਸਸ਼ਕਤ ਜ਼ਰੀਆ ਹੈ। ਇਸ ਦਾ ਪ੍ਰਭਾਵ ਲੰਬੇ ਸਮੇਂ ਤੱਕ ਰਹਿੰਦਾ ਹੈ। ਖਾਸ ਕਰਕੇ ਕਿਤਾਬ ਅਗਰ ਕਵਿਤਾ ਸੰਗ੍ਰਹਿ ਹੋਵੇ ਤਾਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਚੰਡੀਗੜ੍ਹ ਦੇ ਮੇਅਰ ਸੌਰਭ ਜੋਸ਼ੀ ਨੇ ਇਹ ਗੱਲ ਕਹੀ। ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਮੇਅਰ ਨੇ ਸੀਨੀਅਰ ਪੱਤਰਕਾਰ ਬਲਵਾਨ ਕਰਿਵਾਲ ਦੀ ਪੁਸਤਕ ਖੁਸ਼ਿਯੋਂ ਕੀ ਚਾਬੀ ਰਿਲੀਜ਼ ਕੀਤੀ। ਪ੍ਰੈੱਸ ਕਲੱਬ ਦੇ ਪ੍ਰਧਾਨ ਸੌਰਭ ਦੁੱਗਲ ਦੀ ਉਪਸਥਿਤੀ ਵਿੱਚ ਕਿਤਾਬ ਰਿਲੀਜ਼ ਕੀਤੀ ਗਈ। ਮੇਅਰ ਸੌਰਭ ਜੋਸ਼ੀ ਨੇ ਇਸ ਅਵਸਰ 'ਤੇ ਕਿਹਾ ਕਿ ਖੁਸ਼ਿਯੋਂ ਕੀ ਚਾਬੀ ਸੋਚਣ ਨੂੰ ਮਜਬੂਰ ਕਰਦੀ ਹੈ।

ਇਹ ਸਮਾਜ ਨੂੰ ਹਲਕੇ-ਫੁਲਕੇ ਅੰਦਾਜ਼ ਵਿੱਚ ਮਜ਼ਬੂਤ ਸੰਦੇਸ਼ ਦਿੰਦੀ ਹੈ। ਦੇਸ਼ ਦੀ ਮਿੱਟੀ ਨਾਲ ਜੋੜਦੀ ਹੈ। ਇਨਸਾਨ ਦੇ ਸੁਆਰਥ ਲੋਭ ਲਾਲਚ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਦਾਰੀ ਸਿਖਾਉਂਦੀ ਹੈ।

ਮੇਅਰ ਜੋਸ਼ੀ ਨੇ ਲੇਖਕ ਬਲਵਾਨ ਕਰਿਵਾਲ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਹ ਕਿਤਾਬ ਪਿਆਰ, ਵਿਅੰਗ, ਰਾਸ਼ਟਰ ਭਗਤੀ ਜਿਹੇ ਸਾਰੇ ਰੰਗਾਂ ਨਾਲ ਭਰਪੂਰ ਹੈ। ਪ੍ਰੈੱਸ ਕਲੱਬ ਦੇ ਪ੍ਰਧਾਨ ਸੌਰਭ ਦੁੱਗਲ ਨੇ ਲੇਖਕ ਬਲਵਾਨ ਕਰਿਵਾਲ ਨਾਲ ਕਿਤਾਬ 'ਤੇ ਚਰਚਾ ਕੀਤੀ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਪੁਸਤਕਾਂ ਸਮਾਜ 'ਤੇ ਗਹਿਰਾ ਅਸਰ ਛੱਡਦੀਆਂ ਹਨ। ਪੱਤਰਕਾਰੀ ਧਰਮ ਨਿਭਾਉਂਦੇ ਹੋਏ ਅਜਿਹੇ ਪ੍ਰਯਾਸ ਸਿਰਜਣਾਤਮਕਤਾ ਨੂੰ ਵਧਾਉਂਦੇ ਹਨ।

ਖੁਸ਼ੀਆਂ ਤਿਜੌਰੀ ਵਿੱਚ ਬੰਦ ਨਹੀਂ ਹੁੰਦੀਆਂ ਕਿਤਾਬ ਬਾਰੇ ਜਾਣਕਾਰੀ ਦਿੰਦੇ ਹੋਏ ਲੇਖਕ ਬਲਵਾਨ ਕਰਿਵਾਲ ਨੇ ਦੱਸਿਆ ਕਿ ਖੁਸ਼ਿਯੋਂ ਕੀ ਚਾਬੀ ਇਸ ਭਾਵ ਨਾਲ ਸ਼ੁਰੂ ਹੁੰਦੀ ਹੈ ਕਿ ਖੁਸ਼ੀਆਂ ਕਿਸੇ ਤਿਜੌਰੀ ਵਿੱਚ ਬੰਦ ਨਹੀਂ ਹੁੰਦੀਆਂ, ਬਲਕਿ ਜੀਵਨ ਦੇ ਛੋਟੇ-ਛੋਟੇ ਪਲਾਂ ਵਿੱਚ ਖਿੰਡੀਆਂ ਰਹਿੰਦੀਆਂ ਹਨ ਅਤੇ ਜ਼ਰੂਰਤ ਸਿਰਫ਼ ਉਨ੍ਹਾਂ ਨੂੰ ਪਹਿਚਾਣਨ ਅਤੇ ਅੰਦਰ ਛੁਪੀ ਉਸ ਚਾਬੀ ਨੂੰ ਖੋਜਣ ਦੀ ਹੁੰਦੀ ਹੈ।

# ਪੰਜਾਬ ਸਰਕਾਰ ਨੌਜਵਾਨਾਂ ਨਾਲ ਕਰ ਰਹੀ ਹੈ ਧੋਖਾ : ਨਾਇਬ ਸਿੰਘ ਸੈਣੀ

## ਐਕਸਾਈਜ਼ ਇੰਸਪੈਕਟਰ ਦੇ ਪ੍ਰੀਖਿਆ ਨਤੀਜੇ ਅਤੇ ਫਾਰਮੇਸੀ ਦੇ ਪੇਪਰ ਲੀਕ ਮਾਮਲੇ ਵਿੱਚ ਸਰਕਾਰ ਨੂੰ ਘੇਰਿਆ

**ਫਗਵਾੜਾ 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਵਿੱਚ 'ਆਪ' ਪਾਰਟੀ ਦੀ ਸਰਕਾਰ 'ਤੇ ਨੌਜਵਾਨਾਂ ਨਾਲ ਧੋਖਾ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਹਾਲ ਹੀ ਵਿੱਚ ਪੰਜਾਬ ਵਿੱਚ ਐਕਸਾਈਜ਼ ਇੰਸਪੈਕਟਰ ਦੇ ਪ੍ਰੀਖਿਆ ਨਤੀਜੇ ਵਿੱਚ ਭਾਰੀ ਗੜਬੜੀ ਹੋਈ ਹੈ, ਪਾਸ ਹੋਏ ਨੌਜਵਾਨਾਂ ਦੇ ਨਾਮ ਅਜੀਬੋ-ਗ਼ਰੀਬ ਹਨ। ਇਸ ਦੇ ਨਾਲ ਹੀ ਹੋਰ ਤਰ੍ਹਾਂ ਦੀਆਂ ਗੜਬੜੀਆਂ ਸਾਹਮਣੇ ਆਈਆਂ ਹਨ। ਇੰਨਾ ਹੀ ਨਹੀਂ, ਚਾਰ ਦਿਨ ਪਹਿਲਾਂ ਪੰਜਾਬ ਸਰਕਾਰ ਵੱਲੋਂ ਕਰਵਾਇਆ ਗਿਆ ਫਾਰਮੇਸੀ ਦਾ ਪੇਪਰ ਵੀ ਲੀਕ ਹੋਇਆ ਹੈ ਜੋ ਕਿ 'ਆਪ' ਪਾਰਟੀ ਦੀ ਸਰਕਾਰ ਦਾ ਪ੍ਰਤਿਭਾਵਾਨ ਨੌਜਵਾਨਾਂ ਨਾਲ ਧੋਖਾ ਹੈ।

ਸ੍ਰੀ ਨਾਇਬ ਸਿੰਘ ਸੈਣੀ ਪੰਜਾਬ ਦੇ ਫਗਵਾੜਾ ਵਿੱਚ ਆਯੋਜਿਤ ਖ਼ੂਨਦਾਨ ਕੈਂਪ ਅਤੇ ਐਂਬੂਲੈਂਸ ਦੇ ਲੋਕਾਰਪਣ ਪ੍ਰੋਗਰਾਮ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ ਸਾਬਕਾ ਕੇਂਦਰੀ ਮੰਤਰੀ ਸ੍ਰੀ ਵਿਜੇ ਸਾਂਪਲਾ, ਰਾਜ ਸਭਾ ਮੈਂਬਰ ਸ੍ਰੀ ਅਸ਼ੋਕ ਮਿੱਤਲ, ਸੰਤ ਗੁਰਚਰਨ ਸਿੰਘ ਪਾਂਡਵਾ ਤੋਂ ਇਲਾਵਾ ਹੋਰ ਮਾਣਯੋਗ ਵਿਅਕਤੀ ਮੌਜੂਦ ਸਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪ੍ਰੋਗਰਾਮ ਦੇ ਆਯੋਜਕ ਸਾਂਪਲਾ ਫਾਊਂਡੇਸ਼ਨ ਅਤੇ ਨਵਿਆ ਹੈਲਪਿੰਗ ਹੈਂਡਸ ਦੀ ਸੇਵਾ ਭਾਵਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸੇਵਾ ਨੂੰ ਆਪਣਾ ਮਿਸ਼ਨ ਬਣਾਇਆ ਹੈ। ਸਮਾਜ ਵਿੱਚ ਅਜਿਹੀਆਂ ਅਦਾਰਿਆਂ ਦੀ ਗਿਣਤੀ ਜਿੰਨੀ ਵਧੇਗੀ, ਸਾਡਾ ਦੇਸ਼ ਓਨਾ ਹੀ ਮਜ਼ਬੂਤ ਬਣੇਗਾ। ਉਨ੍ਹਾਂ ਮਾਸੂਮ ਬੇਟੀ ਨਵਿਆ ਨੂੰ ਸਮੇਂ ਤੋਂ ਪਹਿਲਾਂ ਖੋਹ ਦੇਣ ਦੀ ਡੂੰਘੀ ਪੀੜ ਪ੍ਰਗਟ ਕਰਦਿਆਂ ਉਨ੍ਹਾਂ ਦੇ ਪਰਿਵਾਰ ਵੱਲੋਂ ਉਸਦੀ ਯਾਦ ਵਿੱਚ ਕੀਤੀ ਜਾ ਰਹੀ ਸੇਵਾ ਦੀ ਵਿਰਾਟ ਸਾਧਨਾ ਨੂੰ ਨਮਨ ਕੀਤਾ।

ਉਨ੍ਹਾਂ ਨੌਜਵਾਨਾਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਖ਼ੂਨ ਦੀ ਕੋਈ ਫ਼ੈਕਟਰੀ ਨਹੀਂ ਹੁੰਦੀ। ਇਸਨੂੰ ਕਿਸੇ ਮਸ਼ੀਨ ਵਿੱਚ ਤਿਆਰ ਨਹੀਂ ਕੀਤਾ ਜਾ ਸਕਦਾ। ਵਿਗਿਆਨ ਨੇ ਬਹੁਤ ਤਰੱਕੀ ਕੀਤੀ ਹੈ, ਪਰ ਖ਼ੂਨ ਦਾ ਨਿਰਮਾਣ ਸਿਰਫ਼ ਮਨੁੱਖੀ ਸਰੀਰ ਵਿੱਚ ਹੁੰਦਾ ਹੈ। ਲੋੜਵੰਦ ਤੱਕ ਇਹ ਤਾਂਹੀ ਪਹੁੰਚਦਾ ਹੈ, ਜਦੋਂ ਕੋਈ ਖ਼ੂਨਦਾਨ ਕਰਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀ ਧਰਤੀ ਵੀਰਾਂ ਦੀ ਧਰਤੀ ਹੈ। ਸੇਵਾ ਅਤੇ ਕੁਰਬਾਨੀ ਦੀ ਧਰਤੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਤਿਆਗ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਹਾਦਰੀ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਬਲਿਦਾਨ ਸਾਨੂੰ ਸਿਖਾਉਂਦਾ ਹੈ ਕਿ ਜੀਵਨ ਦੀ ਮਹਾਨਤਾ ਉਸਦੇ ਉਦੇਸ਼ ਵਿੱਚ ਹੁੰਦੀ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ 'ਕਾਰਗਿਲ ਵਿਜੇ ਦਿਵਸ' 'ਤੇ ਉਨ੍ਹਾਂ ਵੀਰ ਸੈਨਿਕਾਂ ਨੂੰ ਵੀ ਸ਼ਰਧਾਪੂਰਵਕ ਨਮਨ ਕੀਤਾ, ਜਿਨ੍ਹਾਂ ਨੇ ਭਾਰਤ ਮਾਂ ਦੀ ਰੱਖਿਆ ਕਰਦਿਆਂ ਆਪਣੇ ਜੀਵਨ ਦਾ ਸਰਵਉੱਚ ਬਲਿਦਾਨ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਾਡੇ ਵੀਰ ਜਵਾਨਾਂ ਨੇ ਆਪਣਾ ਖ਼ੂਨ ਦੇ ਕੇ ਰਾਸ਼ਟਰ ਦੀਆਂ ਸਰਹੱਦਾਂ ਦੀ ਰੱਖਿਆ ਕੀਤੀ ਅਤੇ ਅੱਜ ਸਾਡੇ ਖ਼ੂਨਦਾਨੀ ਆਪਣਾ ਖ਼ੂਨ ਦੇ ਕੇ ਮਨੁੱਖੀ ਜੀਵਨ ਦੀ ਰੱਖਿਆ ਕਰਨ ਦਾ ਸੰਕਲਪ ਲੈ ਰਹੇ ਹਨ। ਇੱਕ ਪਾਸੇ ਰਾਸ਼ਟਰ ਰੱਖਿਆ ਦਾ ਅਦੁੱਤੀ ਸਾਹਸ ਹੈ, ਦੂਜੇ ਪਾਸੇ ਜੀਵਨ ਰੱਖਿਆ ਦੀ ਅਨੁਪਮ ਕਰੁਣਾ ਹੈ। ਦੋਵਾਂ ਦੇ ਮੂਲ ਵਿੱਚ ਤਿਆਗ ਹੈ, ਕਰਤੱਵ ਹੈ ਅਤੇ ਆਪਣੇ ਤੋਂ ਪਹਿਲਾਂ ਦੂਜਿਆਂ ਨੂੰ ਰੱਖਣ ਦੀ ਮਹਾਨ ਭਾਵਨਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਸਰਕਾਰ ਵੱਲੋਂ ਨਸ਼ੇ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਨੌਜਵਾਨਾਂ ਨੂੰ ਮੈਰਾਥਨ ਅਤੇ ਹੋਰ ਗਤੀਵਿਧੀਆਂ ਰਾਹੀਂ ਜਾਗਰੂਕ ਕੀਤਾ ਜਾ ਰਿਹਾ ਹੈ, ਕਿਉਂਕਿ ਜੇਕਰ ਇੱਕ ਨੌਜਵਾਨ ਨਸ਼ਾ ਕਰਦਾ ਹੈ ਤਾਂ ਉਸਦੇ ਪਰਿਵਾਰ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਉਹ ਗ਼ਰੀਬੀ ਦੇ ਦਲਦਲ ਵਿੱਚ ਧੱਸਦਾ ਜਾਂਦਾ ਹੈ। ਉਨ੍ਹਾਂ ਸਰਕਾਰ ਵੱਲੋਂ ਹਰਿਆਣਾ ਵਿੱਚ ਚਲਾਈਆਂ ਗਈਆਂ ਯੋਜਨਾਵਾਂ ਦਾ ਵਰਨਣ ਕਰਦਿਆਂ ਕਿਹਾ ਕਿ ਇੱਕ ਲੱਖ ਅੱਸੀ ਹਜ਼ਾਰ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੀਆਂ ਮਹਿਲਾਵਾਂ ਨੂੰ ਮਹਿਜ਼ 500 ਰੁਪਏ ਵਿੱਚ ਗੈਸ ਸਿਲੰਡਰ ਉਪਲਬਧ ਕਰਵਾਇਆ ਜਾ ਰਿਹਾ ਹੈ, ਲਾਡੋ ਲੱਛਮੀ ਯੋਜਨਾ ਤਹਿਤ ਯੋਗ ਮਹਿਲਾ ਨੂੰ 2100 ਰੁਪਏ ਪ੍ਰਤੀ ਮਹੀਨਾ ਦਿੱਤੇ ਜਾ ਰਹੇ ਹਨ। ਕਿਸਾਨਾਂ ਦੀਆਂ 24 ਫ਼ਸਲਾਂ ਨੂੰ ਐਮ.ਐਸ.ਪੀ. 'ਤੇ ਖ਼ਰੀਦਿਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿੱਚ ਨੌਜਵਾਨਾਂ ਨੂੰ ਬਿਨਾਂ ਪਰਚੀ-ਖਰਚੀ ਮੈਰਿਟ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਦੋ ਦਿਨ ਪਹਿਲਾਂ ਜਿਹੜਾ ਜੇ.ਬੀ.ਟੀ. ਅਧਿਆਪਕਾਂ ਦਾ ਪ੍ਰੀਖਿਆ ਨਤੀਜਾ ਆਇਆ ਹੈ, ਉਸ ਵਿੱਚ 1500 ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਨੌਕਰੀ ਮਿਲੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਸਾਰੇ ਵਰਗ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਨੀਤੀਆਂ ਤੋਂ ਖ਼ੁਸ਼ ਹਨ।

# ਯੁਵਾ ਪੀੜ੍ਹੀ ਨੂੰ ਪ੍ਰੇਰਿਤ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੁਨਰਮੰਦ ਲੋਕਾਂ ਦੇ ਹੁਨਰ ਨੂੰ ਕੀਤਾ ਸਾਂਝਾ: ਮੁੱਖ ਮੰਤਰੀ




**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਦੇਸ਼ ਦੀ ਯੁਵਾ ਪੀੜ੍ਹੀ ਨੂੰ ਪ੍ਰੇਰਿਤ ਕਰਨ ਲਈ ਹੁਨਰਮੰਦ ਲੋਕਾਂ ਦੇ ਹੁਨਰ ਨੂੰ 'ਮਨ ਕੀ ਬਾਤ' ਪ੍ਰੋਗਰਾਮ ਦੌਰਾਨ ਸਾਂਝਾ ਕੀਤਾ। ਪ੍ਰਧਾਨ ਮੰਤਰੀ ਹਰ ਮਹੀਨੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਅਜਿਹੇ ਲੋਕਾਂ ਦੇ ਹੁਨਰ ਨੂੰ ਸਾਂਝਾ ਕਰਦੇ ਹਨ, ਜੋ ਦੂਜੇ ਲੋਕਾਂ ਨੂੰ ਆਤਮ-ਨਿਰਭਰ ਬਣਨ ਲਈ ਸਵੈ-ਰੁਜ਼ਗਾਰ ਸ਼ੁਰੂ ਕਰਨ ਦਾ ਹੌਸਲਾ ਦਿੰਦੇ ਹਨ। ਇਹ ਕਦਮ ਪ੍ਰਧਾਨ ਮੰਤਰੀ ਦੇ ਵਿਕਸਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਅਹਿਮ ਕੜੀ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਐਤਵਾਰ ਨੂੰ ਕੁਰੂਕਸ਼ੇਤਰ ਦੇ ਲਾਡਵਾ ਵਿਧਾਨਸਭਾ ਖੇਤਰ ਦੇ ਆਈ.ਜੀ.ਐਨ. ਕਾਲਜ ਵਿੱਚ ਸਥਿਤ ਧਨੌਰਾ ਜਾਟਾਨ ਬੂਥ 'ਤੇ ਪ੍ਰਧਾਨ ਮੰਤਰੀ ਦੇ 'ਮਨ ਕੀ ਬਾਤ' ਪ੍ਰੋਗਰਾਮ ਨੂੰ ਨਾਗਰਿਕਾਂ ਨਾਲ ਸੁਣਿਆ। ਇਸ ਤੋਂ ਬਾਅਦ ਉਨ੍ਹਾਂ ਨੇ ਨਾਗਰਿਕਾਂ ਨਾਲ ਇਸ ਵਿਸ਼ੇ 'ਤੇ ਚਰਚਾ ਵੀ ਕੀਤੀ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ 'ਕਾਰਗਿਲ ਵਿਜੇ ਦਿਵਸ' 'ਤੇ ਵੱਖ-ਵੱਖ ਖੇਡਾਂ ਦੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ। ਇਸ ਦੇ ਨਾਲ ਹੀ 'ਇੱਕ ਰੁੱਖ ਮਾਂ ਦੇ ਨਾਮ' ਲਗਾਉਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ 1 ਕਰੋੜ 86 ਲੱਖ ਬੂਟੇ ਲਗਾਉਣ ਦਾ ਟੀਚਾ ਤੈਅ ਕੀਤਾ ਹੈ। ਇਸ ਟੀਚੇ ਨੂੰ ਪੂਰਾ ਕਰਨ ਲਈ ਸੂਬੇ ਦੇ ਵੱਖ-ਵੱਖ ਖੇਤਰਾਂ ਵਿੱਚ ਬੂਟੇ ਲਗਾਏ ਜਾ ਰਹੇ ਹਨ। ਮੁੱਖ ਮੰਤਰੀ ਨੇ ਆਮ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਪਰਿਵਾਰ ਵਿੱਚ ਕਿਸੇ ਖ਼ੁਸ਼ੀ ਦੇ ਮੌਕੇ ਜਿਵੇਂ ਜਨਮਦਿਨ, ਵਿਆਹ ਦੀ ਵਰ੍ਹੇਗੰਢ ਆਦਿ 'ਤੇ ਬੂਟਾ ਜ਼ਰੂਰ ਲਗਾਓ।

ਇਸ ਮੌਕੇ ਸਾਬਕਾ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ, ਡਿਪਟੀ ਕਮਿਸ਼ਨਰ ਸ੍ਰੀ ਵਿਸ਼ਰਾ? ਕੁਮਾਰ ਮੀਣਾ, ਪੁਲਿਸ ਸੁਪਰਡੈਂਟ ਸ੍ਰੀ ਚੰਦਰ ਮੋਹਨ, ਏ.ਡੀ.ਸੀ. ਸ੍ਰੀ ਵਿਵੇਕ ਆਰੀਆ, ਐਸ.ਡੀ.ਐਮ. ਸ੍ਰੀ ਅਨੁਭਵ ਮਹਿਤਾ, ਚੇਅਰਮੈਨ ਸ੍ਰੀ ਸੁਭਾਸ਼ ਕਲਸਾਨਾ, ਭਾਜਪਾ ਦੇ ਸੀਨੀਅਰ ਨੇਤਾ ਸ੍ਰੀ ਜੈਭਗਵਾਨ ਸ਼ਰਮਾ ਡੀਡੀ, ਚੇਅਰਮੈਨ ਸ੍ਰੀ ਗੁਰਨਾਮ ਸੈਣੀ, ਸ੍ਰੀ ਰਵਿੰਦਰ ਸਾਂਗਵਾਨ, ਜ਼ਿਲ੍ਹਾ ਪ੍ਰਧਾਨ ਸ੍ਰੀ ਰਮੇਸ਼ ਸੈਣੀ, ਚੇਅਰਪਰਸਨ ਸਾਕਸ਼ੀ ਖੁਰਾਨਾ ਸਮੇਤ ਪਤਵੰਤੇ ਮੌਜੂਦ ਸਨ।

# ਨੌਜਵਾਨ ਸਿਹਤਮੰਦ, ਅਨੁਸ਼ਾਸਿਤ ਅਤੇ ਨਸ਼ਾ ਮੁਕਤ ਹੋਵੇਗਾ ਤਾਂ ਯਕੀਨਨ ਵਿਕਸਤ ਭਾਰਤ ਦਾ ਸੁਪਨਾ ਸਾਕਾਰ ਹੋਵੇਗਾ : ਮੁੱਖ ਮੰਤਰੀ

**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਪੂੰਜੀ ਉਸਦੇ ਨੌਜਵਾਨ ਹੁੰਦੇ ਹਨ। ਨੌਜਵਾਨ ਸਿਰਫ਼ ਵਰਤਮਾਨ ਨਹੀਂ ਹੁੰਦੇ ਸਗੋਂ ਭਵਿੱਖ ਦੇ ਨਿਰਮਾਤਾ ਹੁੰਦੇ ਹਨ, ਜੇਕਰ ਨੌਜਵਾਨ ਸਿਹਤਮੰਦ, ਅਨੁਸ਼ਾਸਿਤ ਅਤੇ ਨਸ਼ਾ ਮੁਕਤ ਹੋਵੇਗਾ ਤਾਂ ਯਕੀਨਨ ਵਿਕਸਤ ਭਾਰਤ ਦਾ ਸੁਪਨਾ ਸਾਕਾਰ ਹੋਵੇਗਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਯਮੁਨਾਨਗਰ ਵਿੱਚ 'ਨਸ਼ੇ ਸੇ ਜੰਗ-ਯਮੁਨਾਨਗਰ ਕੇ ਸੰਗ' ਤਹਿਤ ਆਯੋਜਿਤ ਦੌੜ ਵਿੱਚ ਮੌਜੂਦ ਨੌਜਵਾਨਾਂ ਨੂੰ ਸੰਬੋਧਿਤ ਕਰ ਰਹੇ ਸਨ। ਮੁੱਖ ਮੰਤਰੀ ਨੇ ਇਸ ਦੌਰਾਨ ਹਰੀ ਝੰਡੀ ਦਿਖਾਉਂਦੇ ਹੋਏ ਦੌੜ ਦਾ ਆਗਾਜ਼ ਕੀਤਾ। ਉਨ੍ਹਾਂ ਨੇ ਦੌੜ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਸਹੁੰ ਵੀ ਚੁਕਾਈ।

ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਇਹ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਯਮੁਨਾਨਗਰ ਦੇ ਨੌਜਵਾਨ, ਬੱਚੇ, ਧੀਆਂ, ਬਜ਼ੁਰਗ ਅਤੇ ਮਹਿਲਾਵਾਂ 'ਨਸ਼ੇ ਸੇ ਜੰਗ-ਯਮੁਨਾਨਗਰ ਕੇ ਸੰਗ' ਦਾ ਨਾਅਰਾ ਬੁਲੰਦ ਕਰਦੇ ਹੋਏ ਉਨ੍ਹਾਂ ਦੇ ਨਾਲ ਖੜ੍ਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਆਯੋਜਨ ਕੋਈ ਆਮ ਆਯੋਜਨ ਨਹੀਂ ਹੈ, ਸਗੋਂ ਇਹ ਦੌੜ ਹਰਿਆਣਾ ਦੇ ਨੌਜਵਾਨਾਂ ਦੇ ਸੰਕਲਪ ਅਤੇ ਸਰਕਾਰ ਤੇ ਸੰਸਕਾਰ ਦਾ ਉਤਸਵ ਹੈ। ਅੱਜ ਇੱਥੇ ਦੋ ਰਸਤਿਆਂ ਵਿੱਚਕਾਰ ਮੁਕਾਬਲਾ ਹੋਣਾ ਹੈ—ਇੱਕ ਰਸਤਾ ਜੋ ਜੀਵਨ ਵੱਲ ਜਾਂਦਾ ਹੈ ਅਤੇ ਦੂਜਾ ਰਸਤਾ ਬਰਬਾਦੀ ਵੱਲ ਜਾਂਦਾ ਹੈ, ਇੱਕ ਰਸਤਾ ਜੋ ਖੇਡਾਂ ਵੱਲ ਜਾਂਦਾ ਹੈ, ਦੂਜਾ ਰਸਤਾ ਹਨੇਰੇ ਵੱਲ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਇੱਕ ਰਸਤਾ ਭਵਿੱਖ ਬਣਾਉਂਦਾ ਹੈ ਤਾਂ ਦੂਜਾ ਭਵਿੱਖ ਖੋਹ ਲੈਂਦਾ ਹੈ। ਇਸ ਲਈ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਹਰਿਆਣਾ ਦੇ ਨੌਜਵਾਨ, ਯਮੁਨਾਨਗਰ ਦੇ ਨੌਜਵਾਨ ਸਹੀ ਰਸਤਾ, ਵਿਕਾਸ ਅਤੇ ਸਿਹਤ ਦਾ ਰਸਤਾ ਚੁਣਨਗੇ।

ਉਨ੍ਹਾਂ ਕਿਹਾ ਕਿ ਅੱਜ ਯਮੁਨਾਨਗਰ ਦੀ ਯੁਵਾ ਸ਼ਕਤੀ ਨੇ ਇਹ ਤੈਅ ਕੀਤਾ ਹੈ ਕਿ ਅਸੀਂ ਦੌੜਾਂਗੇ, ਪਰ ਨਸ਼ੇ ਵੱਲ ਨਹੀਂ ਸਗੋਂ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ, ਆਪਣੇ ਸੁਪਨੇ ਸਾਕਾਰ ਕਰਨ ਲਈ। ਇਹ ਦੌੜ 5 ਕਿਲੋਮੀਟਰ-10 ਕਿਲੋਮੀਟਰ ਦੀ ਦੌੜ ਨਹੀਂ ਸਗੋਂ ਉਸ ਸਮਾਜਿਕ ਬੁਰਾਈ (ਨਸ਼ੇ)



ਅਜਿਹੀ ਅਜਿਹੀ ਜਨ-ਜਾਗਰਣ ਮੁਹਿੰਮ ਹੈ ਜਿਸ ਦੀ ਆਵਾਜ਼ ਪੂਰੇ ਹਰਿਆਣਾ ਵਿੱਚ ਸੁਣਾਈ ਦੇਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਯੋਗ ਦੀ ਮਹੱਤਤਾ ਨੂੰ ਸਮਝਦੇ ਹੋਏ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 'ਫਿੱਟ ਇੰਡੀਆ' ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ। ਪ੍ਰਧਾਨ ਮੰਤਰੀ ਦੀਆਂ ਕੋਸ਼ਿਸ਼ਾਂ ਨਾਲ ਪੂਰੀ ਦੁਨੀਆ ਨੇ ਯੋਗ ਦੀ ਮਹੱਤਤਾ ਨੂੰ ਜਾਣਿਆ ਅਤੇ ਸਿੱਟੇ ਵਜੋਂ ਪੂਰੇ ਵਿਸ਼ਵ ਵਿੱਚ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਜਾਣ ਲੱਗਾ ਹੈ।

ਉਨ੍ਹਾਂ ਕਿਹਾ ਕਿ ਇਸੇ ਲੜੀ ਵਿੱਚ ਅੱਜ ਸਾਡੇ ਨੌਜਵਾਨ 'ਨਸ਼ੇ ਸੇ ਜੰਗ-ਯਮੁਨਾਨਗਰ ਕੇ ਸੰਗ' ਦੌੜ ਵਿੱਚ ਹਿੱਸਾ ਲੈ ਰਹੇ ਹਨ, ਇਹ ਪ੍ਰੋਗਰਾਮ 'ਹਰਿਆਣਾ ਉਦੈ' ਤਹਿਤ ਬਹੁਤ ਵੱਡਾ ਆਊਟਰੀਚ ਪ੍ਰੋਗਰਾਮ ਵੀ ਹੈ। ਮੁੱਖ ਮੰਤਰੀ ਨੇ ਸਾਰੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਨੌਜਵਾਨਾਂ ਦੇ ਨਾਲ ਇਸ ਤਰ੍ਹਾਂ ਦੀ ਦੌੜ ਵਿੱਚ ਜ਼ਰੂਰ ਹਿੱਸਾ ਲੈਣ। ਭੱਜ-ਦੌੜ ਦੀ ਜ਼ਿੰਦਗੀ ਵਿੱਚ ਬੱਚਿਆਂ ਨਾਲ ਚਰਚਾ ਕਰੋ, ਉਨ੍ਹਾਂ ਨਾਲ ਗੱਲਬਾਤ ਜ਼ਰੂਰ ਕਰੋ, ਕਿਉਂਕਿ ਇਕੱਲਾਪਣ ਹੀ ਵਿਅਕਤੀ ਨੂੰ ਨਸ਼ੇ ਵਰਗੀ ਬੁਰਾਈ ਵੱਲ ਲੈ ਕੇ ਜਾਂਦਾ ਹੈ। ਬੱਚਿਆਂ ਨੂੰ ਨਸ਼ੇ ਵੱਲ ਨਹੀਂ, ਸਗੋਂ ਵਿਕਾਸ, ਸਿਹਤ ਅਤੇ ਫਿਟਨੈਸ ਵੱਲ ਅੱਗੇ ਵਧਾਉਣਾ ਹੈ।

ਉਨ੍ਹਾਂ ਕਿਹਾ ਕਿ ਅੱਜ ਸਾਡੇ ਦੇਸ਼ ਦਾ ਨੌਜਵਾਨ ਦੇਸ਼ ਦੀ ਰੱਖਿਆ ਬਹਾਦਰ ਸੈਨਿਕ ਬਣ ਕੇ ਕਰ ਰਿਹਾ ਹੈ। ਹਰਿਆਣਾ ਦਾ ਨੌਜਵਾਨ ਓਲੰਪਿਕ, ਪੈਰਾਲੰਪਿਕ, ਰਾਸ਼ਟਰੀ-ਅੰਤਰਰਾਸ਼ਟਰੀ ਖੇਡਾਂ ਵਿੱਚ ਦੇਸ਼ ਵਿੱਚ ਸਭ ਤੋਂ ਵੱਧ ਤਗ਼ਮੇ ਜਿੱਤ ਕੇ ਦੇਸ਼ ਦਾ ਝੰਡਾ ਉੱਚਾ ਕਰਕੇ ਸਭ ਤੋਂ ਅੱਗੇ ਚੱਲਦਾ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪ੍ਰੋਗਰਾਮ ਵਿੱਚ ਮੌਜੂਦ ਸਾਰੇ ਨੇਤਾਵਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਧਾਰਮਿਕ-ਸਮਾਜਿਕ ਸੰਸਥਾਵਾਂ, ਐਨ.ਜੀ.ਓ. ਅਤੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਨਸ਼ੇ ਵਰਗੀ ਬੁਰਾਈ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨ ਸ਼ੈਲੀ ਨੂੰ ਅਪਣਾਉਣਾ ਹੋਵੇਗਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ 10 ਕਿਲੋਮੀਟਰ ਦੀ ਦੌੜ ਵਿੱਚ ਹਿੱਸਾ ਲੈਣ ਵਾਲੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਭਾਗੀਦਾਰਾਂ ਨੂੰ ਇਨਾਮ ਦੇ ਕੇ ਸਨਮਾਨਿਤ ਵੀ ਕੀਤਾ। ਉਨ੍ਹਾਂ ਨੇ 10 ਕਿਲੋਮੀਟਰ ਦੌੜ ਵਿੱਚ ਪੁਰਸ਼ ਵਰਗ ਵਿੱਚ ਮਹਿੰਦਰਗੜ੍ਹ ਦੇ ਮੋਹਿਤ ਨੂੰ ਪਹਿਲਾ ਇਨਾਮ ਯਾਨੀ ਇੱਕ ਲੱਖ ਰੁਪਏ, ਦੂਜਾ ਸਤਯਮ ਨੂੰ 75 ਹਜ਼ਾਰ ਰੁਪਏ ਅਤੇ ਉੱਤਰ ਪ੍ਰਦੇਸ਼ ਦੇ ਸਚਿਨ ਯਾਦਵ ਨੂੰ 51 ਹਜ਼ਾਰ ਰੁਪਏ ਤੀਜਾ ਇਨਾਮ ਵਜੋਂ ਪ੍ਰਦਾਨ ਕੀਤੇ।

ਉੱਥੇ ਹੀ, ਮਹਿਲਾ ਵਰਗ ਵਿੱਚ ਸੋਨੀਪਤ ਦੀ ਭਾਰਤੀ ਨੂੰ ਇੱਕ ਲੱਖ ਰੁਪਏ ਪਹਿਲਾ, ਭਿਵਾਨੀ ਦੀ ਸੋਨਿਕਾ ਨੂੰ 75 ਹਜ਼ਾਰ ਰੁਪਏ ਦੂਜਾ ਅਤੇ ਲਖਨਊ (ਉੱਤਰ ਪ੍ਰਦੇਸ਼) ਦੀ ਸ਼ਸ਼ੀ ਲਤਾ ਨੂੰ 51 ਹਜ਼ਾਰ ਰੁਪਏ ਤੀਜਾ ਇਨਾਮ ਵਜੋਂ ਪ੍ਰਦਾਨ ਕੀਤੇ। ਇਸ ਦੌੜ ਵਿੱਚ ਪਾਣੀਪਤ ਨਿਵਾਸੀ 73 ਸਾਲਾ ਤ੍ਰਿਲੋਕੀ ਨਾਥ ਨੇ ਹਿੱਸਾ ਲਿਆ ਅਤੇ 10 ਕਿਲੋਮੀਟਰ ਦੀ ਦੌੜ ਪੂਰੀ ਕਰਨ 'ਤੇ ਉਨ੍ਹਾਂ ਨੂੰ ਵਿਸ਼ੇਸ਼ ਸ਼੍ਰੇਣੀ ਵਿੱਚ ਸਨਮਾਨਿਤ ਕੀਤਾ ਗਿਆ।

ਡਿਪਟੀ ਕਮਿਸ਼ਨਰ ਪ੍ਰੀਤੀ ਨੇ ਦੱਸਿਆ ਕਿ ਇਸ ਦੌੜ ਲਈ ਯਮੁਨਾਨਗਰ ਦੇ ਨਾਲ-ਨਾਲ ਹਰਿਆਣਾ ਦੇ ਗੁਆਂਢੀ ਰਾਜਾਂ ਦੇ ਲਗਭਗ ਸਵਾ ਲੱਖ ਲੋਕਾਂ ਨੇ ਰਜਿਸਟ੍ਰੇਸ਼ਨ ਕਰਵਾਈ ਸੀ। ਦੌੜ ਵਿੱਚ ਅੰਦਾਜ਼ਨ 70 ਹਜ਼ਾਰ ਲੋਕਾਂ ਨੇ ਸ਼ਿਰਕਤ ਕੀਤੀ ਜੋ ਕਿ ਇੱਕ ਰਿਕਾਰਡ ਹੈ। ਇਸ ਦੌਰਾਨ ਖੇਤੀਬਾੜੀ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ, ਵਿਧਾਇਕ ਸ੍ਰੀ ਘਨਸ਼ਿਆਮ ਦਾਸ ਅਰੋੜਾ, ਮੁੱਖ ਮੰਤਰੀ ਦਫ਼ਤਰ ਵਿੱਚ ਵਿਸ਼ੇਸ਼ ਅਧਿਕਾਰੀ (ਕਮਿਊਨਿਟੀ ਪੁਲਿਸਿੰਗ ਅਤੇ ਆਊਟਰੀਚ) ਸ੍ਰੀ ਪੰਕਜ ਨੈਨ, ਸਾਬਕਾ ਕੈਬਨਿਟ ਮੰਤਰੀ ਕੰਵਰਪਾਲ ਗੁੱਜਰ, ਜ਼ਿਲ੍ਹਾ ਪ੍ਰਧਾਨ ਸ੍ਰੀ ਰਾਜੇਸ਼ ਸਪਰਾ, ਡਿਪਟੀ ਕਮਿਸ਼ਨਰ ਪ੍ਰੀਤੀ, ਪੁਲਿਸ ਸੁਪਰਡੈਂਟ ਸ੍ਰੀ ਕਮਲਦੀਪ ਗੋਇਲ ਸਮੇਤ ਪਤਵੰਤੇ ਮੌਜੂਦ ਸਨ।

# ਮੁੱਖ ਮੰਤਰੀ ਨੇ 'ਇੱਕ ਪੇੜ ਮਾਂ ਦੇ ਨਾਮ' ਮੁਹਿੰਮ ਤਹਿਤ ਕੀਤਾ ਪੌਧਾਰੋਪਣ

**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਯਮੁਨਾਨਗਰ ਵਿੱਚ ਆਯੋਜਿਤ 'ਨਸ਼ੇ ਸੇ ਜੰਗ-ਯਮੁਨਾਨਗਰ ਕੇ ਸੰਗ' ਪ੍ਰੋਗਰਾਮ ਤੋਂ ਬਾਅਦ ਪੁਲਿਸ ਲਾਈਨ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਪ੍ਰੇਰਣਾ ਨਾਲ ਚਲਾਏ ਜਾ ਰਹੇ 'ਇੱਕ ਰੁੱਖ ਮਾਂ ਦੇ ਨਾਮ' ਮੁਹਿੰਮ ਤਹਿਤ ਪੌਦਾ ਲਗਾਇਆ। ਮੁੱਖ ਮੰਤਰੀ ਨੇ ਇਸ ਦੌਰਾਨ ਸੂਬਾ ਵਾਸੀਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਦਾ ਸੁਨੇਹਾ ਦਿੱਤਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਬੂਟੇ ਸਿਰਫ਼ ਵਾਤਾਵਰਣ ਨੂੰ ਸਾਫ਼ ਰੱਖਣ ਦਾ ਮਾਧਿਅਮ ਨਹੀਂ ਹਨ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਅਤੇ ਸਿਹਤਮੰਦ ਭਵਿੱਖ ਦੀ ਅਨਮੋਲ ਧਰੋਹਰ ਵੀ ਹਨ। ਉਨ੍ਹਾਂ ਕਿਹਾ ਕਿ ਹਰ ਨਾਗਰਿਕ ਨੂੰ ਆਪਣੇ ਜੀਵਨ ਵਿੱਚ ਘੱਟੋ-ਘੱਟ ਇੱਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ ਅਤੇ ਉਸਦੀ ਦੇਖਭਾਲ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੁਦਰਤ ਦ ਸਰੰਖਣ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਲੋਕਾਂ ਦੀ ਸਾਏਦਾਰੀ ਨਾਲ ਹੀ ਹਰਿਆਣਾ ਨੂੰ ਹੋਰ ਹਰਿਆ-ਭਰਿਆ ਅਤੇ ਵਾਤਾਵਰਣ ਦੇ ਅਨੁਕੂਲ ਬਣਾਇਆ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਪੁਲਿਸ ਲਾਈਨ ਯਮੁਨਾਨਗਰ ਕੈਂਪਸ ਵਿੱਚ ਵਿਸ਼ੇਸ਼ ਪੌਦੇ ਲਗਾਉਣ ਦੀ ਮੁਹਿੰਮ ਤਹਿਤ ਲਗਭਗ 1500 ਪੌਦੇ ਲਗਾਏ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਅਜਿਹੀਆਂ ਮੁਹਿੰਮਾਂ ਵਾਤਾਵਰਣ ਦੇ ਸਰੰਖਣ ਦੇ ਨਾਲ-ਨਾਲ ਸਮਾਜ ਵਿੱਚ ਜਾਗਰੂਕਤਾ ਵਧਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਡੀ.ਏ.ਵੀ. ਸਕੂਲ ਪੁਲਿਸ ਲਾਈਨ ਦੇ ਬੱਚਿਆਂ ਨੇ ਇਸ ਬੂਟੇ ਲਗਾਉਣ ਦੀ ਮੁਹਿੰਮ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ। ਇਸ ਮੌਕੇ ਵਿਧਾਇਕ ਸ੍ਰੀ ਘਨਸ਼ਿਆਮ ਦਾਸ ਅਰੋੜਾ, ਸਾਬਕਾ ਕੈਬਨਿਟ ਮੰਤਰੀ ਸ੍ਰੀ ਕੰਵਰਪਾਲ ਗੁੱਜਰ, ਸਾਬਕਾ ਵਿਧਾਇਕ ਸ੍ਰੀ ਬਲਵੰਤ ਸਿੰਘ, ਭਾਜਪਾ ਜ਼ਿਲ੍ਹਾ ਪ੍ਰਧਾਨ ਸ੍ਰੀ ਰਾਜੇਸ਼ ਸਪਰਾ, ਜ਼ਿਲ੍ਹਾ ਜਨਰਲ ਸਕੱਤਰ ਸ੍ਰੀ ਨਰਿੰਦਰ ਰਾਣਾ, ਡਿਪਟੀ ਕਮਿਸ਼ਨਰ ਪ੍ਰੀਤੀ, ਪੁਲਿਸ ਸੁਪਰਡੈਂਟ ਸ੍ਰੀ ਕਮਲਦੀਪ ਗੋਇਲ, ਵਧੀਕ ਡਿਪਟੀ ਕਮਿਸ਼ਨਰ ਸ੍ਰੀ ਨਵੀਨ ਆਹੂਜਾ ਸਮੇਤ ਹੋਰ ਪਤਵੰਤੇ ਸੱਜਣ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਸਨ।

# ਵਿਧਾਇਕ ਬੱਲੂਆਣਾ ਵੱਲੋਂ ਆਮ ਆਦਮੀ ਕਲੀਨਕ ਦਾ ਉਦਘਾਟਨ

**ਫਾਜ਼ਿਲਕਾ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਾਜ ਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਬਿਹਤਰ ਅਤੇ ਮੁਫ਼ਤ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਲਗਾਤਾਰ ਆਮ ਆਦਮੀ ਕਲੀਨਿਕ ਖੋਲੇ ਜਾ ਰਹੇ ਹਨ। ਇਸੇ ਤਹਿਤ ਹੀ ਅੱਜ ਫਾਜ਼ਿਲਕਾ ਜ਼ਿਲ੍ਹੇ ਦੇ ਹਲਕਾ ਬੱਲੂਆਣਾ ਦੀ ਬਲਾਕ ਸੀਤੋ ਗੁਨੋ ਦੇ ਪਿੰਡ ਖੁਈਖੇੜਾ ਰੁਕਨਪੁਰਾ ਵਿਖੇ ਬੱਲੂਆਣਾ ਦੇ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਵੱਲੋਂ 1 ਨਵੇਂ ਆਮ ਆਦਮੀ ਕਲੀਨਕ ਦਾ ਉਦਘਾਟਨ ਕੀਤਾ ਗਿਆ!

ਇਸ ਮੌਕੇ ਬੋਲਦਿਆਂ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਫ਼ਤ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਰਾਜ ਦੇ ਸਿਹਤ ਖੇਤਰ ਵਿੱਚ ਵੱਡੀ ਪੱਧਰ 'ਤੇ ਮਿਸਾਲੀ



ਸੁਧਾਰ ਹੋਏ ਹਨ। ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਮੁਫ਼ਤ ਡਾਕਟਰੀ ਜਾਂਚ, ਦਵਾਈਆਂ ਅਤੇ ਵੱਖ-ਵੱਖ ਲੈਬ ਟੈਸਟਾਂ ਦੀ ਸਹੂਲਤ ਉਪਲਬਧ ਕਰਵਾਈ ਜਾ ਰਹੀ ਹੈ, ਜਿਸ ਨਾਲ ਲੋਕਾਂ ਦੇ ਸਮੇਂ ਅਤੇ ਪੈਸੇ ਦੀ ਬਚਤ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਫਾਜ਼ਿਲਕਾ ਦੀ ਬਲਾਕ ਸੀਤੋ ਗੁਨੋ ਵਿੱਚ ਪਹਿਲਾ 6 ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਸਨ ਅਤੇ ਹੁਣ ਸੀਤੋ ਗੁਨੋ ਬਲਾਕ ਵਿੱਚ ਆਮ ਆਦਮੀ ਕਲੀਨਿਕਾਂ ਦੀ ਗਿਣਤੀ ਵੱਧ ਕੇ 7 ਹੋ ਗਈ ਹੈ! ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਜ਼ਿਲ੍ਹੇ ਦੇ ਹੋਰਨਾ ਪਿੰਡਾਂ ਵਿਚ ਵੀ ਆਮ ਆਦਮੀ ਕਲੀਨਿਕਾਂ ਦੇ ਉਦਘਾਟਨ ਕੀਤੇ ਜਾਣਗੇ ।

ਇਸ ਮੌਕੇ ਸਿਹਤ ਵਿਭਾਗ ਤੋਂ ਆਏ ਡਾ. ਨਵੀਨ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ ਵਿਚ ਕਲੀਨਿਕ ਵਿੱਚ 46 ਤਰ੍ਹਾਂ ਦੇ ਟੈਸਟ ਅਤੇ 107 ਤਰ੍ਹਾਂ ਦੀਆਂ ਦਵਾਈਆਂ ਮੁਫ਼ਤ ਮਿਲ ਰਹੀਆਂ ਹਨ। ਇਸ ਕਲੀਨਿਕ ਵਿੱਚ ਕੋਈ ਪਰਚੀ ਫੀਸ ਨਹੀਂ ਲੱਗ ਰਹੀ।

# ਨਰਮੇ ਦੀ ਸ.ਫਲ ਕਾਸ਼ਤ ਅਤੇ ਪਸ਼ੂ ਪਾਲਣ ਪ੍ਰਬੰਧਨ ਬਾਰੇ ਜਾਗਰੂਕਤਾ ਕੈਂਪ ਆਯੋਜਿਤ

**ਬਠਿੰਡਾ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਵੱਲੋਂ ਬਲਾਕ ਤਲਵੰਡੀ ਸਾਬੋ ਦੇ ਪਿੰਡ ਮਲਕਾਣਾ ਵਿਖੇ ਕਿਸਾਨਾਂ ਲਈ ਇੱਕ ਵਿਸ਼ੇਸ਼ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਨਰਮੇ ਦੀ ਫਸਲ ਵਿੱਚ ਕੀੜੇ-ਮਕੌੜਿਆਂ, ਨਦੀਨਾਂ ਅਤੇ ਬਿਮਾਰੀਆਂ ਦੇ ਸੰਯੁਕਤ ਪ੍ਰਬੰਧਨ ਬਾਰੇ ਵਿਗਿਆਨਕ ਜਾਣਕਾਰੀ ਪ੍ਰਦਾਨ ਕਰਨਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਤਕਨੀਕਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ। ਕੈਂਪ ਦੌਰਾਨ ਕਿਸਾਨਾਂ ਨੂੰ ਫਸਲਾਂ ਦੇ ਨਾਲ-ਨਾਲ ਪਸ਼ੂ ਪਾਲਣ ਦੇ ਸੁਚੱਜੇ ਪ੍ਰਬੰਧਨ ਬਾਰੇ ਵੀ ਜਾਗਰੂਕ ਕੀਤਾ ਗਿਆ।



ਕੈਂਪ ਦੀ ਸੁਰੂਆਤ ਕਰਦਿਆਂ ਡਾ. ਗੁਰਮੀਤ ਸਿੰਘ ਢਿੱਲੋਂ, ਪ੍ਰੋਫੈਸਰ (ਪਸਾਰ ਸਿੱਖਿਆ), ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਨਰਮੇ ਦੀ ਵੱਧ ਪੈਦਾਵਾਰ ਅਤੇ ਉੱਚ ਗੁਣਵੱਤਾ ਲਈ ਸਮੇਂ-ਸਿਰ ਕੀਟਾਂ ਅਤੇ ਬਿਮਾਰੀਆਂ ਦੀ ਪਛਾਣ ਕਰਕੇ ਵਿਗਿਆਨਕ ਤਰੀਕੇ ਨਾਲ ਉਨ੍ਹਾਂ ਦਾ ਪ੍ਰਬੰਧਨ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਗੁਲਾਬੀ ਸੁੰਡੀ, ਚਿੱਟੀ ਮੱਖੀ, ਹਰਾ ਤੇਲਾ, ਥ੍ਰਿਪਸ ਅਤੇ ਹੋਰ ਨੁਕਸਾਨਦੇਹ ਕੀੜਿਆਂ ਦੀ ਪਛਾਣ, ਉਨ੍ਹਾਂ ਦੀ ਨਿਗਰਾਨੀ ਅਤੇ ਆਰਥਿਕ ਨੁਕਸਾਨ ਪੱਧਰ ਦੇ ਆਧਾਰ 'ਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਬੇਲੋੜੇ ਕੀਟਨਾਸ਼ਕਾਂ ਦੀ ਵਰਤੋਂ ਨਾ ਸਿਰਫ਼ ਉਤਪਾਦਨ ਲਾਗਤ ਵਧਾਉਂਦੀ ਹੈ, ਸਗੋਂ ਵਾਤਾਵਰਨ ਅਤੇ ਲਾਹੇਵੰਦ ਕੀੜਿਆਂ ਲਈ ਵੀ ਹਾਨੀਕਾਰਕ ਸਾਬਤ ਹੁੰਦੀ ਹੈ।

ਉਨ੍ਹਾਂ ਨੇ ਨਰਮੇ ਵਿੱਚ ਨਦੀਨਾਂ ਦੀ ਸਮੇਂ ਸਿਰ ਰੋਕਥਾਮ, ਖੇਤ ਦੀ ਸਫ਼ਾਈ, ਸੰਤੁਲਿਤ ਖਾਦਾਂ ਦੀ ਵਰਤੋਂ ਅਤੇ ਸਿਫ਼ਾਰਸ਼ ਖੇਤੀ ਤਕਨੀਕਾਂ ਨੂੰ ਅਪਣਾਉਣ ਦੀ ਮਹੱਤਤਾ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਝੋਨੇ ਦੀ ਫਸਲ ਵਿੱਚ ਤਣਾ ਛੇਦਕ, ਪੱਤਾ ਲਪੇਟ ਸੁੰਡੀ ਅਤੇ ਹੋਰ ਕੀਟਾਂ ਦੀ ਨਿਗਰਾਨੀ ਕਰਨ, ਬੇਲੋੜੀ ਦਵਾਈਆਂ ਦੀ ਵਰਤੋਂ ਤੋਂ ਬਚਣ ਅਤੇ ਕੇਵਲ ਲੋੜ ਪੈਣ 'ਤੇ ਹੀ ਸਿਫ਼ਾਰਸ਼ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ।

ਇਸ ਮੌਕੇ ਡਾ. ਗੁਰਲਾਲ ਸਿੰਘ, ਸਹਾਇਕ ਪ੍ਰੋਫੈਸਰ (ਪਸ਼ੂ ਵਿਗਿਆਨ), ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਨੇ ਗਾਵਾਂ ਅਤੇ ਮੱਝਾਂ ਵਿੱਚ ਅੰਦਰੂਨੀ ਅਤੇ ਬਾਹਰੀ ਪਰਜੀਵੀਆਂ ਦੀ ਸਮੇਂ-ਸਿਰ ਰੋਕਥਾਮ, ਨਿਯਮਿਤ ਮਲ੍ਹੱਪ ਰਹਿਤ ਕਰਨ ਲਈ ਦਵਾਈਆਂ ਦੀ ਵਰਤੋਂ, ਚਿੱਚੜਾਂ ਅਤੇ ਹੋਰ ਪਰਜੀਵੀਆਂ ਤੋਂ ਬਚਾਅ, ਪਸ਼ੂਆਂ ਦੇ ਰਹਿਣ ਵਾਲੇ ਸਥਾਨ ਦੀ ਸਫ਼ਾਈ ਅਤੇ ਸੁੱਕੇ ਵਾਤਾਵਰਨ ਨੂੰ ਯਕੀਨੀ ਬਣਾਉਣ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਬਰਸਾਤ ਦੇ ਮੌਸਮ ਵਿੱਚ ਪਸ਼ੂਆਂ ਨੂੰ ਸਾਫ਼-ਸੁਥਰਾ ਪਾਣੀ, ਸੰਤੁਲਿਤ ਖੁਰਾਕ ਅਤੇ ਖਣਿਜ ਮਿਸ਼ਰਣ ਉਪਲਬਧ ਕਰਵਾਉਣਾ ਦੁੱਧ ਉਤਪਾਦਨ ਅਤੇ ਪਸ਼ੂਆਂ ਦੀ ਸਿਹਤ ਲਈ ਬਹੁਤ ਲਾਭਦਾਇਕ ਹੈ। ਉਨ੍ਹਾਂ ਨੇ ਪਸ਼ੂਆਂ ਵਿੱਚ ਕਿਸੇ ਵੀ ਬਿਮਾਰੀ ਦੇ ਲੱਛਣ ਦਿਖਾਈ ਦੇਣ 'ਤੇ ਤੁਰੰਤ ਪਸ਼ੂ ਚਿਕਿਤਸਕ ਨਾਲ ਸੰਪਰਕ ਕਰਨ ਦੀ ਵੀ ਅਪੀਲ ਕੀਤੀ।

ਕੈਂਪ ਦੌਰਾਨ ਕਿਸਾਨਾਂ ਨੇ ਨਰਮੇ ਅਤੇ ਝੋਨੇ ਦੀਆਂ ਫਸਲਾਂ ਵਿੱਚ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਅਤੇ ਪਸ਼ੂ ਪਾਲਣ ਨਾਲ ਸੰਬੰਧਿਤ ਆਪਣੇ ਸਵਾਲ ਮਾਹਿਰਾਂ ਸਾਹਮਣੇ ਰੱਖੇ, ਜਿਨ੍ਹਾਂ ਦੇ ਵਿਗਿਆਨਕ ਅਤੇ ਉਪਯੋਗੀ ਹੱਲ ਵੀ ਸੁਝਾਏ ਗਏ। ਮਾਹਿਰਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਤਕਨੀਕਾਂ ਨੂੰ ਅਪਣਾ ਕੇ ਫਸਲਾਂ ਦੀ ਉਤਪਾਦਕਤਾ ਵਧਾਉਣ, ਉਤਪਾਦਨ ਲਾਗਤ ਘਟਾਉਣ ਅਤੇ ਵਾਤਾਵਰਨ ਦੀ ਸੁਰੱਖਿਆ ਵਿੱਚ ਆਪਣਾ ਯੋਗਦਾਨ ਪਾਉਣ।

# ਸ.ਫਾਈ ਸੇਵਕਾਂ ਤੇ ਸਰਕਾਰ ਨੇ ਲਾਠੀਆਂ ਵਰਾਕੇ ਕੀਤਾ ਲੋਕਤੰਤਰ ਦਾ ਘਾਣ : ਸੁਖਦੀਪ ਸੋਨੀ

**ਮਾਛੀਵਾੜਾ ਸਾਹਿਬ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਤੋਂ ਬਲਾਕ ਕਾਂਗਰਸ ਸੋਸ਼ਲ ਮੀਡੀਆ ਇੰਚਾਰਜ ਯੂਥ ਆਗੂ ਸੁਖਦੀਪ ਸਿੰਘ ਸੋਨੀ ਸਰਪੰਚ ਨੇ ਕਿਹਾ ਕਿ ਬਰਨਾਲਾ ਵਿਖੇ ਆਪਣੇ ਹੱਕਾਂ ਲਈ ਪ੍ਰਦਰਸ਼ਨ ਕਰ ਰਹੇ ਸਫਾਈ ਸੇਵਕਾਂ ਤੇ ਲਾਠੀ ਚਾਰਜ ਕਰਕੇ ਲੋਕਤੰਤਰ ਦਾ ਘਾਣ ਕੀਤਾ ਹੈ। ਹੈ ਜਿਸ ਦਾ ਲੋਕ 2027 ਦੀਆਂ ਵੋਟਾਂ ਵਿੱਚ ਜਵਾਬ ਦੇਣਗੇ। 'ਉਨਾ ਕੀਤੀ ਗਈ ਇਸ ਪੁਲਸ ਕਾਰਵਾਈ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਬਰਨਾਲਾ ਵਿਖੇ ਸਫਾਈ ਸੇਵਕਾਂ ਆਪਣੇ ਲੋਕਤੰਤਰਿਕ ਹੱਕ ਮੰਗ ਰਹੇ ਗਰੀਬਾਂ ਦੇ ਵਿਰੁੱਧ ਬਲ ਦਾ ਪ੍ਰਯੋਗ ਬਹੁਤ ਚਿੰਤਾਜਨਕ ਅਤੇ ਦੁਖਦਾਈ ਹੈ।

ਉਨਾਂ ਕਿਹਾ ਕਿ ਆਪ ਸਰਕਾਰ ਦੇ ਨਮਿੰਦੇ ਦਿੱਲੀ ਵਿੱਚ ਵੱਡੇ ਵੱਡੇ ਬਿਆਨ ਦਾਗ ਰਹੇ ਹਨ ਪਰ ਪੰਜਾਬ ਦੀ ਹਾਲਤ ਦਿਨ ਪ੍ਰਤੀ ਦਿਨ ਵਿਗੜਦੀ ਜਾ ਰਹੀ ਹੈ। ਉਨਾਂ ਬਰਨਾਲਾ ਵਿਖੇ ਸਫਾਈ ਸੇਵਕਾਂ ਤੇ ਲਾਠੀ ਚਾਰਜ ਦੀ ਘਟਨਾ ਨੂੰ ਲੋਕਤੰਤਰ ਦਾ ਘਾਣ ਦੱਸਦਿਆਂ ਕਿਹਾ ਕਿ ਇਹ ਸਰਕਾਰ ਕਿੰਨੀ ਜਾਲਮ ਹੋ ਗਈ ਹੈ, ਜਿਸਨੇ ਸਫਾਈ ਸੇਵਕਾਂ ਨੂੰ ਪਸ਼ੂਆਂ ਵਾਂਗ ਦੇ ਵਿਰੁੱਧ ਬਲ ਦਾ ਪ੍ਰਯੋਗ ਬਹੁਤ ਚਿੰਤਾਜਨਕ ਅਤੇ ਦੁਖਦਾਈ ਹੈ। ਉਨਾਂ ਕਿਹਾ ਕਿ ਆਪ ਸਰਕਾਰ ਦੇ ਨਮਿੰਦੇ ਦਿੱਲੀ ਵਿੱਚ ਵੱਡੇ ਵੱਡੇ ਬਿਆਨ ਦਾਗ ਰਹੇ ਹਨ ਪਰ ਪੰਜਾਬ ਦੀ ਹਾਲਤ ਦਿਨ ਪ੍ਰਤੀ ਦਿਨ ਵਿਗੜਦੀ ਜਾ ਰਹੀ ਹੈ।

ਕੁੱਟਿਆ ਅਤੇ ਮਹਿਲਾਵਾਂ ਤੇ ਬੇਰਹਿਮੀ ਨਾਲ ਲਾਠੀਆਂ ਵਰ੍ਹਾਈਆਂ ਜੋ ਕਿ ਜ਼ੁਲਮ ਦੀ ਹਨੇਰੀ ਨੂੰ ਦਰਸਾਉਂਦਾ ਹੈ।

# ਸਰਕਾਰ ਦਾ ਸੰਕਲਪ ਸਪੱਸ਼ਟ ਹੈ, ਕੋਈ ਵੀ .ਗਰੀਬ ਪਿੱਛੇ ਨਹੀਂ ਰਹੇਗਾ, ਕੋਈ ਵੀ ਲੋੜਵੰਦ ਮੌਕੇ ਤੋਂ ਵਾਂਝਾ ਨਹੀਂ ਰਹੇਗਾ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਕੁਰੂਕਸ਼ੇਤਰ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੰਤੋਦਯ ਪਰਿਵਾਰ ਉਥਾਨ ਯੋਜਨਾ ਤਹਿਤ ਪ੍ਰਦੇਸ਼ ਭਰ ਵਿੱਚ ਲੱਗਣ ਵਾਲੇ ਅੰਤੋਦਯ ਮੇਲੇ ਆਸ਼ਾਵਾਂ, ਮੌਕਿਆਂ ਅਤੇ ਆਤਮ-ਨਿਰਭਰਤਾ ਦੇ ਮੇਲੇ ਹਨ। ਅੰਤੋਂਦੇਯ ਮੇਲਿਆਂ ਰਾਹੀਂ ਸਰਕਾਰ ਦੀ ਕੋਸ਼ਿਸ਼ ਹੈ ਕਿ ਵਿਕਾਸ ਦਾ ਲਾਭ ਉਨ੍ਹਾਂ ਲੋਕਾਂ ਤੱਕ ਪਹੁੰਚਾਇਆ ਜਾਵੇ, ਜੋ ਦਹਾਕਿਆਂ ਤੋਂ ਅਣਗੌਲੇ ਰਹੇ ਹਨ। ਮੇਲਿਆਂ ਵਿੱਚ ਇੱਕੋ ਮੰਚ 'ਤੇ 19 ਵਿਭਾਗਾਂ ਦੀਆਂ 47 ਯੋਜਨਾਵਾਂ ਦਾ ਲਾਭ ਸਿੱਧਾ ਯੋਗ ਲਾਭਕਾਰ ਨੂੰ ਦਿੱਤਾ ਜਾ ਰਿਹਾ ਹੈ। ਅਹਿਮ ਪਹਿਲੂ ਇਹ ਹੈ ਕਿ ਸੂਬੇ ਵਿੱਚ ਹੁਣ ਤੱਕ 166 ਥਾਵਾਂ 'ਤੇ ਅੰਤੋਂਦੇਯ ਮੇਲਿਆਂ ਦਾ ਆਯੋਜਨ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ 4 ਲੱਖ 24 ਹਜ਼ਾਰ 278 ਪਰਿਵਾਰਾਂ ਨੂੰ ਸੱਦਾ ਵੀ ਦਿੱਤਾ ਗਿਆ ਹੈ।



ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਕੁਰੂਕਸ਼ੇਤਰ ਦੇ ਲਾਡਵਾ ਦੇ ਆਈ.ਜੀ.ਐਨ. ਕਾਲਜ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਅੰਤੋਂਦੇਯ ਪਰਿਵਾਰ ਉਥਾਨ ਯੋਜਨਾ ਤਹਿਤ ਲਗਾਏ ਗਏ ਮੇਲੇ ਦਾ ਉਦਘਾਟਨ ਕਰਨ ਤੋਂ ਬਾਅਦ ਸੰਬੋਧਿਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਮੇਲੇ ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਯੋਜਨਾਵਾਂ ਦੇ ਲਾਭ ਦੇਣ ਲਈ ਲਗਾਏ ਗਏ ਸਟਾਲਾਂ ਦਾ ਜਾਇਜ਼ਾ ਵੀ ਲਿਆ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪਿੰਡ ਗੋਬਿੰਦਪੁਰਾ ਨਿਵਾਸੀ ਲਾਭਕਾਰ ਤਾਰਾਚੰਦ ਨੂੰ ਪੀ.ਐਮ. ਸਟ੍ਰੀਟ ਵੈਂਡਰ ਯੋਜਨਾ ਤਹਿਤ ਪ੍ਰਵਾਨਗੀ ਪੱਤਰ ਸੌਂਪਿਆ। ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੰਤੋਂਦੇਯ ਮੇਲੇ ਰਾਹੀਂ ਸਰਕਾਰ ਖੁਦ ਚੱਲ ਕੇ ਉਨ੍ਹਾਂ ਗ਼ਰੀਬ ਲੋੜਵੰਦ ਪਰਿਵਾਰਾਂ ਤੱਕ ਪਹੁੰਚੀ ਹੈ, ਜੋ ਆਪਣੇ ਅਧਿਕਾਰ ਅਤੇ ਮੌਕੇ ਦੀ ਉਡੀਕ ਕਰ ਰਹੇ ਸਨ। ਇਹ ਅੰਤੋਂਦੇਯ ਮੇਲਾ ਉਸ ਸੰਕਲਪ ਦਾ ਜਿਉਂਦਾ-ਜਾਗਦਾ ਸਰੂਪ ਹੈ, ਜਿਸ ਵਿੱਚ ਸਰਕਾਰ ਦੀ ਹਰ ਯੋਜਨਾ, ਹਰ ਸਾਧਨ ਅਤੇ ਹਰ ਕੋਸ਼ਿਸ਼ ਆਖ਼ਰੀ ਕਤਾਰ ਵਿੱਚ ਖੜ੍ਹੇ ਆਖ਼ਰੀ ਵਿਅਕਤੀ ਲਈ ਹੈ। ਉਨ੍ਹਾਂ ਕਿਹਾ ਕਿ ਅੰਤੋਂਦੇਯ ਸਾਡੇ ਲਈ ਸਿਰਫ਼ ਇੱਕ ਸਰਕਾਰੀ ਪ੍ਰੋਗਰਾਮ ਨਹੀਂ ਹੈ, ਸਗੋਂ ਸਾਡੀ ਸੰਸਕ੍ਰਿਤੀ ਦਾ ਸੰਸਕਾਰ ਹੈ। ਯਾਨੀ ਸਾਰੇ ਸੁਖੀ ਹੋਣ, ਸਾਰੇ ਸਿਹਤਮੰਦ ਹੋਣ ਅਤੇ ਕੋਈ ਵੀ ਦੁਖੀ ਨਾ ਰਹੇ। ਪੰਡਿਤ ਦੀਨਦਿਆਲ ਉਪਾਧਿਆਏ ਨੇ ਇਸੇ ਭਾਵਨਾ ਨੂੰ ਅੰਤੋਂਦੇਯ ਦਾ ਨਾਮ ਦਿੱਤਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਵਿਕਾਸ ਦੀ ਸਾਰਥਕਤਾ ਤਾਂਹੀ ਹੈ, ਜਦੋਂ ਉਸਦਾ ਪ੍ਰਕਾਸ਼ ਆਖ਼ਰੀ ਘਰ ਤੱਕ ਪਹੁੰਚੇ ਅਤੇ ਉਸਦੀ ਗਰਮਾਹਟ ਆਖ਼ਰੀ ਵਿਅਕਤੀ ਮਹਿਸੂਸ ਕਰੇ। ਉਨ੍ਹਾਂ ਕਿਹਾ ਕਿ ਅੱਜ ਸੂਬੇ ਵਿੱਚ ਡਬਲ ਇੰਜਣ ਸਰਕਾਰ ਅੰਤੋਂਦੇਯ ਦੇ ਵਿਚਾਰ ਨੂੰ ਜ਼ਮੀਨ 'ਤੇ ਉਤਾਰ ਰਹੀ ਹੈ। ਸਰਕਾਰ ਦਾ ਸੰਕਲਪ ਸਪੱਸ਼ਟ ਹੈ, ਕੋਈ ਗ਼ਰੀਬ ਪਿੱਛੇ ਨਹੀਂ ਰਹੇਗਾ, ਕੋਈ ਲੋੜਵੰਦ ਮੌਕੇ ਤੋਂ ਵਾਂਝਾ ਨਹੀਂ ਰਹੇਗਾ ਅਤੇ ਕਿਸੇ ਵੀ ਪਰਿਵਾਰ ਨੂੰ ਸਿਰਫ਼ ਇਸ ਲਈ ਅੱਗੇ ਵਧਣ ਤੋਂ ਨਹੀਂ ਰੋਕਿਆ ਜਾਵੇਗਾ ਕਿ ਉਸ ਕੋਲ ਸਾਧਨ, ਪਹੁੰਚ ਜਾਂ ਸਹੀ ਜਾਣਕਾਰੀ ਨਹੀਂ ਹੈ। ਸਰਕਾਰ ਲਈ ਸ਼ਾਸਨ ਦਾ ਅਰਥ ਸਿਰਫ਼ ਦਫ਼ਤਰਾਂ ਵਿੱਚ ਫ਼ਾਈਲਾਂ ਚਲਾਉਣਾ ਨਹੀਂ ਹੈ, ਸਗੋਂ ਜਨਤਾ ਦੀਆਂ ਮੁਸ਼ਕਲਾਂ ਨੂੰ ਸਮਝਣਾ, ਹੱਲ ਨੂੰ ਸਰਲ ਬਣਾਉਣਾ ਅਤੇ ਉਸ ਹੱਲ ਨੂੰ ਲੋੜਵੰਦ ਦੇ ਦਰਵਾਜ਼ੇ ਤੱਕ ਪਹੁੰਚਾਉਣਾ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਦੀ ਮੁੱਖ ਮੰਤਰੀ ਅੰਤੋਂਦੇਯ ਪਰਿਵਾਰ ਉਥਾਨ ਯੋਜਨਾ ਦਾ ਉਦੇਸ਼ ਸਿਰਫ਼ ਆਰਥਿਕ ਸਹਾਇਤਾ ਦੇਣਾ ਨਹੀਂ, ਸਗੋਂ ਹਰ ਲੋੜਵੰਦ ਪਰਿਵਾਰ ਨੂੰ ਪੱਕੇ ਰੁਜ਼ਗਾਰ ਨਾਲ ਜੋੜਨਾ ਹੈ। ਸਵੈ-ਰੁਜ਼ਗਾਰ, ਹੁਨਰ ਵਿਕਾਸ, ਰੁਜ਼ਗਾਰ, ਵਿੱਤੀ ਸਮਾਵੇਸ਼ਨ ਅਤੇ ਸਮਾਜਿਕ ਭਲਾਈ ਨਾਲ ਜੁੜੀਆਂ ਯੋਜਨਾਵਾਂ ਨੂੰ ਇੱਕ ਮੰਚ 'ਤੇ ਲਿਆ ਕੇ ਯੋਗ ਪਰਿਵਾਰਾਂ ਨੂੰ ਉਨ੍ਹਾਂ ਦੀ ਲੋੜ ਅਤੇ ਯੋਗਤਾ ਅਨੁਸਾਰ ਮੌਕੇ ਪ੍ਰਦਾਨ ਕਰਨਾ ਹੈ। ਇੱਥੇ ਪਰਿਵਾਰ ਨੂੰ ਸਿਰਫ਼ ਅਰਜ਼ੀ ਦੇ ਕੇ ਵਾਪਸ ਨਹੀਂ ਭੇਜਿਆ ਜਾਂਦਾ। ਉਸਦੀ ਰੁਚੀ, ਸਮਰੱਥਾ, ਸਥਿਤੀ ਅਤੇ ਲੋੜ ਨੂੰ ਸਮਝ ਕੇ ਉਚਿਤ ਮਾਰਗਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

**ਹੁਣ ਤੱਕ 166 ਥਾਵਾਂ 'ਤੇ ਅੰਤੋਂਦੇਯ ਮੇਲਿਆਂ ਦਾ ਹੋਇਆ ਸ.ਫਲ ਆਯੋਜਨ**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਅੰਤੋਂਦੇਯ ਪਰਿਵਾਰ ਉਥਾਨ ਯੋਜਨਾ ਨੇ ਪਹਿਲੇ ਪੜਾਅ ਵਿੱਚ ਅਹਿਮ ਸਫ਼ਰ ਤੈਅ ਕੀਤਾ ਹੈ। ਸੂਬੇ ਵਿੱਚ ਹੁਣ ਤੱਕ 166 ਥਾਵਾਂ 'ਤੇ ਅੰਤੋਂਦੇਯ ਮੇਲਿਆਂ ਦਾ ਆਯੋਜਨ ਕੀਤਾ ਗਿਆ ਹੈ। ਇਨ੍ਹਾਂ ਮੇਲਿਆਂ ਦੌਰਾਨ 4 ਲੱਖ 24 ਹਜ਼ਾਰ 272 ਪਰਿਵਾਰਾਂ ਨੂੰ ਸੱਦਾ ਦਿੱਤਾ ਗਿਆ ਅਤੇ 1 ਲੱਖ 88 ਹਜ਼ਾਰ 792 ਪਰਿਵਾਰ ਮੇਲਿਆਂ ਵਿੱਚ ਪਹੁੰਚੇ। ਇਨ੍ਹਾਂ ਵਿੱਚੋਂ 1 ਲੱਖ 52 ਹਜ਼ਾਰ 157 ਪਰਿਵਾਰਾਂ ਨੂੰ ਵਿਭਾਗ ਕੋਲ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਹੁਣ ਤੱਕ 55 ਹਜ਼ਾਰ 422 ਯੋਗ ਲਾਭਕਾਰਾਂ ਤੱਕ ਰੁਜ਼ਗਾਰ ਦੇ ਲਾਭ ਪਹੁੰਚੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਰੀਆਂ ਸਰਕਾਰੀ ਯੋਜਨਾਵਾਂ ਅਤੇ ਸੇਵਾਵਾਂ ਨੂੰ ਪਰਿਵਾਰ ਪਹਿਚਾਣ ਪੱਤਰ ਨਾਲ ਜੋੜਿਆ ਗਿਆ ਹੈ। ਘਰ ਬੈਠੇ ਆਟੋ ਮੋਡ ਵਿੱਚ ਹੁਣ ਤੱਕ ਲਗਭਗ 40 ਲੱਖ ਪਰਿਵਾਰਾਂ ਦੇ ਬੀ.ਪੀ.ਐਲ. ਕਾਰਡ ਬਣਾਏ ਗਏ ਹਨ। ਇਸ ਤੋਂ ਇਲਾਵਾ ਗ਼ਰੀਬ ਪਰਿਵਾਰ ਨੂੰ ਮੁਫ਼ਤ ਡਾਕਟਰੀ ਸਹੂਲਤ ਪ੍ਰਦਾਨ ਕਰਨ ਲਈ ਆਯੁਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਅਰੋਗਯ ਯੋਜਨਾ-ਚਿਰਾਯੂ ਯੋਜਨਾ ਤਹਿਤ 5 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਹੁਣ ਤੱਕ ਲਗਭਗ 30 ਲੱਖ ਲੋਕਾਂ ਦਾ 4 ਹਜ਼ਾਰ 314 ਕਰੋੜ ਰੁਪਏ ਦੀ ਲਾਗਤ ਨਾਲ ਮੁਫ਼ਤ ਇਲਾਜ ਕਰਵਾਇਆ ਜਾ ਚੁੱਕਾ ਹੈ। ਸਰਕਾਰ ਨੇ ਕਿਡਨੀ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਲਈ ਸਾਰੇ ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿੱਚ ਮੁਫ਼ਤ ਡਾਇਲਸਿਸ ਦੀਆਂ ਸੇਵਾਵਾਂ ਸ਼ੁਰੂ ਕੀਤੀਆਂ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਵਿਆਹ ਸ਼ਗਨ ਯੋਜਨਾ ਤਹਿਤ ਅਨੁਸੂਚਿਤ ਜਾਤੀ ਦੇ ਗ਼ਰੀਬ ਪਰਿਵਾਰਾਂ ਦੀਆਂ ਭੈਣਾਂ-ਧੀਆਂ ਦੇ ਵਿਆਹ 'ਤੇ 71 ਹਜ਼ਾਰ ਰੁਪਏ ਤੱਕ ਦੀ ਸ਼ਗਨ ਰਕਮ ਦਿੱਤੀ ਜਾਂਦੀ ਹੈ। ਹੁਣ ਤੱਕ 3 ਲੱਖ 85 ਹਜ਼ਾਰ ਧੀਆਂ ਦੇ ਵਿਆਹ 'ਤੇ 1 ਹਜ਼ਾਰ 523 ਕਰੋੜ ਰੁਪਏ ਦੀ ਸ਼ਗਨ ਰਕਮ ਦਿੱਤੀ ਗਈ ਹੈ। ਗ਼ਰੀਬ ਮਹਿਲਾਵਾਂ ਨੂੰ ਆਪਣੀ ਰਸੋਈ ਚਲਾਉਣ ਲਈ ਹਰ ਮਹੀਨੇ ਸਿਰਫ਼ 500 ਰੁਪਏ ਵਿੱਚ ਗੈਸ ਸਿਲੰਡਰ ਦਿੱਤਾ ਜਾ ਰਿਹਾ ਹੈ। ਇਹ ਲਾਭ ਸੂਬੇ ਦੇ ਲਗਭਗ 14 ਲੱਖ 43 ਹਜ਼ਾਰ ਪਰਿਵਾਰਾਂ ਨੂੰ ਮਿਲ ਰਿਹਾ ਹੈ।

ਇਸ ਮੌਕੇ ਸਾਬਕਾ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ, ਡਿਪਟੀ ਕਮਿਸ਼ਨਰ ਸ੍ਰੀ ਵਿਸ਼ਰਾਮ ਕੁਮਾਰ ਮੀਣਾ, ਪੁਲਿਸ ਸੁਪਰਡੈਂਟ ਸ੍ਰੀ ਚੰਦਰ ਮੋਹਨ, ਏ.ਡੀ.ਸੀ. ਸ੍ਰੀ ਵਿਵੇਕ ਆਰੀਆ, ਐਸ.ਡੀ.ਐਮ. ਸ੍ਰੀ ਅਨੁਭਵ ਮਹਿਤਾ, ਚੇਅਰਮੈਨ ਸ੍ਰੀ ਸੁਭਾਸ਼ ਕਲਸਾਨਾ, ਭਾਜਪਾ ਦੇ ਸੀਨੀਅਰ ਨੇਤਾ ਸ੍ਰੀ ਜੈਭਗਵਾਨ ਸ਼ਰਮਾ ਡੀ.ਡੀ., ਚੇਅਰਮੈਨ ਸ੍ਰੀ ਗੁਰਨਾਮ ਸੈਣੀ, ਚੇਅਰਮੈਨ ਸ੍ਰੀ ਰਵਿੰਦਰ ਸਾਂਗਵਾਨ, ਜ਼ਿਲ੍ਹਾ ਪ੍ਰਧਾਨ ਸ੍ਰੀ ਰਮੇਸ਼ ਸੈਣੀ, ਚੇਅਰਪਰਸਨ ਸਾਖੀ ਖੁਰਾਨਾ, ਚੇਅਰਮੈਨ ਡਾ. ਗਣੇਸ਼ ਦੱਤ, ਸ੍ਰੀ ਸਤੀਸ਼ ਮਥਾਨਾ ਸਮੇਤ ਮਾਣਯੋਗ ਵਿਅਕਤੀ ਮੌਜੂਦ ਸਨ।



# ਸਭ ਤੋਂ ਵੱਧ ਆਬਾਦੀ ਵਾਲਾ ਦੇਸ਼: ਸੰਭਾਵਨਾਵਾਂ ਅਤੇ ਜ਼ਿੰਮੇਵਾਰੀਆਂ

**ਕੰਵਲਜੀਤ ਕੌਰ ਗਿੱਲ***

ਭਾਰਤ ਵਿੱਚ 2021 'ਚ ਹੋਣ ਵਾਲੀ ਮਰਦਮਸ਼ੁਮਾਰੀ ਹਾਲੇ ਤੱਕ ਨਹੀਂ ਹੋ ਸਕੀ, ਪਰ ਸੰਯੁਕਤ ਰਾਸ਼ਟਰ ਦੇ ਅੰਦਾਜ਼ੇ ਮੁਤਾਬਿਕ ਭਾਰਤ ਦੁਨੀਆਂ ਵਿਚ ਸਭ ਤੋਂ ਵੱਧ ਵਸੋਂ ਵਾਲਾ ਮੁਲਕ ਬਣ ਗਿਆ ਹੈ। ਇੰਨੀ ਵੱਡੀ ਵਸੋਂ ਕਾਰਨ ਕਈ ਤਰ੍ਹਾਂ ਦੀਆਂ ਚੁਣੌਤੀਆਂ ਉੱਭਰਦੀਆਂ ਹਨ। ਇਹ ਲੇਖ ਚੁਣੌਤੀਆਂ ਦੀ ਥਾਂ ਵਸੋਂ ਦੇ ਉਮਰ ਵਰਗ ਦੇ ਹਿਸਾਬ ਨਾਲ ਪੈਦਾ ਹੋਣ ਵਾਲੀਆਂ ਸੰਭਾਵਨਾਵਾਂ 'ਤੇ ਰੌਸ਼ਨੀ ਪਾਉਂਦਾ ਹੈ।

ਆਮ ਧਾਰਨਾ ਹੈ ਕਿ ਇਕ ਹੱਦ ਤੋਂ ਬਾਅਦ ਵਧਦੀ ਹੋਈ ਆਬਾਦੀ ਚਿਰਸਥਾਈ ਆਰਥਿਕ ਵਿਕਾਸ ਦੇ ਰਾਹ ਵਿਚ ਅੜਿੱਕਾ ਬਣਦੀ ਹੈ। ਧਰਤੀ ਉਤਲੇ ਭੌਤਿਕ ਤੇ ਕੁਦਰਤੀ ਸੋਮਿਆਂ ਦੀ ਖਪਤ ਵਧ ਜਾਣ ਕਾਰਨ ਵਾਤਾਵਰਨ ਦਾ ਸੰਤੁਲਨ ਵਿਗੜਨ ਲੱਗਦਾ ਹੈ। ਨਾ-ਨਵਿਆਉਣ ਯੋਗ ਸ੍ਰੋਤ ਖ਼ਤਮ ਹੋਣ ਲੱਗਦੇ ਹਨ। ਵਧ ਰਹੇ ਮਨੁੱਖਾਂ ਦੀ ਗਿਣਤੀ ਅਨੁਸਾਰ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ- ਕੁੱਲੀ, ਗੁੱਲੀ ਤੇ ਜੁੱਲੀ (ਰੋਟੀ, ਕੱਪੜਾ ਤੇ ਮਕਾਨ) ਵਿਚ ਵਾਧਾ ਹੁੰਦਾ ਹੈ। ਇਸ ਦਾ ਪ੍ਰਭਾਵ ਮੌਜੂਦਾ ਬੁਨਿਆਦੀ ਢਾਂਚੇ ਉੱਪਰ ਹੁੰਦਾ ਹੈ। ਵਧੇਰੇ ਸਕੂਲ, ਸਿਹਤ ਸੇਵਾਵਾਂ, ਰੁਜ਼ਗਾਰ, ਆਵਾਜਾਈ ਅਤੇ ਸੰਚਾਰ ਦੇ ਸਾਧਨ, ਰਿਹਾਇਸ਼ ਲਈ ਮਕਾਨ ਆਦਿ ਜ਼ਿਆਦਾ ਮਿਕਦਾਰ ਵਿਚ ਚਾਹੀਦੇ ਹਨ। ਇਹ ਸਾਰਾ ਕੁਝ ਲੋੜੀਂਦੀ ਮਾਤਰਾ ਵਿਚ ਨਾ ਜੁਟਾ ਸਕਣ ਦੀ ਸੂਰਤ 'ਚ ਬੇਰੁਜ਼ਗਾਰੀ, ਗ਼ਰੀਬੀ, ਭੁੱਖਮਰੀ ਤੇ ਹੋਰ ਸਮਾਜਿਕ-ਆਰਥਿਕ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਭਾਰਤ ਨੂੰ 2011 ਤੱਕ ਦੁਨੀਆਂ ਦਾ ਦੂਜਾ ਸਭ ਤੋਂ ਵੱਧ ਵਸੋਂ ਵਾਲਾ ਦੇਸ਼ ਮੰਨਿਆ ਜਾਂਦਾ ਰਿਹਾ ਹੈ। ਚੀਨ ਪਹਿਲੇ ਨੰਬਰ 'ਤੇ ਸੀ। 2021 ਵਿੱਚ ਹੋਣ ਵਾਲੀ ਮਰਦਮਸ਼ੁਮਾਰੀ ਦਾ ਅਮਲ ਕੁਝ ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਟਾਲ ਦਿੱਤਾ ਗਿਆ ਸੀ। ਅਜੇ ਵੀ ਜਾਣਕਾਰੀ ਨਹੀਂ ਕਿ ਸਰਕਾਰੀ ਤੌਰ 'ਤੇ ਇਹ ਕਦੋਂ ਸ਼ੁਰੂ ਹੋਵੇਗਾ। ਹਾਲ ਦੀ ਘੜੀ ਸੰਯੁਕਤ ਰਾਸ਼ਟਰ ਦੀ ਪ੍ਰਸਿੱਧ ਸੰਸਥਾ- ਸਟੇਟ ਆਫ ਵਰਲਡ ਪਾਪੂਲੇਸ਼ਨ ਨੇ ਇਕ ਰਿਪੋਰਟ ਜਾਰੀ ਕੀਤੀ ਜਿਸ ਵਿਚ ਅਨੁਮਾਨ ਲਗਾਇਆ ਗਿਆ ਕਿ ਇਸ ਸਾਲ 2023 ਦੇ ਮੱਧ ਤਕ ਭਾਰਤ ਦੁਨੀਆਂ ਵਿਚ ਵਸੋਂ ਦੇ ਲਿਹਾਜ਼ ਨਾਲ ਨੰਬਰ ਇਕ ਦੇਸ਼ ਬਣ ਜਾਵੇਗਾ। ਰਿਪੋਰਟ ਵਿਚ ਭਾਰਤ ਦੀ ਆਬਾਦੀ 142.86 ਕਰੋੜ ਤਕ ਪਹੁੰਚਣ ਜਦੋਂਕਿ ਚੀਨ ਦੀ ਆਬਾਦੀ 142.57 ਕਰੋੜ ਹੋਣ ਦੀ ਗੱਲ ਆਖੀ ਗਈ। ਇਸ ਦਾ ਭਾਵ ਇਹ ਸੀ ਕਿ ਭਾਰਤ ਦੀ ਆਬਾਦੀ ਚੀਨ ਨਾਲੋਂ 29 ਲੱਖ ਵੱਧ ਹੋਵੇਗੀ। ਇੱਥੇ ਸੁਆਲ ਪੈਦਾ ਹੁੰਦਾ ਹੈ ਕਿ ਆਬਾਦੀ ਦੇ ਲਿਹਾਜ਼ ਨਾਲ ਪਹਿਲੇ ਦਰਜੇ 'ਤੇ ਆਉਣ ਦਾ ਸੁਆਗਤ ਕੀਤਾ ਜਾਵੇ ਜਾਂ ਇਸ ਨੂੰ ਪਹਿਲਾਂ ਤੋਂ ਹੀ ਕੁਦਰਤੀ, ਭੌਤਿਕ ਅਤੇ ਮਨੁੱਖੀ ਸਾਧਨਾਂ ਉਪਰ ਹੋਰ ਭਾਰ ਪੈਣ ਦੀ ਸੰਭਾਵਨਾ ਵਜੋਂ ਲਿਆ ਜਾਵੇ? ਇਸ ਦਾ ਜਵਾਬ ਜਾਣਨ ਤੋਂ ਪਹਿਲਾਂ ਵਸੋਂ ਵਾਧੇ ਨਾਲ ਜੁੜੇ ਕੁਝ ਸੰਕਲਪਾਂ ਬਾਰੇ ਜਾਣਕਾਰੀ ਜ਼ਰੂਰੀ ਹੈ। ਇਹ ਸੰਕਲਪ ਹਨ: ਮੌਜੂਦਾ ਵਸੋਂ ਦੀ ਗਿਣਤੀ ਤੇ ਇਸ ਵਿਚ ਹੁੰਦੇ ਵਾਧੇ/ਘਾਟੇ ਦੀ ਦਰ; ਦੂਜਾ, ਵਸੋਂ ਦੀ ਬਣਤਰ ਜਿਸ ਵਿੱਚ ਉਮਰ ਵਰਗ ਦੇ ਲਿਹਾਜ਼ ਨਾਲ ਮਰਦ-ਔਰਤਾਂ ਦੀ ਗਿਣਤੀ ਵੀ ਹੁੰਦੀ ਹੈ। ਇਸ ਤੋਂ ਸਾਨੂੰ ਵਸੋਂ ਦੀ ਦੂਜੇ ਉਮਰ ਵਰਗਾਂ ਉੱਪਰ ਨਿਰਭਰਤਾ ਦਾ ਗਿਆਨ ਵੀ ਹੁੰਦਾ ਹੈ।

ਤੀਜਾ ਮਹੱਤਵਪੂਰਨ ਸੰਕਲਪ ਹੈ ਵਸੋਂ ਦੀ ਗੁਣਵੱਤਾ ਜਾਂ ਮਿਆਰ ਭਾਵ ਦੇਸ਼ ਦੇ ਵਿਕਾਸ ਵਿਚ ਯੋਗਦਾਨ ਪਾਉਣ ਯੋਗ ਮਨੁੱਖ ਸਿੱਖਿਆ, ਸਿਹਤ ਅਤੇ ਹੁਨਰ ਦੇ ਪੱਖੋਂ ਕਿਸ ਪੱਧਰ ਤੱਕ ਮਾਹਿਰ ਹਨ।

ਭਾਰਤ ਵਿਚ ਆਬਾਦੀ ਸਬੰਧੀ ਅੰਕੜੇ ਇਕੱਠੇ ਕਰਨ ਦਾ ਕੰਮ 1881 ਤੋਂ ਅੰਗਰੇਜ਼ੀ ਹਕੂਮਤ ਦੇ ਹੁੰਦਿਆਂ ਸ਼ੁਰੂ ਹੋ ਚੁੱਕਿਆ ਸੀ। ਇਸ ਕਾਰਜ ਨੂੰ ਜਾਰੀ ਰੱਖਦਿਆਂ ਆਜ਼ਾਦੀ ਤੋਂ ਬਾਅਦ 1951 ਵਿਚ ਆਬਾਦੀ ਸਬੰਧੀ ਵਿਸਤਾਰ ਸਹਿਤ ਜਾਣਕਾਰੀ ਇਕੱਠੀ ਕੀਤੀ ਗਈ ਤਾਂ ਜੋ ਭਾਰਤ ਪਾਕਿਸਤਾਨ ਵੰਡ ਦੌਰਾਨ ਵਸੋਂ ਵਿਚ ਹੋਈ ਉਥਲ ਪੁਥਲ ਦੇ ਝੰਬੇ ਲੋਕਾਂ ਦੇ ਮੁੜ-ਵਸੇਬੇ ਲਈ ਕੁਝ ਕੀਤਾ ਜਾ ਸਕੇ। ਇਸ ਦੌਰਾਨ 1961-1981 ਤੱਕ ਵਸੋਂ ਦੇ ਵਾਧੇ ਦੀ ਦਰ ਕਾਫ਼ੀ ਤੇਜ਼ ਸੀ। ਇਹ ਉੱਚੀ ਜਨਮ ਦਰ ਅਤੇ ਘਟਦੀ ਮੌਤ ਦਰ ਵਿਚਾਲੇ ਅੰਤਰ ਵਧਣ ਕਾਰਨ ਸੀ। ਉਸ ਤੋਂ ਬਾਅਦ ਸਮਾਜਿਕ ਚੇਤਨਾ/ਵਿਕਾਸ ਅਤੇ ਸਰਕਾਰੀ ਸਿਹਤ ਸੇਵਾਵਾਂ ਦੀ ਉਪਲਬਧਤਾ ਕਾਰਨ ਅਗਲੇ ਦੋ ਦਹਾਕਿਆਂ ਦੌਰਾਨ ਵਸੋਂ ਵਿਚ ਕੁੱਲ ਵਾਧਾ ਤਾਂ ਸੀ, ਪਰ ਇਸ ਦੇ ਵਾਧੇ ਦੀ ਦਰ 2011 ਤਕ ਆਉਂਦਿਆਂ 2.5 ਤੋਂ ਘਟ ਕੇ 1.5 ਤਕ ਆ ਗਈ ਸੀ। ਵਸੋਂ ਦਾ ਵਾਧਾ ਔਰਤਾਂ ਦੀ ਜਣਨ ਸ਼ਕਤੀ ਦਰ 'ਤੇ ਵੀ ਨਿਰਭਰ ਕਰਦਾ ਹੈ। ਚੀਨ ਦੀ ਜਣਨ ਸ਼ਕਤੀ ਦਰ ਬਹੁਤ ਘਟਣ ਅਤੇ ਸਰਕਾਰੀ ਤੌਰ 'ਤੇ 1979 ਵਿਚ 'ਇਕ ਬੱਚਾ ਪ੍ਰਤੀ ਪਰਿਵਾਰ' ਦੀ ਨੀਤੀ ਅਪਣਾਉਣ ਕਰਕੇ ਉਨ੍ਹਾਂ ਦੀ ਵਸੋਂ ਦਰ ਘਟਣ ਲੱਗੀ। ਇਉਂ ਹੀ ਭਾਰਤ ਨੇ ਕੌਮੀ ਵਸੋਂ ਨੀਤੀ (1976 ਅਤੇ ਫਿਰ 2002) ਤੇ ਪਰਿਵਾਰ ਨਿਯੋਜਨ ਤਹਿਤ 'ਹਮ ਦੋ ਹਮਾਰੇ ਦੋ' ਪ੍ਰੋਗਰਾਮ ਨੂੰ ਅਪਣਾ ਕੇ ਵਸੋਂ ਦੇ ਵਾਧੇ ਨੂੰ ਕਾਫ਼ੀ ਹੱਦ ਤਕ ਨਿਯੰਤ੍ਰਿਤ ਕਰ ਲਿਆ ਸੀ। ਇਸ ਵੇਲੇ ਸਾਡੀ ਜਣਨ ਸ਼ਕਤੀ ਦਰ 2.1 ਹੈ ਜਿਸ ਨਾਲ ਵਸੋਂ 'ਚ ਹੋਣ ਵਾਲੇ ਵਾਧੇ ਨੂੰ ਕੁਦਰਤੀ ਅਤੇ ਆਦਰਸ਼ ਮੰਨਿਆ ਜਾਂਦਾ ਹੈ। ਵਸੋਂ ਦੀ ਬਣਤਰ ਜਾਣਨ ਲਈ ਇਸ ਨੂੰ ਉਮਰ ਦੇ ਲਿਹਾਜ਼ ਨਾਲ ਤਿੰਨ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ: 0-14 ਸਾਲ ਦੇ ਬੱਚੇ, 15-60 ਸਾਲ ਦੀ ਕੰਮਕਾਜੀ ਵਸੋਂ ਅਤੇ 60 ਸਾਲ ਤੋਂ ਵਡੇਰੀ ਉਮਰ ਦੇ ਬਜ਼ੁਰਗਾਂ ਦੀ ਵਸੋਂ। 1991 ਤੋਂ 2011 ਤੱਕ 0-14 ਸਾਲ ਤੱਕ ਦੇ ਬੱਚਿਆਂ ਦੀ ਵਸੋਂ ਲਗਾਤਾਰ ਘਟੀ। 15-60 ਸਾਲ ਦੇ ਉਮਰ ਗਰੁੱਪ (ਜਿਸ ਵਿੱਚ ਸਪਸ਼ਟ ਹੈ ਕਿ 19 ਸਾਲ ਤੋਂ 35 ਸਾਲ ਤਕ ਦੇ ਨੌਜਵਾਨ ਵੀ ਸ਼ਾਮਲ ਹਨ) ਵਿਚ ਸਮੁੱਚੇ ਰੂਪ 'ਚ ਵਾਧਾ ਹੋ ਰਿਹਾ ਹੈ। 2023 ਦੌਰਾਨ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਇਸ ਗਰੁੱਪ ਵਿਚ ਕੁੱਲ ਵਸੋਂ ਦਾ 68 ਫ਼ੀਸਦੀ ਹੈ। 60 ਸਾਲ ਤੋਂ ਵੱਧ ਉਮਰ ਵਰਗ ਵਿਚ ਵੀ ਜੀਵਨ ਸੰਭਾਵਨਾ ਵਧਣ ਕਾਰਨ ਵਾਧਾ ਹੋ ਰਿਹਾ ਹੈ ਭਾਵ ਬੱਚਿਆਂ ਅਤੇ ਬਜ਼ੁਰਗਾਂ ਦੀ ਵਸੋਂ ਦਾ ਕੰਮਕਾਜੀ ਵਸੋਂ ਉਪਰ ਭਾਰ ਵਧ ਰਿਹਾ ਹੈ। ਵਸੋਂ ਦਾ ਤੀਜਾ ਸੰਕਲਪ ਹੈ ਵਿਅਕਤੀਆਂ ਦਾ ਮਿਆਰੀ ਪੱਖ ਤੋਂ ਗੁਣਕਾਰੀ ਹੋਣਾ। ਸਿਹਤਮੰਦ ਅਤੇ ਹੁਨਰਮੰਦ ਨੌਜਵਾਨਾਂ ਨੂੰ ਮਨੁੱਖੀ ਸਰੋਤ ਵਜੋਂ ਮੰਨਿਆ ਜਾਂਦਾ ਹੈ। ਵਸੋਂ ਦਾ ਇਹ ਹਿੱਸਾ ਸਭ ਤੋਂ ਮਹੱਤਵਪੂਰਨ ਹੈ। ਇਸ ਨੂੰ ਉਤਪਾਦਨ ਦੇ ਖੇਤਰ ਵਿਚ ਮਨੁੱਖੀ ਸਰੋਤ ਵਜੋਂ ਕਿਵੇਂ ਕੁਸ਼ਲਤਾ ਪੂਰਵਕ ਵਰਤਣਾ ਹੈ? ਅਰਥਾਤ ਨੌਜਵਾਨਾਂ ਦੀ ਵਧ ਰਹੀ ਗਿਣਤੀ ਪ੍ਰਤੀ ਸਾਡੀਆਂ ਕੀ ਜ਼ਿੰਮੇਵਾਰੀਆਂ ਹਨ ਅਤੇ ਆਬਾਦੀ ਦੇ ਇਸ ਨੌਜਵਾਨ ਵਰਗ ਤੋਂ ਹੀ ਸੰਭਾਵਨਾਵਾਂ ਹਨ। ਚੀਨ ਨੇ ਤਕਨੀਕੀ ਸਿੱਖਿਆ ਵਿਚ ਮੁਹਾਰਤ ਹਾਸਲ ਕਰ ਕੇ ਅਤੇ ਨਾਗਰਿਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਾ ਕੇ ਵਸੋਂ ਦੇ ਵਾਧੇ ਨੂੰ ਲਾਭ-ਅੰਸ਼ ਵਿਚ ਤਬਦੀਲ ਕਰ ਲਿਆ ਹੈ। ਪਰ ਭਾਰਤ ਦੀ ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਸਥਿਤੀ ਦੂਜੇ ਵਿਕਸਿਤ ਦੇਸ਼ਾਂ ਨਾਲੋਂ ਕੁਝ ਵੱਖਰੀ ਹੈ। ਭਾਰਤ ਵਿਚ 60-70 ਫ਼ੀਸਦੀ ਆਬਾਦੀ ਅਜੇ ਵੀ ਪਿੰਡਾਂ ਵਿਚ ਹੀ ਰਹਿੰਦੀ ਹੈ। ਇਸ ਵਿਚੋਂ ਬਹੁਤੇ ਲੋਕ ਖੇਤੀਬਾੜੀ 'ਤੇ ਹੀ ਨਿਰਭਰ ਕਰਦੇ ਹਨ। ਜਦੋਂ ਵਸੋਂ ਨੂੰ ਆਰਥਿਕ ਵਿਕਾਸ ਦੇ ਰਾਹ ਵਿਚ ਰੁਕਾਵਟ ਵਜੋਂ ਵੇਖਣ ਲੱਗਦੇ ਹਾਂ ਤਾਂ ਸਾਰੀਆਂ ਸਮਾਜਿਕ ਕੁਰੀਤੀਆਂ ਅਤੇ ਆਰਥਿਕ ਸਮੱਸਿਆਵਾਂ ਦੀ ਜੜ੍ਹ ਇਸੇ ਨੂੰ ਹੀ ਕਰਾਰ ਦਿੱਤਾ ਜਾਂਦਾ ਹੈ। ਕਿਹਾ ਜਾਂਦਾ ਹੈ: ਜਿੰਨੇ ਜ਼ਿਆਦਾ ਮੂੰਹ ਓਨੇ ਹੀ ਜ਼ਿਆਦਾ ਅਨਾਜ, ਖਾਧ ਪਦਾਰਥਾਂ ਦੀ ਜ਼ਰੂਰਤ। ਪਰ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਮਨੁੱਖ ਦੇ ਇਕ ਮੂੰਹ ਦੇ ਨਾਲ ਨਾਲ ਕੰਮ ਕਰਨ ਵਾਲੇ ਦੋ ਹੱਥ ਵੀ ਹੁੰਦੇ ਹਨ। ਇਹ ਵੀ ਸੱਚਾਈ ਹੈ ਕਿ ਮਨੁੱਖ ਜਿਤਨਾ ਉਪਭੋਗ ਕਰਦਾ ਹੈ ਉਸ ਤੋਂ ਕਈ ਗੁਣਾ ਜ਼ਿਆਦਾ ਉਸ

> ਆਮ ਧਾਰਨਾ ਹੈ ਕਿ ਇਕ ਹੱਦ ਤੋਂ ਬਾਅਦ ਵਧਦੀ ਹੋਈ ਆਬਾਦੀ ਚਿਰਸਥਾਈ ਆਰਥਿਕ ਵਿਕਾਸ ਦੇ ਰਾਹ ਵਿਚ ਅੜਿੱਕਾ ਬਣਦੀ ਹੈ। ਧਰਤੀ ਉਤਲੇ ਭੌਤਿਕ ਤੇ ਕੁਦਰਤੀ ਸੋਮਿਆਂ ਦੀ ਖਪਤ ਵਧ ਜਾਣ ਕਾਰਨ ਵਾਤਾਵਰਨ ਦਾ ਸੰਤੁਲਨ ਵਿਗੜਨ ਲੱਗਦਾ ਹੈ। ਨਾ-ਨਵਿਆਉਣ ਯੋਗ ਸ੍ਰੋਤ ਖ਼ਤਮ ਹੋਣ ਲੱਗਦੇ ਹਨ। ਵਧ ਰਹੇ ਮਨੁੱਖਾਂ ਦੀ ਗਿਣਤੀ ਅਨੁਸਾਰ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ- ਕੁੱਲੀ, ਗੁੱਲੀ ਤੇ ਜੁੱਲੀ (ਰੋਟੀ, ਕੱਪੜਾ ਤੇ ਮਕਾਨ) ਵਿਚ ਵਾਧਾ ਹੁੰਦਾ ਹੈ। ਇਸ ਦਾ ਪ੍ਰਭਾਵ ਮੌਜੂਦਾ ਬੁਨਿਆਦੀ ਢਾਂਚੇ ਉੱਪਰ ਹੁੰਦਾ ਹੈ




# ਪੰਜਾਬੀ ਬੋਲੀ ਦਾ ਪਿਛੋਕੜ, ਭਵਿੱਖ ਅਤੇ ਚੁਣੌਤੀਆਂ

**ਮਹਿੰਦਰਪਾਲ ਸਿੰਘ ਧਾਲੀਵਾਲ**

ਮਨੁੱਖ ਦੇ ਸਮੁੱਚੇ ਵਿਕਾਸ ਵਿੱਚ ਬੋਲੀ ਦਾ ਸਭ ਤੋਂ ਵੱਡਾ ਯੋਗਦਾਨ ਹੈ ਅਤੇ ਰਹੇਗਾ। ਬੋਲੀ ਵਿਚਾਰਾਂ ਦੇ ਅਦਾਨ-ਪ੍ਰਦਾਨ ਦਾ ਸਾਧਨ ਹੈ ਤੇ ਵਿਚਾਰਾਂ ਦਾ ਅਦਾਨ-ਪ੍ਰਦਾਨ ਹੀ ਮਨੁੱਖਤਾ ਨੂੰ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਵਿਕਾਸ ਦੀਆਂ ਪੌੜੀਆਂ ਚੜ੍ਹਨ ਵਿੱਚ ਮਦਦਗਾਰ ਸਾਬਤ ਹੁੰਦਾ ਹੈ।

ਬੋਲੀ ਦਾ ਵਿਕਾਸ ਵੀ ਸਦੀਆਂ ਵਿੱਚ ਹੋਇਆ ਹੈ। ਬੋਲੀਆਂ ਸਾਰੀਆਂ ਹੀ ਚੰਗੀਆਂ ਤੇ ਪਿਆਰੀਆਂ ਹੁੰਦੀਆਂ ਹਨ। ਬੋਲੀ ਦਾ ਕੰਮ ਮਨੁੱਖ ਦੇ ਵਿਚਾਰਾਂ ਨੂੰ ਦੂਸਰਿਆਂ ਤੱਕ ਪਹੁੰਚਾਉਣਾ ਹੁੰਦਾ ਹੈ ਤੇ ਹਰ ਜ਼ੁਬਾਨ ਇਹੋ ਕੰਮ ਬਾਖੂਬੀ ਕਰਦੀ ਹੈ। ਇਹ ਗੱਲ ਵੱਖਰੀ ਹੈ ਕਿ ਹਰ ਇਨਸਾਨ ਨੂੰ ਆਪਣੀ ਮਾਤ-ਭਾਸ਼ਾ ਨਾਲ ਅਥਾਹ ਪਿਆਰ ਹੋਣਾ ਕੁਦਰਤੀ ਹੈ। ਅਸੀਂ ਆਪਣੀ ਮਾਂ-ਬੋਲੀ ਪੰਜਾਬੀ ਨੂੰ ਅਥਾਹ ਪਿਆਰ ਕਰਦੇ ਹਾਂ ਤੇ ਇਸ ਦੇ ਵਿਕਾਸ ਲਈ ਕੁਝ ਲੋਕ ਚੇਤਨ ਰੂਪ ਵਿੱਚ ਕਿਰਿਆਸ਼ੀਲ ਹਨ ਤੇ ਕੁਝ ਅਚੇਤ ਹੀ ਆਪਣੀ ਬੋਲੀ ਦੇ ਵਿਕਾਸ ਵਿੱਚ ਹਿੱਸਾ ਪਾਉਂਦੇ ਰਹਿੰਦੇ ਹਨ।

ਪੰਜਾਬੀ ਪੰਜਾਬ ਦੀ ਬੋਲੀ ਹੈ ਤੇ ਪੰਜਾਬ ਦੀ ਹੋਂਦ ਸਦੀਆਂ ਪੁਰਾਣੀ ਹੈ। ਦੁਨੀਆ ਦੀਆਂ ਪਹਿਲੀਆਂ ਚਾਰ ਸੱਭਿਆਤਾਵਾਂ ਮੈਸੋਪੋਟੇਮੀਆ, ਮਿਸਰ, ਸਿੰਧ ਘਾਟੀ ਤੇ ਚੀਨ ਦੀਆਂ ਸੱਭਿਆਤਾਵਾਂ ਹਨ। ਸਿੰਧ ਘਾਟੀ ਜੋ ਪੰਜਾਬ ਦਾ ਹਿੱਸਾ ਹੈ ਤੇ ਜਦੋਂ ਖੇਤੀਬਾੜੀ ਨੇ ਲੋਕਾਂ ਲਈ ਇੱਕ ਥਾਂ ਪੱਕੇ ਤੌਰ 'ਤੇ ਰਹਿਣ ਦੀ ਲੋੜ ਪੈਦਾ ਕਰ ਦਿੱਤੀ ਤਾਂ ਉਹ ਉਪਜਾਊ ਜ਼ਮੀਨ ਅਤੇ ਪਾਣੀ ਦੀ ਲੋੜ ਨੂੰ ਮੁੱਖ ਰੱਖ ਕੇ ਆਪਣੇ ਟਿਕਾਣੇ ਤਲਾਸ਼ਣ ਲੱਗੇ। ਸਿੰਧ ਦੇ ਨੇੜੇ-ਤੇੜੇ ਬੈਠਣ ਤੋਂ ਬਾਅਦ ਆਸੇ ਪਾਸੇ ਫੈਲਣ ਲੱਗੇ। ਪਹਿਲਾਂ ਪੰਜਾਬ ਨੂੰ ਸਪਤ ਸਿੰਧੂ ਯਾਨੀ ਸੱਤ ਦਰਿਆਵਾਂ ਦੀ ਧਰਤੀ, ਪੰਚ ਨਾਦ ਤੇ ਫਿਰ ਪੰਜ-ਆਬ ਕਿਹਾ ਜਾਂਦਾ ਸੀ ਤੇ ਹੌਲੀ ਹੌਲੀ ਪੰਜਾਬ ਨਾਮ ਪ੍ਰਚੱਲਿਤ ਹੋ ਗਿਆ। ਵੈਸੇ ਹਿੰਦ ਅਤੇ ਹਿੰਦੂ ਸ਼ਬਦ ਵੀ ਸਿੰਧ ਅਤੇ ਸਿੰਧੂ ਤੋਂ ਹੀ ਬਣਿਆ ਹੈ।

ਵੈਦਿਕ ਕਾਲ ਸਮੇਂ ਪੰਜਾਬ ਵਿੱਚ ਇਰਾਨ ਤੇ ਅਫ਼ਗਾਨਿਸਤਾਨ ਦੇ ਕੁਝ ਹਿੱਸੇ ਵੀ ਸ਼ਾਮਲ ਸਨ ਤੇ ਸੱਤ ਦਰਿਆ ਪੰਜਾਬ ਵਿੱਚ ਵਗਦੇ ਸਨ। ਵੈਦਿਕ ਕਾਲ ਦਾ ਸਮਾਂ 3500 ਕੁ ਸਾਲ ਪਹਿਲਾਂ ਦਾ ਮਿਥਿਆ ਜਾਂਦਾ ਹੈ, ਉਸ ਸਮੇਂ ਪੰਜਾਬ ਵਿੱਚ ਦ੍ਰਾਵੜ ਲੋਕ ਰਹਿੰਦੇ ਸਨ। ਸੌ ਕੁ ਸਾਲ ਪਹਿਲਾਂ ਮਹਿੰਜੋਦਾਰੋ ਤੇ ਹੜੱਪਾ ਦੇ ਥੇਹਾਂ ਦੀ ਖੁਦਾਈ ਕਰਨ 'ਤੇ ਇਤਿਹਾਸਕਾਰਾਂ ਨੂੰ ਪਤਾ ਚੱਲਿਆ ਕਿ ਉਸ ਸਮੇਂ ਦਾ ਪੰਜਾਬ ਕਾਫ਼ੀ ਅਮੀਰ ਸੀ। ਲੋਕ ਚੰਗੇ ਹਵਾਦਾਰ ਘਰਾਂ ਵਿੱਚ ਰਹਿੰਦੇ ਸਨ। ਖੇਤੀ ਦੇ ਨਾਲ ਵਪਾਰ ਵੀ ਹੋਂਦ ਵਿੱਚ ਆ ਚੁੱਕਾ ਸੀ। ਪਾਣੀ ਦੇ ਨਿਕਾਸ ਦਾ ਪੁਖਤਾ ਪ੍ਰਬੰਧ ਸੀ। ਅਮੀਰ ਲੋਕ ਵੱਡੇ ਮਹਿਲਾਂ ਵਿੱਚ ਰਹਿੰਦੇ ਸਨ।

ਆਰੀਅਨ ਲੋਕਾਂ ਨੇ ਸਿੰਧ ਘਾਟੀ ਦੇ ਲੋਕਾਂ 'ਤੇ ਹਮਲੇ ਕਰਨੇ ਸ਼ੁਰੂ ਕੀਤੇ ਤੇ ਹੌਲੀ ਹੌਲੀ ਜਿੱਤ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਏ। ਕੁਝ ਦ੍ਰਾਵੜ ਲੋਕ ਮਾਰੇ ਗਏ ਤੇ ਕੁਝ ਦੱਖਣ ਵੱਲ ਨੂੰ ਚਲੇ ਗਏ। ਜੋ ਰਹਿ ਗਏ ਉਨ੍ਹਾਂ ਨੂੰ ਆਰੀਅਨਾਂ ਨੇ ਗ਼ੁਲਾਮ ਬਣਾ ਲਿਆ। ਇੰਜ ਜਿੱਥੇ ਆਰੀਅਨ ਅਤੇ ਦ੍ਰਾਵੜਾਂ ਦੇ ਮੇਲ ਨਾਲ ਨਵੀਂ ਨਸਲ ਪੈਦਾ ਹੋਈ ਉਵੇਂ ਹੀ ਨਵੀਂ ਬੋਲੀ ਵੀ ਪੈਦਾ ਹੋਈ ਤੇ ਹੌਲੀ ਹੌਲੀ ਬਦਲਦੀ ਗਈ। ਬੋਲੀ ਚਾਹੇ ਕੋਈ ਵੀ ਹੋਵੇ ਉਸ ਦੇ ਜਿਉਂਦਾ ਰਹਿਣ ਲਈ ਉਸ ਵਿੱਚ ਸਮੇਂ ਅਤੇ ਲੋੜ ਅਨੁਸਾਰ ਤਬਦੀਲੀ ਜ਼ਰੂਰੀ ਹੈ ਤੇ ਹੁੰਦੀ ਰਹਿੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਵੇਲੇ ਦੀ ਪੰਜਾਬੀ ਨੂੰ ਸਮਝਣਾ ਅੱਜ ਦੇ ਪੰਜਾਬੀਆਂ ਲਈ ਔਖਾ ਹੈ। ਕੁਝ ਇਤਿਹਾਸਕਾਰਾਂ ਅਨੁਸਾਰ ਪੰਜਾਬੀ ਵੈਦਿਕ ਕਾਲ ਤੋਂ ਹੀ ਬੋਲੀ ਜਾਂਦੀ ਸੀ, ਪਰ ਪੰਜਾਬੀ ਦਾ ਰੂਪ ਬਦਲਦਾ ਰਿਹਾ ਹੈ। ਉਸ ਤੋਂ ਬਾਅਦ ਕਈ ਸਾਰੀਆਂ ਬੋਲੀਆਂ ਪੰਜਾਬ ਅਤੇ ਨੇੜੇ ਦੇ ਵੱਖ ਵੱਖ ਖਿੱਤਿਆਂ ਵਿੱਚ ਪ੍ਰਫੁੱਲਿਤ ਹੋਈਆਂ। ਖੜੀ ਬੋਲੀ, ਅਵਧੀ, ਭੋਜਪੁਰੀ, ਪ੍ਰਕ੍ਰਿਤਕ ਭਾਸ਼ਾ ਆਦਿ ਤੇ ਸੰਸਕ੍ਰਿਤ ਵੀ। ਸੰਸਕ੍ਰਿਤ ਕਿਉਂਕਿ ਆਮ ਲੋਕਾਂ ਦੀ ਭਾਸ਼ਾ ਨਹੀਂ ਸੀ ਬਣਨ ਦਿੱਤੀ ਗਈ ਤੇ ਇਸ ਨੂੰ ਦੇਵਤਿਆਂ ਦੀ ਭਾਸ਼ਾ ਕਿਹਾ ਜਾਂਦਾ ਸੀ, ਇਸ ਲਈ ਇਹ ਪੰਡਤਾਂ ਤੱਕ ਹੀ ਸੀਮਤ ਰਹੀ ਤੇ ਆਮ ਲੋਕਾਂ ਦੀ ਭਾਸ਼ਾ ਨਾ ਬਣ ਸਕੀ। ਜੇ ਕੋਈ ਆਮ ਆਦਮੀ ਇਸ ਬੋਲੀ ਨੂੰ ਸੁਣ ਲੈਂਦਾ ਤਾਂ ਉਸ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ। ਇਸਲਾਮ ਦੇ ਪੈਦਾ ਹੋਣ ਨਾਲ ਮਿਡਲ ਈਸਟ ਵਿੱਚ ਬਹੁਤ ਸਾਰੇ ਇਸਲਾਮਕ ਰਾਜੇ ਪੈਦਾ ਹੋ ਗਏ ਤੇ ਉਨ੍ਹਾਂ ਦਿਨਾਂ ਵਿੱਚ ਪੰਜਾਬ ਦੀ ਉਪਜਾਊ ਭੂਮੀ ਤੇ ਸ਼ਾਨਦਾਰ ਮੌਸਮ ਕਾਰਨ ਇਸ ਨੂੰ ਸੋਨੇ ਦੀ ਚਿੜੀ ਵੀ ਕਿਹਾ ਜਾਂਦਾ ਸੀ। ਇਸਲਾਮਿਕ ਰਾਜੇ ਸਮੇਂ ਸਮੇਂ ਪੰਜਾਬ 'ਤੇ ਹਮਲੇ ਕਰਦੇ ਰਹੇ। ਕਦੀ ਪੰਜਾਬ ਨੂੰ ਲੁੱਟ ਕੇ ਵਾਪਸ ਮੁੜ ਜਾਂਦੇ, ਕਦੀ ਕਿਸੇ ਰਾਜੇ ਨੂੰ ਹਰਾ ਦਿੰਦੇ ਤੇ ਕਦੀ ਹਾਰ ਜਾਂਦੇ। ਹੌਲੀ ਹੌਲੀ ਉਨ੍ਹਾਂ ਦੇ ਪੈਰ ਪੰਜਾਬ/ ਭਾਰਤ ਵਿੱਚ ਜੰਮਣ ਲੱਗੇ। ਜਿੰਨੇ ਵੀ ਇਸਲਾਮਿਕ ਰਾਜੇ ਆਏ ਉਨ੍ਹਾਂ ਨੇ ਪੰਜਾਬ ਅਤੇ ਹਿੰਦੁਸਤਾਨ ਦੇ ਲੋਕਾਂ 'ਤੇ ਇਸਲਾਮ ਅਪਨਾਉਣ ਲਈ ਹਰ ਵਸੀਲਾ ਵਰਤਿਆ। ਚਾਹੇ ਉਹ ਲਾਲਚ ਹੋਵੇ ਜਾਂ ਜ਼ੁਲਮ। ਬਾਬਰ ਹਿੰਦੁਸਤਾਨ 'ਤੇ ਰਾਜ ਕਰਨ ਦੀ ਮਨਸ਼ਾ ਨਾਲ ਆਇਆ ਤੇ ਉਸ ਨੇ ਰਾਜ ਕੀਤਾ ਵੀ। ਉਸ ਨੇ ਤੇ ਉਸ ਤੋਂ ਬਾਅਦ ਦੇ ਰਾਜਿਆਂ ਨੇ ਵੀ (ਅਕਬਰ ਨੂੰ ਛੱਡਕੇ) ਇਸਲਾਮ ਦੀ ਪ੍ਰਫੁੱਲਤਾ ਲਈ ਹਰ ਹੱਥਕੰਡਾ ਵਰਤਿਆ।

ਪੰਜਾਬ ਦੀ ਬੋਲੀ ਪੰਜਾਬੀ 'ਤੇ ਇਸਲਾਮਕ ਰਾਜਿਆਂ ਦੀ ਆਮਦ ਕਾਰਨ ਅਰਬੀ ਤੇ ਫ਼ਾਰਸੀ ਨੇ ਪ੍ਰਭਾਵ ਪਾਇਆ। ਫ਼ਾਰਸੀ ਪੰਜਾਬ ਦੀ ਤੇ ਹਿੰਦੁਸਤਾਨ ਦੀ ਮੁੱਖ ਭਾਸ਼ਾ ਬਣ ਗਈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਫ਼ਾਰਸੀ ਹੀ ਦਫ਼ਤਰਾਂ ਦੀ ਭਾਸ਼ਾ ਸੀ। ਮਹਾਰਾਜਾ ਰਣਜੀਤ ਸਿੰਘ ਭਾਵੇਂ ਪੜ੍ਹਿਆ ਲਿਖਿਆ ਨਹੀਂ ਸੀ, ਪਰ ਕੁਝ ਫ਼ਾਰਸੀ ਬੋਲ ਲੈਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਫ਼ਾਰਸੀ ਦੇ ਬਹੁਤ ਚੰਗੇ ਕਵੀ ਸਨ ਤੇ ਉਨ੍ਹਾਂ ਨੇ ਜ਼ਫਰਨਾਮਾ ਵੀ ਫ਼ਾਰਸੀ ਵਿੱਚ ਲਿਖਿਆ। ਆਮ ਲੋਕਾਂ ਦੀ ਬੋਲੀ ਵਿੱਚ ਵੀ ਫਾਰਸੀ (ਉਰਦੂ) ਦੇ

> ਬੋਲੀ ਚਾਹੇ ਕੋਈ ਵੀ ਹੋਵੇ ਉਸ ਦੇ ਜਿਉਂਦਾ ਰਹਿਣ ਲਈ ਉਸ ਵਿੱਚ ਸਮੇਂ ਅਤੇ ਲੋੜ ਅਨੁਸਾਰ ਤਬਦੀਲੀ ਜ਼ਰੂਰੀ ਹੈ ਤੇ ਹੁੰਦੀ ਰਹਿੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਵੇਲੇ ਦੀ ਪੰਜਾਬੀ ਨੂੰ ਸਮਝਣਾ ਅੱਜ ਦੇ ਪੰਜਾਬੀਆਂ ਲਈ ਔਖਾ ਹੈ। ਕੁਝ ਇਤਿਹਾਸਕਾਰਾਂ ਅਨੁਸਾਰ ਪੰਜਾਬੀ ਵੈਦਿਕ ਕਾਲ ਤੋਂ ਹੀ ਬੋਲੀ ਜਾਂਦੀ ਸੀ, ਪਰ ਪੰਜਾਬੀ ਦਾ ਰੂਪ ਬਦਲਦਾ ਰਿਹਾ ਹੈ। ਉਸ ਤੋਂ ਬਾਅਦ ਕਈ ਸਾਰੀਆਂ ਬੋਲੀਆਂ ਪੰਜਾਬ ਅਤੇ ਨੇੜੇ ਦੇ ਵੱਖ ਵੱਖ ਖਿੱਤਿਆਂ ਵਿੱਚ ਪ੍ਰਫੁੱਲਿਤ ਹੋਈਆਂ।



# ਹੱਸਣਾ ਜ਼ਿੰਦਗੀ ਜਿਉਣ ਦਾ ਹੁਨਰ

ਕੁਦਰਤ ਤੇ ਰੱਬ ਇਕਮਿਕ ਹਨ। ਇਨ੍ਹਾਂ ਨੇ ਕਦੇ ਕੋਈ ਅਡੰਬਰ ਨਹੀਂ ਰਚਿਆ। ਫਿਰ ਵੀ ਚੰਦਰਮਾ ਦੀ ਚਾਨਣੀ ਤੇ ਤਾਰਿਆਂ ਦੀ ਜੜ੍ਹਤ ਸਾਡੇ ਮਨਾਂ ਨੂੰ ਖਿੱਚ ਪਾਉਂਦੀ ਹੈ। ਸੂਰਜ ਦਾ ਭਖ਼ਦਾ ਜੋਬਨ, ਹਜ਼ਾਰਾਂ ਪ੍ਰਾਣੀਆਂ, ਪੰਛੀਆਂ ਤੇ ਇਨਸਾਨਾਂ ਲਈ ਇੱਕ ਵੱਡਾ ਵਰਦਾਨ ਹੈ। ਜਿਸ ਤਰ੍ਹਾਂ ਕੁਦਰਤ ਸਾਦਗੀ ਨਾਲ ਵਰੋਸਾਈ ਹੈ, ਇੰਜ ਹੀ ਇਨਸਾਨ ਨੂੰ ਵੀ ਸਾਦਗੀ ਵਿੱਚ ਰਹਿ ਕੇ ਸੁਹੱਪਣ ਪੈਦਾ ਕਰਨਾ ਚਾਹੀਦਾ ਹੈ। ਇਹ ਸੁਹੱਪਣ ਤੁਹਾਡੇ ਰੰਗ-ਰੂਪ ਦਾ ਵੀ ਹੋਵੇ ਤੇ ਤੁਹਾਡੇ ਕੰਮਾਂ ਦਾ ਵੀ, ਤੁਹਾਡੀ ਕੀਰਤੀ ਦਾ ਵੀ ਹੋਵੇ ਤੇ ਤੁਹਾਡੀ ਚਿੱਤਰੀ ਤੇ ਸਿਰਜੀ ਸਿਰਜਣਾ ਦਾ ਵੀ ਹੋਵੇ।

ਜਿਸ ਨੇ ਜ਼ਿੰਦਗੀ ਜਿਉਣ ਦਾ ਹੁਨਰ ਨਹੀਂ ਸਿੱਖਿਆ, ਉਹ ਹਮੇਸ਼ਾਂ ਸ਼ਿਕਾਇਤਾਂ ਕਰਦਾ ਹੈ। ਸਦਾ ਤਪਿਆ ਤੇ ਖਪਿਆ ਰਹਿੰਦਾ ਹੈ। ਇੰਜ ਅਜਿਹੇ ਇਨਸਾਨ ਲਈ ਜ਼ਿੰਦਗੀ ਪਹਾੜੀ ਸਫ਼ਰ ਵਰਗੀ ਹੋ ਜਾਂਦੀ ਹੈ। ਤੁਰਦਿਆਂ-ਤੁਰਦਿਆਂ ਪੈਰਾਂ ਵਿੱਚ ਛਾਲੇ ਪੈ ਜਾਂਦੇ ਹਨ, ਪਰ ਸਫ਼ਰ ਨਹੀਂ ਮੁੱਕਦਾ। ਮੰਜ਼ਿਲ ਨਹੀਂ ਆਉਂਦੀ। ਇਸ ਲਈ ਇਹ ਜ਼ਰੂਰੀ ਹੈ ਕਿ ਇਨਸਾਨ ਜ਼ਿੰਦਗੀ ਜਿਉਣ ਦਾ ਹੁਨਰ ਜਾਣਦਾ ਹੋਵੇ। ਇਹ ਹੁਨਰ ਆਉਂਦਾ ਹੋਵੇ ਤਾਂ ਲੰਬੀਆਂ ਵਾਟਾਂ ਵੀ ਛੋਟੀਆਂ ਹੋ ਜਾਂਦੀਆਂ ਹਨ। ਔਖੇ ਪੈਂਡੇ ਵੀ ਸੌਖੇ ਬਣ ਜਾਂਦੇ ਹਨ ਤੇ ਕਈ ਵਾਰ ਜ਼ਿੰਦਗੀ ਦੀਆਂ ਮੁਸ਼ਕਲਾਂ ਵੀ ਮਨ-ਪ੍ਰਚਾਵੇ ਵਿੱਚ ਬਦਲ ਜਾਂਦੀਆਂ ਹਨ।

ਅਸੀਂ ਜਾਣਦੇ ਹਾਂ ਕਿ ਜਿਸ ਇਨਸਾਨ ਨੇ ਆਪਣੇ ਸਮੇਂ ਨੂੰ ਸਹੀ ਢੰਗ ਨਾਲ ਵਿਉਂਤਿਆ ਹੈ, ਉਹ ਹਮੇਸ਼ਾਂ ਤਰੱਕੀ ਕਰੇਗਾ। ਕੰਮ ਕਰਨ ਵੇਲੇ ਤਾਂ ਹਰ ਕੋਈ ਸੁਖੀ ਜਾਪਦਾ ਹੈ, ਪਰ ਵਿਹਲੇ ਵੇਲੇ ਵੀ ਅਜਿਹੇ ਹੁਨਰੀ ਬੰਦੇ ਕਈ ਅਜਿਹੇ ਸ਼ੁਗਲ ਤੇ ਕੰਮ ਵਿੱਢ ਲੈਂਦੇ ਹਨ ਜਿਨ੍ਹਾਂ ਨਾਲ ਆਮਦਨੀ ਵਿੱਚ ਵਾਧਾ ਹੋਵੇ। ਬਿਮਾਰੀ ਵੀ ਇਨਸਾਨ ਨੂੰ ਉਦੋਂ ਹੀ ਲੱਗਦੀ ਹੈ, ਜਦੋਂ ਕੋਈ ਇਨਸਾਨ ਬਿਮਾਰੀ ਬਾਰੇ ਸੋਚਦਾ ਰਹੇ। ਬਿਮਾਰੀ ਬਾਰੇ ਸੋਚ-ਸੋਚ ਕੇ ਚੰਗੀ-ਭਲੀ ਬੀਤ ਰਹੀ ਜ਼ਿੰਦਗੀ ਨੂੰ ਬਿਮਾਰੀਆਂ ਦੇ ਲੜ ਲਾ ਬੈਠੇ। ਹੁਨਰੀ ਇਨਸਾਨ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹੇਗਾ। ਕਦੇ ਅਜਿਹੇ ਇਨਸਾਨ ਦੇ ਮੱਥੇ ਵੱਟ ਨਹੀਂ ਪਏਗਾ। ਸਗੋਂ ਉਹ ਹਰ ਇਨਸਾਨ ਨੂੰ ਚੰਗੀ ਭਾਵਨਾ ਤੇ ਸ਼ੁਭ-ਇੱਛਾਵਾਂ ਵਰਗੀ ਨਜ਼ਰ ਨਾਲ ਤੱਕੇਗਾ, ਪਰ ਜ਼ਿੰਦਗੀ ਨੂੰ ਸਹਿਜ ਨਾਲ ਜਿਉਣ ਵਾਲੇ ਸਦਾ ਮੁਸਕਾਨਾਂ ਬਿਖੇਰਦੇ ਹਨ। ਸਵੇਰ ਵੇਲੇ ਉਨ੍ਹਾਂ ਨੂੰ ਇੰਜ ਲੱਗਦਾ ਹੈ ਕਿ ਜਿਵੇਂ ਨਵੇਂ ਦਿਨ ਦੀ ਦਸਤਕ ਨਾਲ ਉਹ ਨਵੇਂ-ਨਕੋਰ ਬਣ ਗਏ ਹੋਣ। ਅਨੇਕਾਂ ਪੰਛੀਆਂ ਦੀ ਚਹਿਚਹਾਟ ਨਾਲ ਸਵੇਰ ਦੀਆਂ ਘੰਟੀਆਂ ਹੋਰ ਵੀ ਰੰਗੀਨ ਹੋ ਜਾਂਦੀਆਂ ਹਨ। ਕਈ ਵਾਰ ਸਵੇਰ ਦੀ ਆਮਦ ਨਾਲ ਸਹਿਜ ਪਾਠ ਕਰਦਿਆਂ ਇਨਸਾਨ ਅਜਿਹੇ ਵਿਸਮਾਦ ਵਿੱਚ ਆ ਜਾਂਦਾ ਹੈ, ਜਿਵੇਂ ਰੱਬੀ ਬਰਕਤਾਂ ਉਸ ਦੀ ਝੋਲੀ ਵਿੱਚ ਸਮਾਅ ਜਾਣ ਤੇ ਇੰਜ ਨਿੱਕੇ-ਨਿੱਕੇ ਖ਼ੁਸ਼ ਹੋਣ ਦੇ ਬਹਾਨੇ ਲੱਭ ਕੇ ਉਹ ਜ਼ਿੰਦਗੀ ਨੂੰ ਤਰੋ-ਤਾਜ਼ਾ ਬਣਾਈ ਰੱਖਦਾ ਹੈ।

ਵੇਖਿਆ ਗਿਆ ਹੈ ਕਿ ਜਿਹੜੇ ਇਨਸਾਨ, ਵਿਹਲ ਨੂੰ ਵਿਹਲ ਵਾਂਗ ਗੁਜ਼ਾਰਨ ਤੇ ਕੰਮ ਵੇਲੇ ਕੰਮ ਕਰਨ, ਉਹ ਕਦੇ ਨਹੀਂ ਅੱਕਦੇ ਜਾਂ ਥੱਕਦੇ। ਅਜਿਹੇ ਇਨਸਾਨ ਮੁਸ਼ਕਲਾਂ ਦਾ ਹੱਲ ਕੱਢ ਲੈਂਦੇ ਹਨ, ਪਰ ਫਾਰਮੂਲੇ ਬਣਾ ਕੇ ਜ਼ਿੰਦਗੀ ਨੂੰ ਨਹੀਂ ਗੁਜ਼ਾਰਿਆ ਜਾ ਸਕਦਾ। ਜਿਹੜੇ ਕੇਵਲ ਲਾਭ/ਹਾਨੀ ਦੇ ਪੱਖੋਂ ਹੀ ਸੋਚਦੇ ਹਨ, ਉਹ ਜ਼ਿੰਦਗੀ ਦੀਆਂ ਬਰਕਤਾਂ ਤੋਂ ਕੋਰੇ ਰਹਿ ਜਾਂਦੇ ਹਨ। ਉਨ੍ਹਾਂ ਨੇ ਤਾਂ ਹਰ ਵੇਲੇ ਪਾਈ-ਪਾਈ ਬਾਰੇ ਸੋਚੀ ਜਾਣਾ ਹੈ। ਇੰਜ ਲੱਗਦਾ ਹੈ ਜਿਵੇਂ ਬੇ-ਥਾਹ ਧਨ ਆਉਣ ਦੇ ਨਾਲ ਉਹ ਜ਼ਿੰਦਗੀ ਜਿਉਣੀ ਭੁੱਲ ਗਏ ਹਨ।

ਹੱਸਣਾ ਜ਼ਿੰਦਗੀ ਜਿਉਣ ਦਾ ਹੁਨਰ ਹੈ। ਜਿਸ ਦੇ ਚਿਹਰੇ 'ਤੇ ਹਾਸਾ ਬਿਖਰਿਆ ਹੋਵੇ, ਵੇਖਣ ਵਾਲੇ ਉਸੇ ਪਾਸੇ ਝਾਕਦੇ ਹਨ। ਇਸੇ ਲਈ ਸੁੰਦਰਤਾ ਦੀ ਦੇਵੀ ਕੇਵਲ ਖੁਸ਼ ਰਹਿੰਦੇ ਚਿਹਰੇ 'ਤੇ ਨਿਵਾਸ ਕਰਦੀ ਹੈ। ਕਈ ਵਾਰ ਇਹ ਵੀ ਵੇਖਿਆ ਗਿਆ ਹੈ ਕਿ ਇੱਕ ਸਾਧਾਰਨ ਚਿਹਰੇ ਨੂੰ ਵੀ ਹਾਸਾ ਤੇ ਖੇੜਾ ਕਿੰਨੀ ਸੁੰਦਰ ਛਬ ਬਖ਼ਸ਼ ਦਿੰਦਾ ਹੈ। ਸਾਧਾਰਨ ਨੈਣ-ਨਕਸ਼ ਵਾਲੇ ਕਾਲੇ ਲੋਕ ਵੀ ਇਸ ਹਾਸੇ ਕਾਰਨ ਖ਼ੂਬਸੂਰਤ ਲੱਗਦੇ ਹਨ। ਫਿਰ ਆਦਿਵਾਸੀ ਪਰਿਵਾਰਾਂ ਦੇ ਤੁਰਦੇ-ਫਿਰਦੇ ਟੱਬਰ ਵੀ ਇਸੇ ਹਾਸੇ ਕਾਰਨ ਆਪਣੀ ਜ਼ਿੰਦਗੀ ਦਾ ਬਸਰ ਬੜੇ ਹੀ ਨਿਰਾਲੇ ਤੇ ਅਨੋਖੇ ਢੰਗ ਨਾਲ ਕਰਦੇ ਹਨ। ਦਰਅਸਲ, ਹਾਸਾ ਰੂਹ ਦੀ ਪੁਸ਼ਾਕ ਹੈ। ਜੇ ਉਹ ਖਿੜੀ ਹੋਵੇ ਤਾਂ ਹਾਸਾ ਆਪਣੇ-ਆਪ ਸਾਡੇ ਬੁੱਲ੍ਹਾਂ 'ਤੇ ਆ ਜਾਂਦਾ ਹੈ। ਹੱਸਦਾ ਵਿਅਕਤੀ ਭਾਵੇਂ ਕੋਈ ਸਾਧਾਰਨ ਕਾਮਾ ਜਾਂ ਮਜ਼ਦੂਰ ਹੀ ਕਿਉਂ ਨਾ ਹੋਵੇ, ਸਾਨੂੰ ਆਪਣੀ ਦਿੱਖ ਨਾਲ ਪ੍ਰਭਾਵਿਤ ਕਰਦਾ ਹੈ।

ਕਈ ਵਾਰ ਸਾਡੇ ਚਿਹਰੇ ਦੀ ਦਿੱਖ ਹੀ ਦੱਸ ਦਿੰਦੀ ਹੈ ਕਿ ਅਸੀਂ ਕਿੰਨੇ ਕੁ ਖੁਸ਼ ਹਾਂ। ਚਿਹਰੇ ਦੀ ਇੱਕ ਤੱਕਣੀ ਸਾਡੀ ਕਿਸਮਤ ਬਦਲ ਸਕਦੀ ਹੈ। ਸਲੀਕੇ, ਵਿਹਾਰ, ਬੋਲ-ਚਾਲ ਤੇ ਮਿੱਠੀ ਆਓ ਭਗਤ ਕਾਰਨ ਦੁਕਾਨਾਂ ਦੀ ਸੇਲ 'ਤੇ ਵੱਡਾ ਅਸਰ ਪੈਂਦਾ ਹੈ। ਥਾਂ-ਪੁਰ-ਥਾਂ ਮੁਟਿਆਰਾਂ ਅੱਜ ਵੱਡੇ-ਸਟੋਰਾਂ, ਟਰੈਵਲ-ਏਜੰਟਾਂ ਦੇ ਕਾਰੋਬਾਰਾਂ ਤੇ ਮਨੀ-ਟਰਾਂਸਫਰ ਤੇ ਸਾਰੇ ਦਫ਼ਤਰਾਂ 'ਤੇ ਰਾਜ ਕਰਦੀਆਂ ਹਨ। ਇਹ ਸਾਰਾ ਕ੍ਰਿਸ਼ਮਾ ਇਨ੍ਹਾਂ ਦੀ ਸੁੰਦਰਤਾ ਤੇ ਖੁਸ਼-ਰਹਿਣੀ ਤਬੀਅਤ ਕਾਰਨ ਹੈ। ਅੱਜ ਦੇ ਨਵੇਂ ਯੁੱਗ ਵਿੱਚ ਵੱਡੇ ਵੱਡੇ ਸਟੋਰਾਂ, ਕਾਰਖਾਨਿਆਂ ਤੇ ਹੋਟਲਾਂ ਵਿੱਚ ਵੱਜਦਾ ਸੰਗੀਤ ਤੇ ਲੋਰ-ਭਰੇ ਗਾਣੇ ਸੁੱਤੇ-ਸਿੱਧ ਹੀ ਗਾਹਕਾਂ ਨੂੰ ਆਪਣੇ ਵੱਲ ਖਿੱਚਦੇ ਹਨ। ਚੁੱਪ-ਚਾਪ ਠੰਢਾ-ਠੰਢਾ ਵੱਜਦਾ ਸੰਗੀਤ ਵੀ ਕੰਮ 'ਤੇ ਸੁਖਾਵਾਂ ਅਸਰ ਕਰਦਾ ਹੈ।

ਇਹ ਵੀ ਇੱਕ ਸੱਚਾਈ ਹੈ ਕਿ ਚਿਹਰੇ 'ਤੇ ਮੁਸਕਰਾਹਟ ਤਦ ਹੀ ਆ ਸਕਦੀ ਹੈ ਜੇ ਸਾਡੀ ਤਬੀਅਤ ਖੁਸ਼ ਹੋਵੇ। ਸਾਡੇ ਵਿਚਾਰ ਕਿਸੇ ਤਾਲ ਵਿੱਚ ਵੱਜੇ ਹੋਣ। ਸਾਡੀ ਸੋਚਣੀ ਜ਼ਿੰਦਗੀ ਦੀ ਚੜ੍ਹਦੀ ਕਲਾ ਵੱਲ ਹੋਵੇ। ਅਸੀਂ ਸਾਰੀ ਕਾਇਨਾਤ ਦਾ ਭਲਾ ਚਾਹੁੰਦੇ ਹੋਈਏ। ਸਾਡਾ ਰਵੱਈਆ ਸਭਨਾਂ ਲਈ 'ਜੀ ਆਇਆਂ ਨੂੰ' ਕਹਿਣ ਵਾਲਾ ਹੋਵੇ। ਬਲਕਿ ਅਸੀਂ ਰੱਬ ਦੀ ਸਿਰਜੀ ਸਾਰੀ ਦੁਨੀਆ ਤੇ ਪੂਰੇ ਸੰਸਾਰ ਲਈ ਖੁਸ਼ੀ ਮੰਗਦੇ ਹੋਈਏ। ਸਾਡੇ ਲਈ ਪੰਛੀ-ਪਰਿੰਦੇ ਵੀ ਸਾਡੀ ਕਾਇਨਾਤ ਦਾ ਇੱਕ ਹਿੱਸਾ ਹੋਣ ਤੇ ਅਸੀਂ ਕੁਦਰਤ ਮਣੀ ਨੂੰ ਆਪਣੇ ਮਨਾਂ ਦੀ ਰਾਜ਼ਦਾਨ ਤੇ ਪਟਰਾਣੀ ਸਮਝੀਏ। ਸਾਡੇ ਲਈ ਫੁੱਲਾਂ-ਭਰੇ ਪੌਦੇ ਤੇ ਖਿੜੇ ਬਾਗ਼ ਖੁਸ਼ੀਆਂ ਦੇ ਸੋਮੇ ਤੇ ਬਹਾਰਾਂ ਦੀ ਖ਼ੂਬਸੂਰਤ ਸੌਗਾਤ ਹੋ ਨਿੱਬੜਨ ਜਿਵੇਂ ਕੋਈ ਮਾਲੀ ਆਪਣੇ ਅੱਧ-ਸੁੱਕੇ ਬਾਗ਼ ਨੂੰ ਵੇਲਾਂ ਦੀ ਕਾਂਟ-ਛਾਂਟ ਕਰਕੇ ਫਿਰ ਤੋਂ ਹਰੀਆਂ ਭਰੀਆਂ ਕਰ ਲੈਂਦਾ ਹੈ। ਇੰਜ ਹੀ ਤੁਹਾਨੂੰ ਵੀ ਆਪਣੀ ਜ਼ਿੰਦਗੀ ਦੇ ਰੁੱਖ ਨੂੰ ਫਿਰ ਤੋਂ ਨਵਾਂ-ਨਰੋਆ ਤੇ ਹਰਾ-ਭਰਾ ਕਰਨਾ ਲੋੜੀਂਦਾ ਹੈ। ਇਸ ਰੁੱਖ ਦੀ ਕਾਂਟ-ਛਾਂਟ ਜ਼ਰੂਰੀ ਹੈ। ਮਾਲੀ ਤਾਂ ਅੰਗੂਰਾਂ ਦੀਆਂ ਵੇਲਾਂ ਨੂੰ ਹਰ ਸਾਲ ਕੱਟਦਾ ਤੇ ਤਰਾਸ਼ਦਾ ਹੈ। ਇੰਜ ਹੀ ਜ਼ਿੰਦਗੀ ਦੇ ਰੁੱਖ ਨੂੰ ਹਰਿਆ-ਭਰਿਆ ਕਰਨ ਲਈ ਆਪਣੀਆਂ ਬੇਲੋੜੀਆਂ ਚਾਹਨਾਂ ਵੀ ਤਿਆਗ ਦੇਈਏ, ਸਾਦੇ, ਸਾਫ਼ ਤੇ ਪਾਕ-ਜਜ਼ਬਾਤਾਂ ਨਾਲ ਇਸ ਰੁੱਖ 'ਤੇ ਅਜਿਹੀ ਪਾਣ ਚਾੜ੍ਹੋ ਕਿ ਰੁੱਖ ਫੁੱਲਾਂ ਨਾਲ ਲੱਦਿਆ ਜਾਵੇ ਤੇ ਜ਼ਿੰਦਗੀ ਦੀ ਮਹਿਕ, ਇਸ ਦੀ ਰਗ-ਰਗ ਵਿੱਚ ਸਮਾਅ ਜਾਵੇ।

ਜਿੰਨੇ ਵੀ ਸਾਲ ਤੁਸੀਂ ਜਿਉਣਾ ਹੈ, ਹੱਸ ਕੇ ਗੁਜ਼ਾਰੋ ਤੇ ਮਿੱਤਰਾਂ ਵਿੱਚ ਹਾਸੇ ਵੰਡੋ। ਤਦ ਹੀ ਤੁਹਾਡੀ ਇਸ ਰੁੱਖੀ, ਸੁੱਕੀ ਤੇ ਬੇ-ਰੌਣਕ ਜ਼ਿੰਦਗੀ ਵਿੱਚ ਬਹਾਰ ਆ ਸਕਦੀ ਹੈ। ਤਦ ਹੀ ਤੁਹਾਡੇ ਕੰਨੀਂ ਚਹਿਕਦੇ ਪੰਛੀਆਂ ਦੇ ਗੀਤ ਸੁਣ ਸਕਦੇ ਹਨ। ਸੂਰਜ ਦੀਆਂ ਸੁਨਹਿਰੀ ਕਿਰਨਾਂ ਤੁਹਾਡਾ ਭਾਗ ਬਣ ਸਕਦੀਆਂ ਹਨ। ਸਿਰਫ਼ ਏਨਾ ਖਿਆਲ ਰੱਖੋ ਕਿ ਤੁਹਾਡੇ ਹਿਰਦੇ ਵਿੱਚ ਸੁਹਿਰਦਤਾ ਦੇ ਬੀਜ ਹੋਣ ਤੇ ਤੁਹਾਡੇ ਚਿਹਰੇ 'ਤੇ ਹਾਸਿਆਂ ਦੀ ਬਹਿਸ਼ਤ।



**ਅਜੀਤ ਸਿੰਘ ਚੰਦਨ**
97818-05861

# ਪੰਜਾਬ ਸਰਕਾਰ ਨੌਜਵਾਨਾਂ ਨਾਲ ਕਰ ਰਹੀ ਹੈ ਧੋਖਾ : ਨਾਇਬ ਸਿੰਘ ਸੈਣੀ

## ਐਕਸਾਈਜ਼ ਇੰਸਪੈਕਟਰ ਦੇ ਪ੍ਰੀਖਿਆ ਨਤੀਜੇ ਅਤੇ ਫਾਰਮੇਸੀ ਦੇ ਪੇਪਰ ਲੀਕ ਮਾਮਲੇ ਵਿੱਚ ਸਰਕਾਰ ਨੂੰ ਘੇਰਿਆ

**ਫਗਵਾੜਾ 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਵਿੱਚ 'ਆਪ' ਪਾਰਟੀ ਦੀ ਸਰਕਾਰ 'ਤੇ ਨੌਜਵਾਨਾਂ ਨਾਲ ਧੋਖਾ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਹਾਲ ਹੀ ਵਿੱਚ ਪੰਜਾਬ ਵਿੱਚ ਐਕਸਾਈਜ਼ ਇੰਸਪੈਕਟਰ ਦੇ ਪ੍ਰੀਖਿਆ ਨਤੀਜੇ ਵਿੱਚ ਭਾਰੀ ਗੜਬੜੀ ਹੋਈ ਹੈ, ਪਾਸ ਹੋਏ ਨੌਜਵਾਨਾਂ ਦੇ ਨਾਮ ਅਜੀਬੋ-ਗ਼ਰੀਬ ਹਨ। ਇਸ ਦੇ ਨਾਲ ਹੀ ਹੋਰ ਤਰ੍ਹਾਂ ਦੀਆਂ ਗੜਬੜੀਆਂ ਸਾਹਮਣੇ ਆਈਆਂ ਹਨ। ਇੰਨਾ ਹੀ ਨਹੀਂ, ਚਾਰ ਦਿਨ ਪਹਿਲਾਂ ਪੰਜਾਬ ਸਰਕਾਰ ਵੱਲੋਂ ਕਰਵਾਇਆ ਗਿਆ ਫਾਰਮੇਸੀ ਦਾ ਪੇਪਰ ਵੀ ਲੀਕ ਹੋਇਆ ਹੈ ਜੋ ਕਿ 'ਆਪ' ਪਾਰਟੀ ਦੀ ਸਰਕਾਰ ਦਾ ਪ੍ਰਤਿਭਾਵਾਨ ਨੌਜਵਾਨਾਂ ਨਾਲ ਧੋਖਾ ਹੈ।

ਸ੍ਰੀ ਨਾਇਬ ਸਿੰਘ ਸੈਣੀ ਪੰਜਾਬ ਦੇ ਫਗਵਾੜਾ ਵਿੱਚ ਆਯੋਜਿਤ ਖ਼ੂਨਦਾਨ ਕੈਂਪ ਅਤੇ ਐਂਬੂਲੈਂਸ ਦੇ ਲੋਕਾਰਪਣ ਪ੍ਰੋਗਰਾਮ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ ਸਾਬਕਾ ਕੇਂਦਰੀ ਮੰਤਰੀ ਸ੍ਰੀ ਵਿਜੇ ਸਾਂਪਲਾ, ਰਾਜ ਸਭਾ ਮੈਂਬਰ ਸ੍ਰੀ ਅਸ਼ੋਕ ਮਿੱਤਲ, ਸੰਤ ਗੁਰਚਰਨ ਸਿੰਘ ਪਾਂਡਵਾ ਤੋਂ ਇਲਾਵਾ ਹੋਰ ਮਾਣਯੋਗ ਵਿਅਕਤੀ ਮੌਜੂਦ ਸਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪ੍ਰੋਗਰਾਮ ਦੇ ਆਯੋਜਕ ਸਾਂਪਲਾ ਫਾਊਂਡੇਸ਼ਨ ਅਤੇ ਨਵਿਆ ਹੈਲਪਿੰਗ ਹੈਂਡਸ ਦੀ ਸੇਵਾ ਭਾਵਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸੇਵਾ ਨੂੰ ਆਪਣਾ ਮਿਸ਼ਨ ਬਣਾਇਆ ਹੈ। ਸਮਾਜ ਵਿੱਚ ਅਜਿਹੀਆਂ ਅਦਾਰਿਆਂ ਦੀ ਗਿਣਤੀ ਜਿੰਨੀ ਵਧੇਗੀ, ਸਾਡਾ ਦੇਸ਼ ਓਨਾ ਹੀ ਮਜ਼ਬੂਤ ਬਣੇਗਾ। ਉਨ੍ਹਾਂ ਮਾਸੂਮ ਬੇਟੀ ਨਵਿਆ ਨੂੰ ਸਮੇਂ ਤੋਂ ਪਹਿਲਾਂ ਖੋਹ ਦੇਣ ਦੀ ਡੂੰਘੀ ਪੀੜ ਪ੍ਰਗਟ ਕਰਦਿਆਂ ਉਨ੍ਹਾਂ ਦੇ ਪਰਿਵਾਰ ਵੱਲੋਂ ਉਸਦੀ ਯਾਦ ਵਿੱਚ ਕੀਤੀ ਜਾ ਰਹੀ ਸੇਵਾ ਦੀ ਵਿਰਾਟ ਸਾਧਨਾ ਨੂੰ ਨਮਨ ਕੀਤਾ।

ਉਨ੍ਹਾਂ ਨੌਜਵਾਨਾਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਖ਼ੂਨ ਦੀ ਕੋਈ ਫ਼ੈਕਟਰੀ ਨਹੀਂ ਹੁੰਦੀ। ਇਸਨੂੰ ਕਿਸੇ ਮਸ਼ੀਨ ਵਿੱਚ ਤਿਆਰ ਨਹੀਂ ਕੀਤਾ ਜਾ ਸਕਦਾ। ਵਿਗਿਆਨ ਨੇ ਬਹੁਤ ਤਰੱਕੀ ਕੀਤੀ ਹੈ, ਪਰ ਖ਼ੂਨ ਦਾ ਨਿਰਮਾਣ ਸਿਰਫ਼ ਮਨੁੱਖੀ ਸਰੀਰ ਵਿੱਚ ਹੁੰਦਾ ਹੈ। ਲੋੜਵੰਦ ਤੱਕ ਇਹ ਤਾਂਹੀ ਪਹੁੰਚਦਾ ਹੈ, ਜਦੋਂ ਕੋਈ ਖ਼ੂਨਦਾਨ ਕਰਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀ ਧਰਤੀ ਵੀਰਾਂ ਦੀ ਧਰਤੀ ਹੈ। ਸੇਵਾ ਅਤੇ ਕੁਰਬਾਨੀ ਦੀ ਧਰਤੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਤਿਆਗ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਹਾਦਰੀ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਬਲਿਦਾਨ ਸਾਨੂੰ ਸਿਖਾਉਂਦਾ ਹੈ ਕਿ ਜੀਵਨ ਦੀ ਮਹਾਨਤਾ ਉਸਦੇ ਉਦੇਸ਼ ਵਿੱਚ ਹੁੰਦੀ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ 'ਕਾਰਗਿਲ ਵਿਜੇ ਦਿਵਸ' 'ਤੇ ਉਨ੍ਹਾਂ ਵੀਰ ਸੈਨਿਕਾਂ ਨੂੰ ਵੀ ਸ਼ਰਧਾਪੂਰਵਕ ਨਮਨ ਕੀਤਾ, ਜਿਨ੍ਹਾਂ ਨੇ ਭਾਰਤ ਮਾਂ ਦੀ ਰੱਖਿਆ ਕਰਦਿਆਂ ਆਪਣੇ ਜੀਵਨ ਦਾ ਸਰਵਉੱਚ ਬਲਿਦਾਨ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਾਡੇ ਵੀਰ ਜਵਾਨਾਂ ਨੇ ਆਪਣਾ ਖ਼ੂਨ ਦੇ ਕੇ ਰਾਸ਼ਟਰ ਦੀਆਂ ਸਰਹੱਦਾਂ ਦੀ ਰੱਖਿਆ ਕੀਤੀ ਅਤੇ ਅੱਜ ਸਾਡੇ ਖ਼ੂਨਦਾਨੀ ਆਪਣਾ ਖ਼ੂਨ ਦੇ ਕੇ ਮਨੁੱਖੀ ਜੀਵਨ ਦੀ ਰੱਖਿਆ ਕਰਨ ਦਾ ਸੰਕਲਪ ਲੈ ਰਹੇ ਹਨ। ਇੱਕ ਪਾਸੇ ਰਾਸ਼ਟਰ ਰੱਖਿਆ ਦਾ ਅਦੁੱਤੀ ਸਾਹਸ ਹੈ, ਦੂਜੇ ਪਾਸੇ ਜੀਵਨ ਰੱਖਿਆ ਦੀ ਅਨੁਪਮ ਕਰੁਣਾ ਹੈ। ਦੋਵਾਂ ਦੇ ਮੂਲ ਵਿੱਚ ਤਿਆਗ ਹੈ, ਕਰਤੱਵ ਹੈ ਅਤੇ ਆਪਣੇ ਤੋਂ ਪਹਿਲਾਂ ਦੂਜਿਆਂ ਨੂੰ ਰੱਖਣ ਦੀ ਮਹਾਨ ਭਾਵਨਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਸਰਕਾਰ ਵੱਲੋਂ ਨਸ਼ੇ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਨੌਜਵਾਨਾਂ ਨੂੰ ਮੈਰਾਥਨ ਅਤੇ ਹੋਰ ਗਤੀਵਿਧੀਆਂ ਰਾਹੀਂ ਜਾਗਰੂਕ ਕੀਤਾ ਜਾ ਰਿਹਾ ਹੈ, ਕਿਉਂਕਿ ਜੇਕਰ ਇੱਕ ਨੌਜਵਾਨ ਨਸ਼ਾ ਕਰਦਾ ਹੈ ਤਾਂ ਉਸਦੇ ਪਰਿਵਾਰ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਉਹ ਗ਼ਰੀਬੀ ਦੇ ਦਲਦਲ ਵਿੱਚ ਧੱਸਦਾ ਜਾਂਦਾ ਹੈ। ਉਨ੍ਹਾਂ ਸਰਕਾਰ ਵੱਲੋਂ ਹਰਿਆਣਾ ਵਿੱਚ ਚਲਾਈਆਂ ਗਈਆਂ ਯੋਜਨਾਵਾਂ ਦਾ ਵਰਨਣ ਕਰਦਿਆਂ ਕਿਹਾ ਕਿ ਇੱਕ ਲੱਖ ਅੱਸੀ ਹਜ਼ਾਰ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੀਆਂ ਮਹਿਲਾਵਾਂ ਨੂੰ ਮਹਿਜ਼ 500 ਰੁਪਏ ਵਿੱਚ ਗੈਸ ਸਿਲੰਡਰ ਉਪਲਬਧ ਕਰਵਾਇਆ ਜਾ ਰਿਹਾ ਹੈ, ਲਾਡੋ ਲੱਛਮੀ ਯੋਜਨਾ ਤਹਿਤ ਯੋਗ ਮਹਿਲਾ ਨੂੰ 2100 ਰੁਪਏ ਪ੍ਰਤੀ ਮਹੀਨਾ ਦਿੱਤੇ ਜਾ ਰਹੇ ਹਨ। ਕਿਸਾਨਾਂ ਦੀਆਂ 24 ਫ਼ਸਲਾਂ ਨੂੰ ਐਮ.ਐਸ.ਪੀ. 'ਤੇ ਖ਼ਰੀਦਿਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿੱਚ ਨੌਜਵਾਨਾਂ ਨੂੰ ਬਿਨਾਂ ਪਰਚੀ-ਖਰਚੀ ਮੈਰਿਟ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਦੋ ਦਿਨ ਪਹਿਲਾਂ ਜਿਹੜਾ ਜੇ.ਬੀ.ਟੀ. ਅਧਿਆਪਕਾਂ ਦਾ ਪ੍ਰੀਖਿਆ ਨਤੀਜਾ ਆਇਆ ਹੈ, ਉਸ ਵਿੱਚ 1500 ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਨੌਕਰੀ ਮਿਲੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਸਾਰੇ ਵਰਗ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਨੀਤੀਆਂ ਤੋਂ ਖ਼ੁਸ਼ ਹਨ।

# ਯੁਵਾ ਪੀੜ੍ਹੀ ਨੂੰ ਪ੍ਰੇਰਿਤ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੁਨਰਮੰਦ ਲੋਕਾਂ ਦੇ ਹੁਨਰ ਨੂੰ ਕੀਤਾ ਸਾਂਝਾ: ਮੁੱਖ ਮੰਤਰੀ




**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਦੇਸ਼ ਦੀ ਯੁਵਾ ਪੀੜ੍ਹੀ ਨੂੰ ਪ੍ਰੇਰਿਤ ਕਰਨ ਲਈ ਹੁਨਰਮੰਦ ਲੋਕਾਂ ਦੇ ਹੁਨਰ ਨੂੰ 'ਮਨ ਕੀ ਬਾਤ' ਪ੍ਰੋਗਰਾਮ ਦੌਰਾਨ ਸਾਂਝਾ ਕੀਤਾ। ਪ੍ਰਧਾਨ ਮੰਤਰੀ ਹਰ ਮਹੀਨੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਅਜਿਹੇ ਲੋਕਾਂ ਦੇ ਹੁਨਰ ਨੂੰ ਸਾਂਝਾ ਕਰਦੇ ਹਨ, ਜੋ ਦੂਜੇ ਲੋਕਾਂ ਨੂੰ ਆਤਮ-ਨਿਰਭਰ ਬਣਨ ਲਈ ਸਵੈ-ਰੁਜ਼ਗਾਰ ਸ਼ੁਰੂ ਕਰਨ ਦਾ ਹੌਂਸਲਾ ਦਿੰਦੇ ਹਨ। ਇਹ ਕਦਮ ਪ੍ਰਧਾਨ ਮੰਤਰੀ ਦੇ ਵਿਕਸਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਅਹਿਮ ਕੜੀ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਐਤਵਾਰ ਨੂੰ ਕੁਰੂਕਸ਼ੇਤਰ ਦੇ ਲਾਡਵਾ ਵਿਧਾਨਸਭਾ ਖੇਤਰ ਦੇ ਆਈ.ਜੀ.ਐਨ. ਕਾਲਜ ਵਿੱਚ ਸਥਿਤ ਧਨੌਰਾ ਜਾਟਾਨ ਬੂਥ 'ਤੇ ਪ੍ਰਧਾਨ ਮੰਤਰੀ ਦੇ 'ਮਨ ਕੀ ਬਾਤ' ਪ੍ਰੋਗਰਾਮ ਨੂੰ ਨਾਗਰਿਕਾਂ ਨਾਲ ਸੁਣਿਆ। ਇਸ ਤੋਂ ਬਾਅਦ ਉਨ੍ਹਾਂ ਨੇ ਨਾਗਰਿਕਾਂ ਨਾਲ ਇਸ ਵਿਸ਼ੇ 'ਤੇ ਚਰਚਾ ਵੀ ਕੀਤੀ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ 'ਕਾਰਗਿਲ ਵਿਜੇ ਦਿਵਸ' 'ਤੇ ਵੱਖ-ਵੱਖ ਖੇਡਾਂ ਦੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ। ਇਸ ਦੇ ਨਾਲ ਹੀ 'ਇੱਕ ਰੁੱਖ ਮਾਂ ਦੇ ਨਾਮ' ਲਗਾਉਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ 1 ਕਰੋੜ 86 ਲੱਖ ਬੂਟੇ ਲਗਾਉਣ ਦਾ ਟੀਚਾ ਤੈਅ ਕੀਤਾ ਹੈ। ਇਸ ਟੀਚੇ ਨੂੰ ਪੂਰਾ ਕਰਨ ਲਈ ਸੂਬੇ ਦੇ ਵੱਖ-ਵੱਖ ਖੇਤਰਾਂ ਵਿੱਚ ਬੂਟੇ ਲਗਾਏ ਜਾ ਰਹੇ ਹਨ। ਮੁੱਖ ਮੰਤਰੀ ਨੇ ਆਮ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਪਰਿਵਾਰ ਵਿੱਚ ਕਿਸੇ ਖ਼ੁਸ਼ੀ ਦੇ ਮੌਕੇ ਜਿਵੇਂ ਜਨਮਦਿਨ, ਵਿਆਹ ਦੀ ਵਰ੍ਹੇਗੰਢ ਆਦਿ 'ਤੇ ਬੂਟਾ ਜ਼ਰੂਰ ਲਗਾਓ।

ਇਸ ਮੌਕੇ ਸਾਬਕਾ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ, ਡਿਪਟੀ ਕਮਿਸ਼ਨਰ ਸ੍ਰੀ ਵਿਸ਼ਰਾ ? ਕੁਮਾਰ ਮੀਣਾ, ਪੁਲਿਸ ਸੁਪਰਡੈਂਟ ਸ੍ਰੀ ਚੰਦਰ ਮੋਹਨ, ਏ.ਡੀ.ਸੀ. ਸ੍ਰੀ ਵਿਵੇਕ ਆਰੀਆ, ਐਸ.ਡੀ.ਐਮ. ਸ੍ਰੀ ਅਨੁਭਵ ਮਹਿਤਾ, ਚੇਅਰਮੈਨ ਸ੍ਰੀ ਸੁਭਾਸ਼ ਕਲਸਾਨਾ, ਭਾਜਪਾ ਦੇ ਸੀਨੀਅਰ ਨੇਤਾ ਸ੍ਰੀ ਜੈਭਗਵਾਨ ਸ਼ਰਮਾ ਡੀਡੀ, ਚੇਅਰਮੈਨ ਸ੍ਰੀ ਗੁਰਨਾਮ ਸੈਣੀ, ਸ੍ਰੀ ਰਵਿੰਦਰ ਸਾਂਗਵਾਨ, ਜ਼ਿਲ੍ਹਾ ਪ੍ਰਧਾਨ ਸ੍ਰੀ ਰਮੇਸ਼ ਸੈਣੀ, ਚੇਅਰਪਰਸਨ ਸਾਕਸ਼ੀ ਖੁਰਾਨਾ ਸਮੇਤ ਪਤਵੰਤੇ ਮੌਜੂਦ ਸਨ।

# ਮੁੱਖ ਮੰਤਰੀ ਨੇ 'ਇੱਕ ਪੇੜ ਮਾਂ ਦੇ ਨਾਮ' ਮੁਹਿੰਮ ਤਹਿਤ ਕੀਤਾ ਪੌਧਾਰੋਪਣ

**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਯਮੁਨਾਨਗਰ ਵਿੱਚ ਆਯੋਜਿਤ 'ਨਸ਼ੇ ਸੇ ਜੰਗ-ਯਮੁਨਾਨਗਰ ਕੇ ਸੰਗ' ਪ੍ਰੋਗਰਾਮ ਤੋਂ ਬਾਅਦ ਪੁਲਿਸ ਲਾਈਨ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਪ੍ਰੇਰਣਾ ਨਾਲ ਚਲਾਏ ਜਾ ਰਹੇ 'ਇੱਕ ਰੁੱਖ ਮਾਂ ਦੇ ਨਾਮ' ਮੁਹਿੰਮ ਤਹਿਤ ਪੌਦਾ ਲਗਾਇਆ। ਮੁੱਖ ਮੰਤਰੀ ਨੇ ਇਸ ਦੌਰਾਨ ਸੂਬਾ ਵਾਸੀਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਦਾ ਸੁਨੇਹਾ ਦਿੱਤਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਬੂਟੇ ਸਿਰਫ਼ ਵਾਤਾਵਰਣ ਨੂੰ ਸਾਫ਼ ਰੱਖਣ ਦਾ ਮਾਧਿਅਮ ਨਹੀਂ ਹਨ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਅਤੇ ਸਿਹਤਮੰਦ ਭਵਿੱਖ ਦੀ ਅਨਮੋਲ ਧਰੋਹਰ ਵੀ ਹਨ। ਉਨ੍ਹਾਂ ਕਿਹਾ ਕਿ ਹਰ ਨਾਗਰਿਕ ਨੂੰ ਆਪਣੇ ਜੀਵਨ ਵਿੱਚ ਘੱਟੋ-ਘੱਟ ਇੱਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ ਅਤੇ ਉਸਦੀ ਦੇਖਭਾਲ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੁਦਰਤ ਦ ਸਰੰਖਣ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਲੋਕਾਂ ਦੀ ਸਾਏਦਾਰੀ ਨਾਲ ਹੀ ਹਰਿਆਣਾ ਨੂੰ ਹੋਰ ਹਰਿਆ-ਭਰਿਆ ਅਤੇ ਵਾਤਾਵਰਣ ਦੇ ਅਨੁਕੂਲ ਬਣਾਇਆ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਪੁਲਿਸ ਲਾਈਨ ਯਮੁਨਾਨਗਰ ਕੈਂਪਸ ਵਿੱਚ ਵਿਸ਼ੇਸ਼ ਪੌਦੇ ਲਗਾਉਣ ਦੀ ਮੁਹਿੰਮ ਤਹਿਤ ਲਗਭਗ 1500 ਪੌਦੇ ਲਗਾਏ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਅਜਿਹੀਆਂ ਮੁਹਿੰਮਾਂ ਵਾਤਾਵਰਣ ਦੇ ਸਰੰਖਣ ਦੇ ਨਾਲ-ਨਾਲ ਸਮਾਜ ਵਿੱਚ ਜਾਗਰੂਕਤਾ ਵਧਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਡੀ.ਏ.ਵੀ. ਸਕੂਲ ਪੁਲਿਸ ਲਾਈਨ ਦੇ ਬੱਚਿਆਂ ਨੇ ਇਸ ਬੂਟੇ ਲਗਾਉਣ ਦੀ ਮੁਹਿੰਮ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ।ਇਸ ਮੌਕੇ ਵਿਧਾਇਕ ਸ੍ਰੀ ਘਨਸ਼ਿਆਮ ਦਾਸ ਅਰੋੜਾ, ਸਾਬਕਾ ਕੈਬਨਿਟ ਮੰਤਰੀ ਸ੍ਰੀ ਕੰਵਰਪਾਲ ਗੁੱਜਰ, ਸਾਬਕਾ ਵਿਧਾਇਕ ਸ੍ਰੀ ਬਲਵੰਤ ਸਿੰਘ, ਭਾਜਪਾ ਜ਼ਿਲ੍ਹਾ ਪ੍ਰਧਾਨ ਸ੍ਰੀ ਰਾਜੇਸ਼ ਸਪਰਾ, ਜ਼ਿਲ੍ਹਾ ਜਨਰਲ ਸਕੱਤਰ ਸ੍ਰੀ ਨਰਿੰਦਰ ਰਾਣਾ, ਡਿਪਟੀ ਕਮਿਸ਼ਨਰ ਪ੍ਰੀਤੀ, ਪੁਲਿਸ ਸੁਪਰਡੈਂਟ ਸ੍ਰੀ ਕਮਲਦੀਪ ਗੋਇਲ, ਵਧੀਕ ਡਿਪਟੀ ਕਮਿਸ਼ਨਰ ਸ੍ਰੀ ਨਵੀਨ ਆਹੂਜਾ ਸਮੇਤ ਹੋਰ ਪਤਵੰਤੇ ਸੱਜਣ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਸਨ।

# ਨੌਜਵਾਨ ਸਿਹਤਮੰਦ, ਅਨੁਸ਼ਾਸਿਤ ਅਤੇ ਨਸ਼ਾ ਮੁਕਤ ਹੋਵੇਗਾ ਤਾਂ ਯਕੀਨਨ ਵਿਕਸਤ ਭਾਰਤ ਦਾ ਸੁਪਨਾ ਸਾਕਾਰ ਹੋਵੇਗਾ : ਮੁੱਖ ਮੰਤਰੀ

**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਪੂੰਜੀ ਉਸਦੇ ਨੌਜਵਾਨ ਹੁੰਦੇ ਹਨ। ਨੌਜਵਾਨ ਸਿਰਫ਼ ਵਰਤਮਾਨ ਨਹੀਂ ਹੁੰਦੇ ਸਗੋਂ ਭਵਿੱਖ ਦੇ ਨਿਰਮਾਤਾ ਹੁੰਦੇ ਹਨ, ਜੇਕਰ ਨੌਜਵਾਨ ਸਿਹਤਮੰਦ, ਅਨੁਸ਼ਾਸਿਤ ਅਤੇ ਨਸ਼ਾ ਮੁਕਤ ਹੋਵੇਗਾ ਤਾਂ ਯਕੀਨਨ ਵਿਕਸਤ ਭਾਰਤ ਦਾ ਸੁਪਨਾ ਸਾਕਾਰ ਹੋਵੇਗਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਯਮੁਨਾਨਗਰ ਵਿੱਚ 'ਨਸ਼ੇ ਸੇ ਜੰਗ-ਯਮੁਨਾਨਗਰ ਕੇ ਸੰਗ' ਤਹਿਤ ਆਯੋਜਿਤ ਦੌੜ ਵਿੱਚ ਮੌਜੂਦ ਨੌਜਵਾਨਾਂ ਨੂੰ ਸੰਬੋਧਿਤ ਕਰ ਰਹੇ ਸਨ। ਮੁੱਖ ਮੰਤਰੀ ਨੇ ਇਸ ਦੌਰਾਨ ਹਰੀ ਝੰਡੀ ਦਿਖਾਉਂਦੇ ਹੋਏ ਦੌੜ ਦਾ ਆਗਾਜ਼ ਕੀਤਾ। ਉਨ੍ਹਾਂ ਨੇ ਦੌੜ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਸਹੁੰ ਵੀ ਚੁਕਾਈ।

ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਇਹ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਯਮੁਨਾਨਗਰ ਦੇ ਨੌਜਵਾਨ, ਬੱਚੇ, ਧੀਆਂ, ਬਜ਼ੁਰਗ ਅਤੇ ਮਹਿਲਾਵਾਂ 'ਨਸ਼ੇ ਸੇ ਜੰਗ-ਯਮੁਨਾਨਗਰ ਕੇ ਸੰਗ' ਦਾ ਨਾਅਰਾ ਬੁਲੰਦ ਕਰਦੇ ਹੋਏ ਉਨ੍ਹਾਂ ਦੇ ਨਾਲ ਖੜ੍ਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਆਯੋਜਨ ਕੋਈ ਆਮ ਆਯੋਜਨ ਨਹੀਂ ਹੈ, ਸਗੋਂ ਇਹ ਦੌੜ ਹਰਿਆਣਾ ਦੇ ਨੌਜਵਾਨਾਂ ਦੇ ਸੰਕਲਪ ਅਤੇ ਸਰਕਾਰ ਤੇ ਸੰਸਕਾਰ ਦਾ ਉਤਸਵ ਹੈ। ਅੱਜ ਇੱਥੇ ਦੋ ਰਸਤਿਆਂ ਵਿੱਚਕਾਰ ਮੁਕਾਬਲਾ ਹੋਣਾ ਹੈ—ਇੱਕ ਰਸਤਾ ਜੋ ਜੀਵਨ ਵੱਲ ਜਾਂਦਾ ਹੈ ਅਤੇ ਦੂਜਾ ਰਸਤਾ ਬਰਬਾਦੀ ਵੱਲ ਜਾਂਦਾ ਹੈ, ਇੱਕ ਰਸਤਾ ਜੋ ਖੇਡਾਂ ਵੱਲ ਜਾਂਦਾ ਹੈ, ਦੂਜਾ ਰਸਤਾ ਹਨ੍ਹੇਰੇ ਵੱਲ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਇੱਕ ਰਸਤਾ ਭਵਿੱਖ ਬਣਾਉਂਦਾ ਹੈ ਤਾਂ ਦੂਜਾ ਭਵਿੱਖ ਖੋਹ ਲੈਂਦਾ ਹੈ। ਇਸ ਲਈ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਹਰਿਆਣਾ ਦੇ ਨੌਜਵਾਨ, ਯਮੁਨਾਨਗਰ ਦੇ ਨੌਜਵਾਨ ਸਹੀ ਰਸਤਾ, ਵਿਕਾਸ ਅਤੇ ਸਿਹਤ ਦਾ ਰਸਤਾ ਚੁਣਨਗੇ।

ਉਨ੍ਹਾਂ ਕਿਹਾ ਕਿ ਅੱਜ ਯਮੁਨਾਨਗਰ ਦੀ ਯੁਵਾ ਸ਼ਕਤੀ ਨੇ ਇਹ ਤੈਅ ਕੀਤਾ ਹੈ ਕਿ ਅਸੀਂ ਦੌੜਾਂਗੇ, ਪਰ ਨਸ਼ੇ ਵੱਲ ਨਹੀਂ ਸਗੋਂ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ, ਆਪਣੇ ਸੁਪਨੇ ਸਾਕਾਰ ਕਰਨ ਲਈ। ਇਹ ਦੌੜ 5 ਕਿਲੋਮੀਟਰ-10 ਕਿਲੋਮੀਟਰ ਦੀ ਦੌੜ ਨਹੀਂ ਸਗੋਂ ਉਸ ਸਮਾਜਿਕ ਬੁਰਾਈ (ਨਸ਼ੇ)



ਅਜਿਹੀ ਅਜਿਹੀ ਜਨ-ਜਾਗਰਣ ਮੁਹਿੰਮ ਹੈ ਜਿਸ ਦੀ ਆਵਾਜ਼ ਪੂਰੇ ਹਰਿਆਣਾ ਵਿੱਚ ਸੁਣਾਈ ਦੇਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਯੋਗ ਦੀ ਮਹੱਤਤਾ ਨੂੰ ਸਮਝਦੇ ਹੋਏ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 'ਫਿੱਟ ਇੰਡੀਆ' ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ। ਪ੍ਰਧਾਨ ਮੰਤਰੀ ਦੀਆਂ ਕੋਸ਼ਿਸ਼ਾਂ ਨਾਲ ਪੂਰੀ ਦੁਨੀਆ ਨੇ ਯੋਗ ਦੀ ਮਹੱਤਤਾ ਨੂੰ ਜਾਣਿਆ ਅਤੇ ਸਿੱਟੇ ਵਜੋਂ ਪੂਰੇ ਵਿਸ਼ਵ ਵਿੱਚ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਜਾਣ ਲੱਗਾ ਹੈ।

ਉਨ੍ਹਾਂ ਕਿਹਾ ਕਿ ਇਸੇ ਲੜੀ ਵਿੱਚ ਅੱਜ ਸਾਡੇ ਨੌਜਵਾਨ 'ਨਸ਼ੇ ਸੇ ਜੰਗ-ਯਮੁਨਾਨਗਰ ਕੇ ਸੰਗ' ਦੌੜ ਵਿੱਚ ਹਿੱਸਾ ਲੈ ਰਹੇ ਹਨ, ਇਹ ਪ੍ਰੋਗਰਾਮ 'ਹਰਿਆਣਾ ਉਦੈ' ਤਹਿਤ ਬਹੁਤ ਵੱਡਾ ਆਊਟਰੀਚ ਪ੍ਰੋਗਰਾਮ ਵੀ ਹੈ। ਮੁੱਖ ਮੰਤਰੀ ਨੇ ਸਾਰੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਨੌਜਵਾਨਾਂ ਦੇ ਨਾਲ ਇਸ ਤਰ੍ਹਾਂ ਦੀ ਦੌੜ ਵਿੱਚ ਜ਼ਰੂਰ ਹਿੱਸਾ ਲੈਣ। ਭੱਜ-ਦੌੜ ਦੀ ਜ਼ਿੰਦਗੀ ਵਿੱਚ ਬੱਚਿਆਂ ਨਾਲ ਚਰਚਾ ਕਰੋ, ਉਨ੍ਹਾਂ ਨਾਲ ਗੱਲਬਾਤ ਜ਼ਰੂਰ ਕਰੋ, ਕਿਉਂਕਿ ਇਕੱਲਾਪਣ ਹੀ ਵਿਅਕਤੀ ਨੂੰ ਨਸ਼ੇ ਵਰਗੀ ਬੁਰਾਈ ਵੱਲ ਲੈ ਕੇ ਜਾਂਦਾ ਹੈ। ਬੱਚਿਆਂ ਨੂੰ ਨਸ਼ੇ ਵੱਲ ਨਹੀਂ, ਸਗੋਂ ਵਿਕਾਸ, ਸਿਹਤ ਅਤੇ ਫਿਟਨੈਸ ਵੱਲ ਅੱਗੇ ਵਧਾਉਣਾ ਹੈ।

ਉਨ੍ਹਾਂ ਕਿਹਾ ਕਿ ਅੱਜ ਸਾਡੇ ਦੇਸ਼ ਦਾ ਨੌਜਵਾਨ ਦੇਸ਼ ਦੀ ਰੱਖਿਆ ਬਹਾਦਰ ਸੈਨਿਕ ਬਣ ਕੇ ਕਰ ਰਿਹਾ ਹੈ। ਹਰਿਆਣਾ ਦਾ ਨੌਜਵਾਨ ਓਲੰਪਿਕ, ਪੈਰਾਲੰਪਿਕ, ਰਾਸ਼ਟਰੀ-ਅੰਤਰਰਾਸ਼ਟਰੀ ਖੇਡਾਂ ਵਿੱਚ ਦੇਸ਼ ਵਿੱਚ ਸਭ ਤੋਂ ਵੱਧ ਤਗ਼ਮੇ ਜਿੱਤ ਕੇ ਦੇਸ਼ ਦਾ ਝੰਡਾ ਉੱਚਾ ਕਰਕੇ ਸਭ ਤੋਂ ਅੱਗੇ ਚੱਲਦਾ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪ੍ਰੋਗਰਾਮ ਵਿੱਚ ਮੌਜੂਦ ਸਾਰੇ ਨੇਤਾਵਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਧਾਰਮਿਕ-ਸਮਾਜਿਕ ਸੰਸਥਾਵਾਂ, ਐਨ.ਜੀ.ਓ. ਅਤੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਨਸ਼ੇ ਵਰਗੀ ਬੁਰਾਈ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨ ਸ਼ੈਲੀ ਨੂੰ ਅਪਣਾਉਣਾ ਹੋਵੇਗਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ 10 ਕਿਲੋਮੀਟਰ ਦੀ ਦੌੜ ਵਿੱਚ ਹਿੱਸਾ ਲੈਣ ਵਾਲੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਭਾਗੀਦਾਰਾਂ ਨੂੰ ਇਨਾਮ ਦੇ ਕੇ ਸਨਮਾਨਿਤ ਵੀ ਕੀਤਾ। ਉਨ੍ਹਾਂ ਨੇ 10 ਕਿਲੋਮੀਟਰ ਦੌੜ ਵਿੱਚ ਪੁਰਸ਼ ਵਰਗ ਵਿੱਚ ਮਹਿੰਦਰਗੜ੍ਹ ਦੇ ਮੋਹਿਤ ਨੂੰ ਪਹਿਲਾ ਇਨਾਮ ਯਾਨੀ ਇੱਕ ਲੱਖ ਰੁਪਏ, ਦੂਜਾ ਸਤਯਮ ਨੂੰ 75 ਹਜ਼ਾਰ ਰੁਪਏ ਅਤੇ ਉੱਤਰ ਪ੍ਰਦੇਸ਼ ਦੇ ਸਚਿਨ ਯਾਦਵ ਨੂੰ 51 ਹਜ਼ਾਰ ਰੁਪਏ ਤੀਜਾ ਇਨਾਮ ਵਜੋਂ ਪ੍ਰਦਾਨ ਕੀਤੇ।

ਉੱਥੇ ਹੀ, ਮਹਿਲਾ ਵਰਗ ਵਿੱਚ ਸੋਨੀਪਤ ਦੀ ਭਾਰਤੀ ਨੂੰ ਇੱਕ ਲੱਖ ਰੁਪਏ ਪਹਿਲਾ, ਭਿਵਾਨੀ ਦੀ ਸੋਨਿਕਾ ਨੂੰ 75 ਹਜ਼ਾਰ ਰੁਪਏ ਦੂਜਾ ਅਤੇ ਲਖਨਊ (ਉੱਤਰ ਪ੍ਰਦੇਸ਼) ਦੀ ਸ਼ਸ਼ੀ ਲਤਾ ਨੂੰ 51 ਹਜ਼ਾਰ ਰੁਪਏ ਤੀਜਾ ਇਨਾਮ ਵਜੋਂ ਪ੍ਰਦਾਨ ਕੀਤੇ। ਇਸ ਦੌੜ ਵਿੱਚ ਪਾਣੀਪਤ ਨਿਵਾਸੀ 73 ਸਾਲਾ ਤ੍ਰਿਲੋਕੀ ਨਾਥ ਨੇ ਹਿੱਸਾ ਲਿਆ ਅਤੇ 10 ਕਿਲੋਮੀਟਰ ਦੀ ਦੌੜ ਪੂਰੀ ਕਰਨ 'ਤੇ ਉਨ੍ਹਾਂ ਨੂੰ ਵਿਸ਼ੇਸ਼ ਸ਼੍ਰੇਣੀ ਵਿੱਚ ਸਨਮਾਨਿਤ ਕੀਤਾ ਗਿਆ।

ਡਿਪਟੀ ਕਮਿਸ਼ਨਰ ਪ੍ਰੀਤੀ ਨੇ ਦੱਸਿਆ ਕਿ ਇਸ ਦੌੜ ਲਈ ਯਮੁਨਾਨਗਰ ਦੇ ਨਾਲ-ਨਾਲ ਹਰਿਆਣਾ ਦੇ ਗੁਆਂਢੀ ਰਾਜਾਂ ਦੇ ਲਗਭਗ ਸਵਾ ਲੱਖ ਲੋਕਾਂ ਨੇ ਰਜਿਸਟ੍ਰੇਸ਼ਨ ਕਰਵਾਈ ਸੀ। ਦੌੜ ਵਿੱਚ ਅੰਦਾਜ਼ਨ 70 ਹਜ਼ਾਰ ਲੋਕਾਂ ਨੇ ਸ਼ਿਰਕਤ ਕੀਤੀ ਜੋ ਕਿ ਇੱਕ ਰਿਕਾਰਡ ਹੈ। ਇਸ ਦੌਰਾਨ ਖੇਤੀਬਾੜੀ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ, ਵਿਧਾਇਕ ਸ੍ਰੀ ਘਨਸ਼ਿਆਮ ਦਾਸ ਅਰੋੜਾ, ਮੁੱਖ ਮੰਤਰੀ ਦਫ਼ਤਰ ਵਿੱਚ ਵਿਸ਼ੇਸ਼ ਅਧਿਕਾਰੀ (ਕਮਿਊਨਿਟੀ ਪੁਲਿਸਿੰਗ ਅਤੇ ਆਊਟਰੀਚ) ਸ੍ਰੀ ਪੰਕਜ ਨੈਨ, ਸਾਬਕਾ ਕੈਬਨਿਟ ਮੰਤਰੀ ਕੰਵਰਪਾਲ ਗੁੱਜਰ, ਜ਼ਿਲ੍ਹਾ ਪ੍ਰਧਾਨ ਸ੍ਰੀ ਰਾਜੇਸ਼ ਸਪਰਾ, ਡਿਪਟੀ ਕਮਿਸ਼ਨਰ ਪ੍ਰੀਤੀ, ਪੁਲਿਸ ਸੁਪਰਡੈਂਟ ਸ੍ਰੀ ਕਮਲਦੀਪ ਗੋਇਲ ਸਮੇਤ ਪਤਵੰਤੇ ਮੌਜੂਦ ਸਨ।

# ਵਿਧਾਇਕ ਬੱਲੂਆਣਾ ਵੱਲੋਂ ਆਮ ਆਦਮੀ ਕਲੀਨਕ ਦਾ ਉਦਘਾਟਨ

**ਫਾਜ਼ਿਲਕਾ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਾਜ ਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਬਿਹਤਰ ਅਤੇ ਮੁਫ਼ਤ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਲਗਾਤਾਰ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ। ਇਸੇ ਤਹਿਤ ਹੀ ਅੱਜ ਫਾਜ਼ਿਲਕਾ ਜ਼ਿਲ੍ਹੇ ਦੇ ਹਲਕਾ ਬੱਲੂਆਣਾ ਦੀ ਬਲਾਕ ਸੀਤੋ ਗੁਨੋ ਦੇ ਪਿੰਡ ਖੁਈਖੇੜਾ ਰੁਕਨਪੁਰਾ ਵਿਖੇ ਬੱਲੂਆਣਾ ਦੇ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਵੱਲੋਂ 1 ਨਵੇਂ ਆਮ ਆਦਮੀ ਕਲੀਨਕ ਦਾ ਉਦਘਾਟਨ ਕੀਤਾ ਗਿਆ!

ਇਸ ਮੌਕੇ ਬੋਲਦਿਆਂ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਫ਼ਤ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਰਾਜ ਦੇ ਸਿਹਤ ਖੇਤਰ ਵਿੱਚ ਵੱਡੀ ਪੱਧਰ @ਤੇ ਮਿਸਾਲੀ ਸੁਧਾਰ ਹੋਏ ਹਨ। ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਮੁਫ਼ਤ ਡਾਕਟਰੀ ਜਾਂਚ, ਦਵਾਈਆਂ ਅਤੇ ਵੱਖ-ਵੱਖ ਲੈਬ ਟੈਸਟਾਂ ਦੀ ਸਹੂਲਤ ਉਪਲਬਧ ਕਰਵਾਈ ਜਾ ਰਹੀ ਹੈ, ਜਿਸ ਨਾਲ ਲੋਕਾਂ ਦੇ ਸਮੇਂ ਅਤੇ ਪੈਸੇ ਦੀ ਬਚਤ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਫਾਜ਼ਿਲਕਾ ਦੀ ਬਲਾਕ ਸੀਤੋ ਗੁਨੋ ਵਿੱਚ ਪਹਿਲਾ 6 ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਸਨ ਅਤੇ ਹੁਣ ਸੀਤੋ ਗੁਨੋ ਬਲਾਕ ਵਿੱਚ ਆਮ ਆਦਮੀ ਕਲੀਨਿਕਾਂ ਦੀ ਗਿਣਤੀ ਵੱਧ ਕੇ 7 ਹੋ ਗਈ ਹੈ! ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਜ਼ਿਲ੍ਹੇ ਦੇ ਹੋਰਨਾ ਪਿੰਡਾਂ ਵਿਚ ਵੀ ਆਮ ਆਦਮੀ ਕਲੀਨਿਕਾਂ ਦੇ ਉਦਘਾਟਨ ਕੀਤੇ ਜਾਣਗੇ ।

ਇਸ ਮੌਕੇ ਸਿਹਤ ਵਿਭਾਗ ਤੋਂ ਆਏ ਡਾ. ਨਵੀਨ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ ਵਿਚ ਕਲੀਨਿਕ ਵਿੱਚ 46 ਤਰ੍ਹਾਂ ਦੇ ਟੈਸਟ ਅਤੇ 107 ਤਰ੍ਹਾਂ ਦੀਆਂ ਦਵਾਈਆਂ ਮੁਫ਼ਤ ਮਿਲ ਰਹੀਆਂ ਹਨ। ਇਸ ਕਲੀਨਿਕ ਵਿੱਚ ਕੋਈ ਪਰਚੀ ਫੀਸ ਨਹੀਂ ਲੱਗ ਰਹੀ।

# ਨਰਮੇ ਦੀ ਸ.ਫਲ ਕਾਸ਼ਤ ਅਤੇ ਪਸ਼ੂ ਪਾਲਣ ਪ੍ਰਬੰਧਨ ਬਾਰੇ ਜਾਗਰੂਕਤਾ ਕੈਂਪ ਆਯੋਜਿਤ

**ਬਠਿੰਡਾ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਵੱਲੋਂ ਬਲਾਕ ਤਲਵੰਡੀ ਸਾਬੋ ਦੇ ਪਿੰਡ ਮਲਕਾਣਾ ਵਿਖੇ ਕਿਸਾਨਾਂ ਲਈ ਇੱਕ ਵਿਸ਼ੇਸ਼ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਨਰਮੇ ਦੀ ਫਸਲ ਵਿੱਚ ਕੀੜੇ-ਮਕੌੜਿਆਂ, ਨਦੀਨਾਂ ਅਤੇ ਬਿਮਾਰੀਆਂ ਦੇ ਸੰਯੁਕਤ ਪ੍ਰਬੰਧਨ ਬਾਰੇ ਵਿਗਿਆਨਕ ਜਾਣਕਾਰੀ ਪ੍ਰਦਾਨ ਕਰਨਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਤਕਨੀਕਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ। ਕੈਂਪ ਦੌਰਾਨ ਕਿਸਾਨਾਂ ਨੂੰ ਫਸਲਾਂ ਦੇ ਨਾਲ-ਨਾਲ ਪਸ਼ੂ ਪਾਲਣ ਦੇ ਸੁਚੱਜੇ ਪ੍ਰਬੰਧਨ ਬਾਰੇ ਵੀ ਜਾਗਰੂਕ ਕੀਤਾ ਗਿਆ।

ਕੈਂਪ ਦੀ ਸ਼ੁਰੂਆਤ ਕਰਦਿਆਂ ਡਾ. ਗੁਰਮੀਤ ਸਿੰਘ ਢਿੱਲੋਂ, ਪ੍ਰੋਫੈਸਰ (ਪਸਾਰ ਸਿੱਖਿਆ), ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਨਰਮੇ ਦੀ ਵੱਧ ਪੈਦਾਵਾਰ ਅਤੇ ਉੱਚ ਗੁਣਵੱਤਾ ਲਈ ਸਮੇਂ-ਸਿਰ ਕੀਟਾਂ ਅਤੇ ਬਿਮਾਰੀਆਂ ਦੀ ਪਛਾਣ ਕਰਕੇ ਵਿਗਿਆਨਕ ਤਰੀਕੇ ਨਾਲ ਉਨ੍ਹਾਂ ਦਾ ਪ੍ਰਬੰਧਨ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਗੁਲਾਬੀ ਸੁੰਡੀ, ਚਿੱਟੀ ਮੱਖੀ, ਹਰਾ ਤੇਲਾ, ਥ੍ਰਿਪਸ ਅਤੇ ਹੋਰ ਨੁਕਸਾਨਦੇਹ ਕੀੜਿਆਂ ਦੀ ਪਛਾਣ, ਉਨ੍ਹਾਂ ਦੀ ਨਿਗਰਾਨੀ ਅਤੇ ਆਰਥਿਕ ਨੁਕਸਾਨ ਪੱਧਰ ਦੇ ਆਧਾਰ @ਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਬੇਲੋੜੇ ਕੀਟਨਾਸ਼ਕਾਂ ਦੀ ਵਰਤੋਂ ਨਾ ਸਿਰਫ਼ ਉਤਪਾਦਨ ਲਾਗਤ ਵਧਾਉਂਦੀ ਹੈ, ਸਗੋਂ ਵਾਤਾਵਰਨ ਅਤੇ ਲਾਹੇਵੰਦ ਕੀੜਿਆਂ ਲਈ ਵੀ ਹਾਨੀਕਾਰਕ ਸਾਬਤ ਹੁੰਦੀ ਹੈ।

ਉਨ੍ਹਾਂ ਨੇ ਨਰਮੇ ਵਿੱਚ ਨਦੀਨਾਂ ਦੀ ਸਮੇਂ ਸਿਰ ਰੋਕਥਾਮ, ਖੇਤ ਦੀ ਸਫ਼ਾਈ, ਸੰਤੁਲਿਤ ਖਾਦਾਂ ਦੀ ਵਰਤੋਂ ਅਤੇ ਸਿਫ਼ਾਰਸ਼ ਖੇਤੀ ਤਕਨੀਕਾਂ ਨੂੰ ਅਪਣਾਉਣ ਦੀ ਮਹੱਤਤਾ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਝੋਨੇ ਦੀ ਫਸਲ ਵਿੱਚ ਤਣਾ ਛੇਦਕ, ਪੱਤਾ ਲਪੇਟ ਸੁੰਡੀ ਅਤੇ ਹੋਰ ਕੀਟਾਂ ਦੀ ਨਿਗਰਾਨੀ ਕਰਨ, ਬੇਲੋੜੀ ਦਵਾਈਆਂ ਦੀ ਵਰਤੋਂ ਤੋਂ ਬਚਣ ਅਤੇ ਕੇਵਲ ਲੋੜ ਪੈਣ @ਤੇ ਹੀ ਸਿਫ਼ਾਰਸ਼ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ।

ਇਸ ਮੌਕੇ ਡਾ. ਗੁਰਲਾਲ ਸਿੰਘ, ਸਹਾਇਕ ਪ੍ਰੋਫੈਸਰ (ਪਸ਼ੂ ਵਿਗਿਆਨ), ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਨੇ ਗਾਵਾਂ ਅਤੇ ਮੱਝਾਂ ਵਿੱਚ ਅੰਦਰੂਨੀ ਅਤੇ ਬਾਹਰੀ ਪਰਜੀਵੀਆਂ ਦੀ ਸਮੇਂ-ਸਿਰ ਰੋਕਥਾਮ, ਨਿਯਮਿਤ ਮਲ੍ਹੱਪ ਰਹਿਤ ਕਰਨ ਲਈ ਦਵਾਈਆਂ ਦੀ ਵਰਤੋਂ, ਚਿੱਚੜਾਂ ਅਤੇ ਹੋਰ ਪਰਜੀਵੀਆਂ ਤੋਂ ਬਚਾਅ, ਪਸ਼ੂਆਂ ਦੇ ਰਹਿਣ ਵਾਲੇ ਸਥਾਨ ਦੀ ਸਫ਼ਾਈ ਅਤੇ ਸੁੱਕੇ ਵਾਤਾਵਰਨ ਨੂੰ ਯਕੀਨੀ ਬਣਾਉਣ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਬਰਸਾਤ ਦੇ ਮੌਸਮ ਵਿੱਚ ਪਸ਼ੂਆਂ ਨੂੰ ਸਾਫ਼-ਸੁਥਰਾ ਪਾਣੀ, ਸੰਤੁਲਿਤ ਖੁਰਾਕ ਅਤੇ ਖਣਿਜ ਮਿਸ਼ਰਣ ਉਪਲਬਧ ਕਰਵਾਉਣਾ ਦੁੱਧ ਉਤਪਾਦਨ ਅਤੇ ਪਸ਼ੂਆਂ ਦੀ ਸਿਹਤ ਲਈ ਬਹੁਤ ਲਾਭਦਾਇਕ ਹੈ। ਉਨ੍ਹਾਂ ਨੇ ਪਸ਼ੂਆਂ ਵਿੱਚ ਕਿਸੇ ਵੀ ਬਿਮਾਰੀ ਦੇ ਲੱਛਣ ਦਿਖਾਈ ਦੇਣ @ਤੇ ਤੁਰੰਤ ਪਸ਼ੂ ਚਿਕਿਤਸਕ ਨਾਲ ਸੰਪਰਕ ਕਰਨ ਦੀ ਵੀ ਅਪੀਲ ਕੀਤੀ।

ਕੈਂਪ ਦੌਰਾਨ ਕਿਸਾਨਾਂ ਨੇ ਨਰਮੇ ਅਤੇ ਝੋਨੇ ਦੀਆਂ ਫਸਲਾਂ ਵਿੱਚ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਅਤੇ ਪਸ਼ੂ ਪਾਲਣ ਨਾਲ ਸੰਬੰਧਿਤ ਆਪਣੇ ਸਵਾਲ ਮਾਹਿਰਾਂ ਸਾਹਮਣੇ ਰੱਖੇ, ਜਿਨ੍ਹਾਂ ਦੇ ਵਿਗਿਆਨਕ ਅਤੇ ਉਪਯੋਗੀ ਹੱਲ ਵੀ ਸੁਝਾਏ ਗਏ। ਮਾਹਿਰਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਤਕਨੀਕਾਂ ਨੂੰ ਅਪਨਾ ਕੇ ਫਸਲਾਂ ਦੀ ਉਤਪਾਦਕਤਾ ਵਧਾਉਣ, ਉਤਪਾਦਨ ਲਾਗਤ ਘਟਾਉਣ ਅਤੇ ਵਾਤਾਵਰਨ ਦੀ ਸੁਰੱਖਿਆ ਵਿੱਚ ਆਪਣਾ ਯੋਗਦਾਨ ਪਾਉਣ।

# ਸ.ਫਾਈ ਸੇਵਕਾਂ ਤੇ ਸਰਕਾਰ ਨੇ ਲਾਠੀਆਂ ਵਰਾਕੇ ਕੀਤਾ ਲੋਕਤੰਤਰ ਦਾ ਘਾਣ : ਸੁਖਦੀਪ ਸੋਨੀ

**ਮਾਛੀਵਾੜਾ ਸਾਹਿਬ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਤੋਂ ਬਲਾਕ ਕਾਂਗਰਸ ਸੋਸ਼ਲ ਮੀਡੀਆ ਇੰਚਾਰਜ ਯੂਥ ਆਗੂ ਸੁਖਦੀਪ ਸਿੰਘ ਸੋਨੀ ਸਰਪੰਚ ਨੇ ਕਿਹਾ ਕਿ ਬਰਨਾਲਾ ਵਿਖੇ ਆਪਣੇ ਹੱਕਾਂ ਲਈ ਪ੍ਰਦਰਸ਼ਨ ਕਰ ਰਹੇ ਸਫਾਈ ਸੇਵਕਾਂ ਤੇ ਲਾਠੀ ਚਾਰਜ ਕਰਕੇ ਲੋਕਤੰਤਰ ਦਾ ਘਾਣ ਕੀਤਾ ਹੈ। ਹੈ ਜਿਸ ਦਾ ਲੋਕ 2027 ਦੀਆਂ ਵੋਟਾਂ ਵਿੱਚ ਜਵਾਬ ਦੇਣਗੇ।@ਉਨਾ ਕੀਤੀ ਗਈ ਇਸ ਪੁਲਸ ਕਾਰਵਾਈ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਬਰਨਾਲਾ ਵਿਖੇ ਸਫਾਈ ਸੇਵਕਾਂ ਆਪਣੇ ਲੋਕਤੰਤਰਿਕ ਹੱਕ ਮੰਗ ਰਹੇ ਗਰੀਬਾਂ ਦੇ ਵਿਰੁੱਧ ਬਲ ਦਾ ਪ੍ਰਯੋਗ ਬਹੁਤ ਚਿੰਤਾਜਨਕ ਅਤੇ ਦੁਖਦਾਈ ਹੈ। ਉਨਾਂ ਕਿਹਾ ਕਿ ਆਪ ਸਰਕਾਰ ਦੇ ਨਮਿੰਦੇ ਦਿੱਲੀ ਵਿੱਚ ਵੱਡੇ ਵੱਡੇ ਬਿਆਨ ਦਾਗ ਰਹੇ ਹਨ ਪਰ ਪੰਜਾਬ ਦੀ ਹਾਲਤ ਦਿਨ ਪ੍ਰਤੀ ਦਿਨ ਵਿਗੜਦੀ ਜਾ ਰਹੀ ਹੈ। ਉਨਾਂ ਬਰਨਾਲਾ ਵਿਖੇ ਸਫਾਈ ਸੇਵਕਾਂ ਤੇ ਲਾਠੀ ਚਾਰਜ ਦੀ ਘਟਨਾ ਨੂੰ ਲੋਕਤੰਤਰ ਦਾ ਘਾਣ ਦੱਸਦਿਆਂ ਕਿਹਾ ਕਿ ਇਹ ਸਰਕਾਰ ਕਿੰਨੀ ਜਾਲਮ ਹੋ ਗਈ ਹੈ, ਜਿਸਨੇ ਸਫਾਈ ਸੇਵਕਾਂ ਨੂੰ ਪਸ਼ੂਆਂ ਵਾਂਗ ਦੇ ਵਿਰੁੱਧ ਬਲ ਦਾ ਪ੍ਰਯੋਗ ਬਹੁਤ ਚਿੰਤਾਜਨਕ ਅਤੇ ਦੁਖਦਾਈ ਹੈ। ਉਨਾਂ ਕਿਹਾ ਕਿ ਆਪ ਸਰਕਾਰ ਦੇ ਨਮਿੰਦੇ ਦਿੱਲੀ ਵਿੱਚ ਵੱਡੇ ਵੱਡੇ ਬਿਆਨ ਦਾਗ ਰਹੇ ਹਨ ਪਰ ਪੰਜਾਬ ਦੀ ਹਾਲਤ ਦਿਨ ਪ੍ਰਤੀ ਦਿਨ ਵਿਗੜਦੀ ਜਾ ਰਹੀ ਹੈ।

ਕੁੱਟਿਆ ਅਤੇ ਮਹਿਲਾਵਾਂ ਤੇ ਬੇਰਹਿਮੀ ਨਾਲ ਲਾਠੀਆਂ ਵਰ੍ਹਾਈਆਂ ਜੋ ਕਿ ਜ਼ੁਲਮ ਦੀ ਹਨੇਰੀ ਨੂੰ ਦਰਸਾਉਂਦਾ ਹੈ।

# ਸਰਕਾਰ ਦਾ ਸੰਕਲਪ ਸਪੱਸ਼ਟ ਹੈ, ਕੋਈ ਵੀ .ਗਰੀਬ ਪਿੱਛੇ ਨਹੀਂ ਰਹੇਗਾ, ਕੋਈ ਵੀ ਲੋੜਵੰਦ ਮੌਕੇ ਤੋਂ ਵਾਂਝਾ ਨਹੀਂ ਰਹੇਗਾ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਕੁਰੂਕਸ਼ੇਤਰ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੰਤੋਦਯ ਪਰਿਵਾਰ ਉਥਾਨ ਯੋਜਨਾ ਤਹਿਤ ਪ੍ਰਦੇਸ਼ ਭਰ ਵਿੱਚ ਲੱਗਣ ਵਾਲੇ ਅੰਤੋਦਯ ਮੇਲੇ ਆਸ਼ਾਵਾਂ, ਮੌਕਿਆਂ ਅਤੇ ਆਤਮ-ਨਿਰਭਰਤਾ ਦੇ ਮੇਲੇ ਹਨ। ਅੰਤੋਂਦੇਯ ਮੇਲਿਆਂ ਰਾਹੀਂ ਸਰਕਾਰ ਦੀ ਕੋਸ਼ਿਸ਼ ਹੈ ਕਿ ਵਿਕਾਸ ਦਾ ਲਾਭ ਉਨ੍ਹਾਂ ਲੋਕਾਂ ਤੱਕ ਪਹੁੰਚਾਇਆ ਜਾਵੇ, ਜੋ ਦਹਾਕਿਆਂ ਤੋਂ ਅਣਗੌਲੇ ਰਹੇ ਹਨ। ਮੇਲਿਆਂ ਵਿੱਚ ਇੱਕੋ ਮੰਚ 'ਤੇ 19 ਵਿਭਾਗਾਂ ਦੀਆਂ 47 ਯੋਜਨਾਵਾਂ ਦਾ ਲਾਭ ਸਿੱਧਾ ਯੋਗ ਲਾਭਕਾਰ ਨੂੰ ਦਿੱਤਾ ਜਾ ਰਿਹਾ ਹੈ। ਅਹਿਮ ਪਹਿਲੂ ਇਹ ਹੈ ਕਿ ਸੂਬੇ ਵਿੱਚ ਹੁਣ ਤੱਕ 166 ਥਾਵਾਂ 'ਤੇ ਅੰਤੋਂਦੇਯ ਮੇਲਿਆਂ ਦਾ ਆਯੋਜਨ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ 4 ਲੱਖ 24 ਹਜ਼ਾਰ 278 ਪਰਿਵਾਰਾਂ ਨੂੰ ਸੱਦਾ ਵੀ ਦਿੱਤਾ ਗਿਆ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਕੁਰੂਕਸ਼ੇਤਰ ਦੇ ਲਾਡਵਾ ਦੇ ਆਈ.ਜੀ.ਐਨ. ਕਾਲਜ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਅੰਤੋਂਦੇਯ ਪਰਿਵਾਰ ਉਥਾਨ ਯੋਜਨਾ ਤਹਿਤ ਲਗਾਏ ਗਏ ਮੇਲੇ ਦਾ ਉਦਘਾਟਨ ਕਰਨ ਤੋਂ ਬਾਅਦ ਸੰਬੋਧਿਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਮੇਲੇ ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਯੋਜਨਾਵਾਂ ਦੇ ਲਾਭ ਦੇਣ ਲਈ ਲਗਾਏ ਗਏ ਸਟਾਲਾਂ ਦਾ ਜਾਇਜ਼ਾ ਵੀ ਲਿਆ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪਿੰਡ ਗੋਬਿੰਦਪੁਰਾ ਨਿਵਾਸੀ ਲਾਭਕਾਰ ਤਾਰਾਚੰਦ ਨੂੰ ਪੀ.ਐਮ. ਸਟ੍ਰੀਟ ਵੈਂਡਰ ਯੋਜਨਾ ਤਹਿਤ ਪ੍ਰਵਾਨਗੀ ਪੱਤਰ ਸੌਂਪਿਆ। ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੰਤੋਂਦੇਯ ਮੇਲੇ ਰਾਹੀਂ ਸਰਕਾਰ ਖੁਦ



ਚੱਲ ਕੇ ਉਨ੍ਹਾਂ ਗ਼ਰੀਬ ਲੋੜਵੰਦ ਪਰਿਵਾਰਾਂ ਤੱਕ ਪਹੁੰਚੀ ਹੈ, ਜੋ ਆਪਣੇ ਅਧਿਕਾਰ ਅਤੇ ਮੌਕੇ ਦੀ ਉਡੀਕ ਕਰ ਰਹੇ ਸਨ। ਇਹ ਅੰਤੋਂਦੇਯ ਮੇਲਾ ਉਸ ਸੰਕਲਪ ਦਾ ਜਿਉਂਦਾ-ਜਾਗਦਾ ਸਰੂਪ ਹੈ, ਜਿਸ ਵਿੱਚ ਸਰਕਾਰ ਦੀ ਹਰ ਯੋਜਨਾ, ਹਰ ਸਾਧਨ ਅਤੇ ਹਰ ਕੋਸ਼ਿਸ਼ ਆਖ਼ਰੀ ਕਤਾਰ ਵਿੱਚ ਖੜ੍ਹੇ ਆਖ਼ਰੀ ਵਿਅਕਤੀ ਲਈ ਹੈ। ਉਨ੍ਹਾਂ ਕਿਹਾ ਕਿ ਅੰਤੋਂਦੇਯ ਸਾਡੇ ਲਈ ਸਿਰਫ਼ ਇੱਕ ਸਰਕਾਰੀ ਪ੍ਰੋਗਰਾਮ ਨਹੀਂ ਹੈ, ਸਗੋਂ ਸਾਡੀ ਸੰਸਕ੍ਰਿਤੀ ਦਾ ਸੰਸਕਾਰ ਹੈ। ਯਾਨੀ ਸਾਰੇ ਸੁਖੀ ਹੋਣ, ਸਾਰੇ ਸਿਹਤਮੰਦ ਹੋਣ ਅਤੇ ਕੋਈ ਵੀ ਦੁਖੀ ਨਾ ਰਹੇ। ਪੰਡਿਤ ਦੀਨਦਿਆਲ ਉਪਾਧਿਆਏ ਨੇ ਇਸੇ ਭਾਵਨਾ ਨੂੰ ਅੰਤੋਂਦੇਯ ਦਾ ਨਾਮ ਦਿੱਤਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਵਿਕਾਸ ਦੀ ਸਾਰਥਕਤਾ ਤਾਂਹੀ ਹੈ, ਜਦੋਂ ਉਸਦਾ ਪ੍ਰਕਾਸ਼ ਆਖ਼ਰੀ ਘਰ ਤੱਕ ਪਹੁੰਚੇ ਅਤੇ ਉਸਦੀ ਗਰਮਾਹਟ ਆਖ਼ਰੀ ਵਿਅਕਤੀ ਮਹਿਸੂਸ ਕਰੇ। ਉਨ੍ਹਾਂ ਕਿਹਾ ਕਿ ਅੱਜ ਸੂਬੇ ਵਿੱਚ ਡਬਲ ਇੰਜਣ ਸਰਕਾਰ ਅੰਤੋਂਦੇਯ ਦੇ ਵਿਚਾਰ ਨੂੰ ਜ਼ਮੀਨ 'ਤੇ ਉਤਾਰ ਰਹੀ ਹੈ। ਸਰਕਾਰ ਦਾ ਸੰਕਲਪ ਸਪੱਸ਼ਟ ਹੈ, ਕੋਈ ਗ਼ਰੀਬ ਪਿੱਛੇ ਨਹੀਂ ਰਹੇਗਾ, ਕੋਈ ਲੋੜਵੰਦ ਮੌਕੇ ਤੋਂ ਵਾਂਝਾ ਨਹੀਂ ਰਹੇਗਾ ਅਤੇ ਕਿਸੇ ਵੀ ਪਰਿਵਾਰ ਨੂੰ ਸਿਰਫ਼ ਇਸ ਲਈ ਅੱਗੇ ਵਧਣ ਤੋਂ ਨਹੀਂ ਰੋਕਿਆ ਜਾਵੇਗਾ ਕਿ ਉਸ ਕੋਲ ਸਾਧਨ, ਪਹੁੰਚ ਜਾਂ ਸਹੀ ਜਾਣਕਾਰੀ ਨਹੀਂ ਹੈ। ਸਰਕਾਰ ਲਈ ਸ਼ਾਸਨ ਦਾ ਅਰਥ ਸਿਰਫ਼ ਦਫ਼ਤਰਾਂ ਵਿੱਚ ਫ਼ਾਈਲਾਂ ਚਲਾਉਣਾ ਨਹੀਂ ਹੈ, ਸਗੋਂ ਜਨਤਾ ਦੀਆਂ ਮੁਸ਼ਕਲਾਂ ਨੂੰ ਸਮਝਣਾ, ਹੱਲ ਨੂੰ ਸਰਲ ਬਣਾਉਣਾ ਅਤੇ ਉਸ ਹੱਲ ਨੂੰ ਲੋੜਵੰਦ ਦੇ ਦਰਵਾਜ਼ੇ ਤੱਕ ਪਹੁੰਚਾਉਣਾ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਦੀ ਮੁੱਖ ਮੰਤਰੀ ਅੰਤੋਂਦੇਯ ਪਰਿਵਾਰ ਉਥਾਨ ਯੋਜਨਾ ਦਾ ਉਦੇਸ਼ ਸਿਰਫ਼ ਆਰਥਿਕ ਸਹਾਇਤਾ ਦੇਣਾ ਨਹੀਂ, ਸਗੋਂ ਹਰ ਲੋੜਵੰਦ ਪਰਿਵਾਰ ਨੂੰ ਪੱਕੇ ਰੁਜ਼ਗਾਰ ਨਾਲ ਜੋੜਨਾ ਹੈ। ਸਵੈ-ਰੁਜ਼ਗਾਰ, ਹੁਨਰ ਵਿਕਾਸ, ਰੁਜ਼ਗਾਰ, ਵਿੱਤੀ ਸਮਾਵੇਸ਼ਨ ਅਤੇ ਸਮਾਜਿਕ ਭਲਾਈ ਨਾਲ ਜੁੜੀਆਂ ਯੋਜਨਾਵਾਂ ਨੂੰ ਇੱਕ ਮੰਚ 'ਤੇ ਲਿਆ ਕੇ ਯੋਗ ਪਰਿਵਾਰਾਂ ਨੂੰ ਉਨ੍ਹਾਂ ਦੀ ਲੋੜ ਅਤੇ ਯੋਗਤਾ ਅਨੁਸਾਰ ਮੌਕੇ ਪ੍ਰਦਾਨ ਕਰਨਾ ਹੈ। ਇੱਥੇ ਪਰਿਵਾਰ ਨੂੰ ਸਿਰਫ਼ ਅਰਜ਼ੀ ਦੇ ਕੇ ਵਾਪਸ ਨਹੀਂ ਭੇਜਿਆ ਜਾਂਦਾ। ਉਸਦੀ ਰੁਚੀ, ਸਮਰੱਥਾ, ਸਥਿਤੀ ਅਤੇ ਲੋੜ ਨੂੰ ਸਮਝ ਕੇ ਉਚਿਤ ਮਾਰਗਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

**ਹੁਣ ਤੱਕ 166 ਥਾਵਾਂ 'ਤੇ ਅੰਤੋਂਦੇਯ ਮੇਲਿਆਂ ਦਾ ਹੋਇਆ ਸ.ਫਲ ਆਯੋਜਨ**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਅੰਤੋਂਦੇਯ ਪਰਿਵਾਰ ਉਥਾਨ ਯੋਜਨਾ ਨੇ ਪਹਿਲੇ ਪੜਾਅ ਵਿੱਚ ਅਹਿਮ ਸ.ਫਰ ਤੈਅ ਕੀਤਾ ਹੈ। ਸੂਬੇ ਵਿੱਚ ਹੁਣ ਤੱਕ 166 ਥਾਵਾਂ 'ਤੇ ਅੰਤੋਂਦੇਯ ਮੇਲਿਆਂ ਦਾ ਆਯੋਜਨ ਕੀਤਾ ਗਿਆ ਹੈ। ਇਨ੍ਹਾਂ ਮੇਲਿਆਂ ਦੌਰਾਨ 4 ਲੱਖ 24 ਹਜ਼ਾਰ 272 ਪਰਿਵਾਰਾਂ ਨੂੰ ਸੱਦਾ ਦਿੱਤਾ ਗਿਆ ਅਤੇ 1 ਲੱਖ 88 ਹਜ਼ਾਰ 792 ਪਰਿਵਾਰ ਮੇਲਿਆਂ ਵਿੱਚ ਪਹੁੰਚੇ। ਇਨ੍ਹਾਂ ਵਿੱਚੋਂ 1 ਲੱਖ 52 ਹਜ਼ਾਰ 157 ਪਰਿਵਾਰਾਂ ਨੂੰ ਵਿਭਾਗ ਕੋਲ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਹੁਣ ਤੱਕ 55 ਹਜ਼ਾਰ 422 ਯੋਗ ਲਾਭਕਾਰਾਂ ਤੱਕ ਰੁਜ਼ਗਾਰ ਦੇ ਲਾਭ ਪਹੁੰਚੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਰੀਆਂ ਸਰਕਾਰੀ ਯੋਜਨਾਵਾਂ ਅਤੇ ਸੇਵਾਵਾਂ ਨੂੰ ਪਰਿਵਾਰ ਪਹਿਚਾਣ ਪੱਤਰ ਨਾਲ ਜੋੜਿਆ ਗਿਆ ਹੈ। ਘਰ ਬੈਠੇ ਆਟੋ ਮੋਡ ਵਿੱਚ ਹੁਣ ਤੱਕ ਲਗਭਗ 40 ਲੱਖ ਪਰਿਵਾਰਾਂ ਦੇ ਬੀ.ਪੀ.ਐਲ. ਕਾਰਡ ਬਣਾਏ ਗਏ ਹਨ। ਇਸ ਤੋਂ ਇਲਾਵਾ ਗ਼ਰੀਬ ਪਰਿਵਾਰ ਨੂੰ ਮੁਫ਼ਤ ਡਾਕਟਰੀ ਸਹੂਲਤ ਪ੍ਰਦਾਨ ਕਰਨ ਲਈ ਆਯੁਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਅਰੋਗਯ ਯੋਜਨਾ-ਚਿਰਾਯੂ ਯੋਜਨਾ ਤਹਿਤ 5 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਹੁਣ ਤੱਕ ਲਗਭਗ 30 ਲੱਖ ਲੋਕਾਂ ਦਾ 4 ਹਜ਼ਾਰ 314 ਕਰੋੜ ਰੁਪਏ ਦੀ ਲਾਗਤ ਨਾਲ ਮੁਫ਼ਤ ਇਲਾਜ ਕਰਵਾਇਆ ਜਾ ਚੁੱਕਾ ਹੈ। ਸਰਕਾਰ ਨੇ ਕਿਡਨੀ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਲਈ ਸਾਰੇ ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿੱਚ ਮੁਫ਼ਤ ਡਾਇਲਸਿਸ ਦੀਆਂ ਸੇਵਾਵਾਂ ਸ਼ੁਰੂ ਕੀਤੀਆਂ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਵਿਆਹ ਸ਼ਗਨ ਯੋਜਨਾ ਤਹਿਤ ਅਨੁਸੂਚਿਤ ਜਾਤੀ ਦੇ ਗ਼ਰੀਬ ਪਰਿਵਾਰਾਂ ਦੀਆਂ ਭੈਣਾਂ-ਧੀਆਂ ਦੇ ਵਿਆਹ 'ਤੇ 71 ਹਜ਼ਾਰ ਰੁਪਏ ਤੱਕ ਦੀ ਸ਼ਗਨ ਰਕਮ ਦਿੱਤੀ ਜਾਂਦੀ ਹੈ। ਹੁਣ ਤੱਕ 3 ਲੱਖ 85 ਹਜ਼ਾਰ ਧੀਆਂ ਦੇ ਵਿਆਹ 'ਤੇ 1 ਹਜ਼ਾਰ 523 ਕਰੋੜ ਰੁਪਏ ਦੀ ਸ਼ਗਨ ਰਕਮ ਦਿੱਤੀ ਗਈ ਹੈ। ਗ਼ਰੀਬ ਮਹਿਲਾਵਾਂ ਨੂੰ ਆਪਣੀ ਰਸੋਈ ਚਲਾਉਣ ਲਈ ਹਰ ਮਹੀਨੇ ਸਿਰਫ਼ 500 ਰੁਪਏ ਵਿੱਚ ਗੈਸ ਸਿਲੰਡਰ ਦਿੱਤਾ ਜਾ ਰਿਹਾ ਹੈ। ਇਹ ਲਾਭ ਸੂਬੇ ਦੇ ਲਗਭਗ 14 ਲੱਖ 43 ਹਜ਼ਾਰ ਪਰਿਵਾਰਾਂ ਨੂੰ ਮਿਲ ਰਿਹਾ ਹੈ।

ਇਸ ਮੌਕੇ ਸਾਬਕਾ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ, ਡਿਪਟੀ ਕਮਿਸ਼ਨਰ ਸ੍ਰੀ ਵਿਸ਼ਰਾਮ ਕੁਮਾਰ ਮੀਣਾ, ਪੁਲਿਸ ਸੁਪਰਡੈਂਟ ਸ੍ਰੀ ਚੰਦਰ ਮੋਹਨ, ਏ.ਡੀ.ਸੀ. ਸ੍ਰੀ ਵਿਵੇਕ ਆਰੀਆ, ਐਸ.ਡੀ.ਐਮ. ਸ੍ਰੀ ਅਨੁਭਵ ਮਹਿਤਾ, ਚੇਅਰਮੈਨ ਸ੍ਰੀ ਸੁਭਾਸ਼ ਕਲਸਾਨਾ, ਭਾਜਪਾ ਦੇ ਸੀਨੀਅਰ ਨੇਤਾ ਸ੍ਰੀ ਜੈਭਗਵਾਨ ਸ਼ਰਮਾ ਡੀ.ਡੀ., ਚੇਅਰਮੈਨ ਸ੍ਰੀ ਗੁਰਨਾਮ ਸੈਣੀ, ਚੇਅਰਮੈਨ ਸ੍ਰੀ ਰਵਿੰਦਰ ਸਾਂਗਵਾਨ, ਜ਼ਿਲ੍ਹਾ ਪ੍ਰਧਾਨ ਸ੍ਰੀ ਰਮੇਸ਼ ਸੈਣੀ, ਚੇਅਰਪਰਸਨ ਸਾਖੀ ਖੁਰਾਨਾ, ਚੇਅਰਮੈਨ ਡਾ. ਗਣੇਸ਼ ਦੱਤ, ਸ੍ਰੀ ਸਤੀਸ਼ ਮਥਾਨਾ ਸਮੇਤ ਮਾਣਯੋਗ ਵਿਅਕਤੀ ਮੌਜੂਦ ਸਨ।

# ਰਾਜ ਸਭਾ ਤੋਂ ਬਾਅਦ ਲੋਕ ਸਭਾ 'ਚ 'ਵੰਦੇ ਮਾਤਰਮ' ਬਿੱਲ ਪਾਸ; ਵਿਰੋਧੀ ਧਿਰ ਵੱਲੋਂ ਹੰਗਾਮਾ

## ਮਨੂਸਮ੍ਰਿਤੀ ਸਿੱਖਿਆ ਖੇਤਰ 'ਚ ਜਾਤੀਵਾਦ ਨੂੰ ਹਵਾ ਦਿੰਦੀ ਹੈ, ਖੜਗੇ ਦੇ ਬਿਆਨ 'ਤੇ ਰਾਜ ਸਭਾ 'ਚ ਹੰਗਾਮਾ

**ਨਵੀਂ ਦਿੱਲੀ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਜੀਟਲ ਡੈਸਕ, ਨਵੀਂ ਦਿੱਲੀ : ਰਾਜ ਸਭਾ ਤੋਂ ਬਾਅਦ, ਵੰਦੇ ਮਾਤਰਮ ਬਿੱਲ ਹੁਣ ਲੋਕ ਸਭਾ 'ਚ ਵੀ ਪਾਸ ਹੋ ਗਿਆ ਹੈ। ਵਿਰੋਧੀ ਧਿਰ ਵੱਲੋਂ ਕੀਤੇ ਗਏ ਹੰਗਾਮੇ ਦੇ ਬਾਵਜੂਦ ਬਿੱਲ ਨੇ ਦੋਵਾਂ ਸਦਨਾਂ ਨੂੰ ਮਨਜ਼ੂਰੀ ਦੇ ਦਿੱਤੀ। ਵੰਦੇ ਮਾਤਰਮ ਬਿੱਲ ਨੂੰ ਬੁੱਧਵਾਰ, 29 ਜੁਲਾਈ ਨੂੰ ਰਾਜ ਸਭਾ ਤੋਂ ਪ੍ਰਵਾਨਗੀ ਮਿਲੀ ਅਤੇ ਅੱਜ, ਵੀਰਵਾਰ, 31 ਜੁਲਾਈ ਨੂੰ ਲੋਕ ਸਭਾ ਵੱਲੋਂ ਪਾਸ ਕਰ ਦਿੱਤਾ ਗਿਆ। ਦੋਵਾਂ ਸਦਨਾਂ ਵੱਲੋਂ ਪਾਸ ਹੋਣ ਤੋਂ ਬਾਅਦ, ਬਿੱਲ ਹੁਣ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜਿਆ ਜਾਵੇਗਾ।

ਇੱਕ ਵਾਰ ਵੰਦੇ ਮਾਤਰਮ ਬਿੱਲ ਕਾਨੂੰਨ ਬਣ ਜਾਣ ਤੋਂ ਬਾਅਦ, ਰਾਸ਼ਟਰੀ ਗੀਤ ਨੂੰ ਰਾਸ਼ਟਰੀ ਗੀਤ, 'ਜਨ ਗਣ ਮਨ' ਵਾਂਗ ਕਾਨੂੰਨੀ ਸੁਰੱਖਿਆ ਮਿਲੇਗੀ। ਨਵੇਂ ਕਾਨੂੰਨ ਦੇ ਲਾਗੂ ਹੋਣ ਨਾਲ, ਵੰਦੇ ਮਾਤਰਮ ਦਾ ਨਿਰਾਦਰ ਕਰਨਾ ਇੱਕ ਅਪਰਾਧ ਮੰਨਿਆ ਜਾਵੇਗਾ।

ਵੰਦੇ ਮਾਤਰਮ ਦੇ ਗਾਉਣ 'ਚ ਵਿਘਨ ਪਾਉਣਾ ਜਾਂ ਕਿਸੇ ਨੂੰ ਵੀ ਇਸ ਨੂੰ ਗਾਉਣ ਤੋਂ ਰੋਕਣਾ ਵੀ ਇੱਕ ਅਪਰਾਧ ਹੋਵੇਗਾ। ਵੰਦੇ ਮਾਤਰਮ ਦਾ ਨਿਰਾਦਰ ਕਰਨ 'ਤੇ ਤਿੰਨ ਸਾਲ ਤੱਕ ਦੀ ਕੈਦ, ਜੁਰਮਾਨਾ, ਜਾਂ ਦੋਵੇਂ ਹੋ ਸਕਦੇ ਹਨ। ਰਾਸ਼ਟਰੀ ਗੀਤ ਦਾ ਨਿਰਾਦਰ ਕਰਨ 'ਤੇ ਵੀ ਇਹੀ ਸਜ਼ਾਵਾਂ ਲਾਗੂ ਹੁੰਦੀਆਂ ਹਨ।

ਰਾਜ ਮੰਤਰੀ ਡਾ. ਜਿਤੇਂਦਰ ਸਿੰਘ ਨੇ ਰਾਜ ਸਭਾ ਵਿੱਚ ਪੇਪਰ ਲੀਕ ਵਿਰੋਧੀ ਬਿੱਲ ਪੇਸ਼ ਕੀਤਾ। ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੇ ਬਿੱਲ 'ਤੇ ਚਰਚਾ ਸ਼ੁਰੂ ਕੀਤੀ। ਖੜਗੇ ਨੇ ਕਿਹਾ ਕਿ ਇਹ 12 ਸਾਲਾਂ ਵਿੱਚ ਪਹਿਲੀ ਵਾਰ ਸੀ ਜਦੋਂ ਕਿਸੇ ਸਿੱਖਿਆ ਮੰਤਰੀ ਨੇ ਅਸਤੀਫਾ ਦਿੱਤਾ ਸੀ।

ਸਰਕਾਰ ਨੇ ਪੇਪਰ ਲੀਕ ਅਤੇ ਉਨ੍ਹਾਂ ਦੇ ਵਿਰੋਧ ਪ੍ਰਦਰਸ਼ਨਾਂ ਬਾਰੇ ਵਿਦਿਆਰਥੀਆਂ ਦੀ ਗੱਲ ਨਹੀਂ ਸੁਣੀ; ਬਾਅਦ ਵਿੱਚ ਹੀ ਜੇ.ਪੀ. ਨੱਡਾ ਨੇ ਉਨ੍ਹਾਂ ਨੂੰ ਮੀਟਿੰਗ ਲਈ ਬੁਲਾਇਆ। ਜੇਕਰ ਇਹ ਪਹਿਲਾਂ ਹੁੰਦਾ ਤਾਂ ਵਿਦਿਆਰਥੀਆਂ ਨੂੰ ਲਾਠੀਚਾਰਜ ਦਾ ਸਾਹਮਣਾ ਨਾ ਕਰਨਾ ਪੈਂਦਾ। ਆਪਣੇ ਭਾਸ਼ਣ ਦੌਰਾਨ ਖੜਗੇ ਨੇ *ਮਨੁਸਮ੍ਰਿਤੀ* 'ਤੇ ਚਰਚਾ ਕੀਤੀ, ਜਿਸ ਨਾਲ ਸਦਨ ਵਿੱਚ ਭਾਰੀ ਹੰਗਾਮਾ ਹੋਇਆ। ਵਿਰੋਧੀ ਧਿਰ ਦੇ ਹੰਗਾਮੇ ਕਾਰਨ ਪ੍ਰਸ਼ਨ ਕਾਲ ਅੱਗੇ ਨਹੀਂ ਵਧ ਸਕਿਆ ਅਤੇ ਰਾਜ ਸਭਾ ਦੀ ਕਾਰਵਾਈ ਦੁਪਹਿਰ 3 ਵਜੇ ਤੱਕ ਮੁਲਤਵੀ ਕਰਨੀ ਪਈ।

ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਵੱਲੋਂ ਮਨੁਸਮ੍ਰਿਤੀ ਬਾਰੇ ਕੀਤੀਆਂ ਟਿੱਪਣੀਆਂ ਤੋਂ ਬਾਅਦ ਰਾਜ ਸਭਾ ਵਿੱਚ ਵਿਵਾਦ ਸ਼ੁਰੂ ਹੋ ਗਿਆ। ਖੜਗੇ ਨੇ ਦੋਸ਼ ਲਗਾਇਆ ਕਿ ਮਨੁਸਮ੍ਰਿਤੀ ਸਿੱਖਿਆ ਦੇ ਖੇਤਰ ਵਿੱਚ ਜਾਤੀਵਾਦ ਨੂੰ ਉਤਸ਼ਾਹਿਤ ਕਰਦੀ ਹੈ - ਇੱਕ ਅਜਿਹਾ ਦਾਅਵਾ ਜਿਸ ਦਾ ਖਜ਼ਾਨਾ ਬੈਂਚਾਂ ਨੇ ਸਖ਼ਤ ਇਤਰਾਜ਼ ਕੀਤਾ।

ਜਿਵੇਂ ਹੀ ਖੜਗੇ ਨੇ ਦੋਸ਼ ਲਗਾਇਆ ਕਿ ਮਨੁਸਮ੍ਰਿਤੀ ਸਿੱਖਿਆ ਵਿੱਚ ਜਾਤੀਵਾਦ ਨੂੰ ਉਤਸ਼ਾਹਿਤ ਕਰਦੀ ਹੈ, ਰਾਜ ਸਭਾ ਵਿੱਚ ਭਾਰੀ ਹੰਗਾਮਾ ਹੋਇਆ। ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਮਾਫ਼ੀ ਦੀ ਮੰਗ ਕਰਦੇ ਹੋਏ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ, ਜਦੋਂ ਕਿ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੇ ਖੜਗੇ ਦੀਆਂ ਟਿੱਪਣੀਆਂ 'ਤੇ ਇਤਰਾਜ਼ ਕੀਤਾ।

ਜਵਾਬ ਵਿੱਚ ਚੇਅਰਪਰਸਨ ਨੇ ਕਿਹਾ ਕਿ ਮਨੁਸਮ੍ਰਿਤੀ ਬਾਰੇ ਖੜਗੇ ਦੀਆਂ ਟਿੱਪਣੀਆਂ ਨੂੰ ਰਿਕਾਰਡ ਵਿੱਚੋਂ ਕੱਢ ਦਿੱਤਾ ਜਾਵੇਗਾ।

**ਸਿੱਖਿਆ ਕੁਝ ਚੋਣਵੇਂ ਲੋਕਾਂ ਦਾ ਵਿਸ਼ੇਸ਼ ਅਧਿਕਾਰ ਨਹੀਂ ਹੈ: ਖੜਗੇ**

ਮਲਿਕਾਕਾਰਜੁਨ ਖੜਗੇ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ 152 ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰ ਲੀਕ ਹੋਏ ਹਨ, ਫਿਰ ਵੀ ਇੱਕ ਵੀ ਵਿਅਕਤੀ ਨੂੰ ਸਜ਼ਾ ਨਹੀਂ ਦਿੱਤੀ ਗਈ।

# ਚੰਡੀਗੜ੍ਹ ਪ੍ਰਦਰਸ਼ਨ ਮਾਮਲਾ : ਵਿਧਾਇਕ ਮਨਪ੍ਰੀਤ ਇਆਲੀ ਸਣੇ 15 ਆਗੂ ਨਾਮਜ਼ਦ

**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਕੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਕੀਤੇ ਗਏ ਕੂਚ ਤੋਂ ਬਾਅਦ ਚੰਡੀਗੜ੍ਹ ਪੁਲਿਸ ਨੇ ਵੱਡੀ ਕਾਰਵਾਈ ਕੀਤੀ ਹੈ। ਪੁਲਿਸ ਨੇ 'ਵਾਰਿਸ ਪੰਜਾਬ ਦੇ' ਨਾਲ ਸੰਬੰਧਿਤ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਸਮੇਤ 15 ਆਗੂਆਂ ਨੂੰ ਨਾਮਜ਼ਦ ਕਰਦਿਆਂ ਐੱਫਆਈਆਰ ਦਰਜ ਕੀਤੀ ਹੈ। ਐੱਫਆਈਆਰ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਆਗੂਆਂ ਦੀ ਅਗਵਾਈ ਹੇਠ ਪਹੁੰਚੇ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਗਊਸ਼ਾਲਾ ਚੌਕ 'ਤੇ ਲਗੇ ਬੈਰੀਕੇਡ ਤੋੜ ਦਿੱਤੇ, ਪੁਲਿਸ ਬਲ 'ਤੇ ਹਮਲਾ ਕੀਤਾ ਅਤੇ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਇਆ।

ਪੁਲਿਸ ਮੁਤਾਬਕ ਬੀਤੇ ਦਿਨੀਂ ਦੁਪਹਿਰ ਕਰੀਬ 2500 ਤੋਂ 3000 ਪ੍ਰਦਰਸ਼ਨਕਾਰੀ ਸੈਕਟਰ-50/51/44/45 ਸਥਿਤ ਗਊਸ਼ਾਲਾ ਚੌਕ 'ਤੇ ਇਕੱਠੇ ਹੋਏ। ਪ੍ਰਦਰਸ਼ਨਕਾਰੀ ਅੰਮ੍ਰਿਤਪਾਲ ਸਿੰਘ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਦੇ ਹੋਏ ਮੁੱਖ ਮੰਤਰੀ ਨਿਵਾਸ ਵੱਲ ਕੂਚ ਕਰਨਾ ਚਾਹੁੰਦੇ ਸਨ। ਪੁਲਿਸ ਦਾ ਦਾਅਵਾ ਹੈ ਕਿ ਕਈ ਪ੍ਰਦਰਸ਼ਨਕਾਰੀ ਤਲਵਾਰਾਂ, ਫਰਸੇ, ਕੁਹਾੜੀਆਂ, ਨੇਜ਼ੇ ਅਤੇ ਡੰਡੇ ਲੈ ਕੇ ਪਹੁੰਚੇ ਹੋਏ ਸਨ ਅਤੇ ਸੜਕ ਜਾਮ ਕਰਕੇ ਨਾਅਰੇਬਾਜ਼ੀ ਕਰ ਰਹੇ ਸਨ।

ਇਹ ਵੀ ਪੜ੍ਹੋ

ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੇ ਪੁਲਿਸ ਨੂੰ ਦਿੱਤੀ ਝਕਾਨੀ, ਪਹੁੰਚੇ ਚੌਥੀ ਮੰਜ਼ਿਲ 'ਤੇ; ਸਿੱਖਿਆ ਭਵਨ ਅੱਗੇ ਲਾਇਆ ਧਰਨਾ

ਐੱਫਆਈਆਰ ਅਨੁਸਾਰ ਮੌਕੇ 'ਤੇ ਮੌਜੂਦ ਸੀਨੀਅਰ ਅਧਿਕਾਰੀਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਕਈ ਵਾਰ ਸਮਝਾਇਆ ਕਿ ਸ਼ਹਿਰ ਵਿੱਚ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀਐਨਐੱਸਐੱਸ) ਦੀ ਧਾਰਾ 163 ਲਾਗੂ ਹੈ ਅਤੇ ਬਿਨਾਂ ਇਜਾਜ਼ਤ ਮਾਰਚ ਕੱਢਣ ਦੀ ਮਨਜ਼ੂਰੀ ਨਹੀਂ ਹੈ। ਉਨ੍ਹਾਂ ਨੂੰ ਸੈਕਟਰ-25 ਰੈਲੀ ਗਰਾਊਂਡ ਵਿੱਚ ਪ੍ਰਦਰਸ਼ਨ ਕਰਨ ਦੀ ਸਲਾਹ ਵੀ ਦਿੱਤੀ ਗਈ, ਪਰ ਪੁਲਿਸ ਦਾ ਦੋਸ਼ ਹੈ ਕਿ ਪ੍ਰਦਰਸ਼ਨਕਾਰੀ ਨਹੀਂ ਮੰਨੇ ਅਤੇ ਬੈਰੀਕੇਡ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ।

ਸਥਿਤੀ ਵਿਗੜਨ 'ਤੇ ਡਿਊਟੀ ਮੈਜਿਸਟਰੇਟ ਦੀ ਮਨਜ਼ੂਰੀ ਨਾਲ ਪੁਲਿਸ ਨੇ ਹਲਕਾ ਬਲ ਇਸਤੇਮਾਲ ਕੀਤਾ ਅਤੇ ਵਾਟਰ ਕੈਨਨ ਦੀ ਵਰਤੋਂ ਕੀਤੀ। ਇਸ ਦੇ ਬਾਵਜੂਦ ਪੁਲਿਸ ਦਾ ਦੋਸ਼ ਹੈ ਕਿ ਪ੍ਰਦਰਸ਼ਨਕਾਰੀਆਂ ਨੇ ਪੁਲਿਸ 'ਤੇ ਹਮਲਾ ਕਰ ਦਿੱਤਾ।

# ਰਾਹੁਲ ਨੇ ਸੰਸਦ ਵਿੱਚ ਅਮਿਤ ਸ਼ਾਹ ਦੀ ਗੈਰ-ਹਾਜ਼ਰੀ ਨੂੰ 'ਦੋਸ਼ ਦੀ ਬੂ' ਦੱਸਿਆ

**ਨਵੀਂ ਦਿੱਲੀ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਸੰਸਦ ਵਿੱਚ ਗੈਰ-ਹਾਜ਼ਰੀ ਦੋਸ਼ ਦੀ ਬੂ ਮਾਰਦੀ ਹੈ, ਕਿਉਂਕਿ ਉਨ੍ਹਾਂ ਨੇ ਵਿਦਿਆਰਥੀਆਂ 'ਤੇ ਕਥਿਤ ਪੁਲੀਸ ਜ਼ਿਆਦਤੀਆਂ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਦੀ ਆਪਣੀ ਮੰਗ ਨੂੰ ਦੁਹਰਾਇਆ।

ਗਾਂਧੀ ਨੇ ਐਕਸ 'ਤੇ ਪੁਲੀਸ ਵੱਲੋਂ ਵਿਦਿਆਰਥੀਆਂ 'ਤੇ ਲਾਠੀਚਾਰਜ ਕਰਨ ਦੀ ਇੱਕ ਵੀਡੀਓ ਕਲਿੱਪ ਵੀ ਸਾਂਝੀ ਕੀਤੀ।

ਉਨ੍ਹਾਂ ਸੋਸ਼ਲ ਮੀਡੀਆ ਸਾਈਟ 'ਤੇ ਕਿਹਾ, ਵਿਦਿਆਰਥੀ ਇਨਸਾਫ਼ ਦੇ ਹੱਕਦਾਰ ਹਨ। ਸਾਡੇ ਵਿਦਿਆਰਥੀਆਂ 'ਤੇ ਹੋਏ ਅੱਤਿਆਚਾਰਾਂ ਦੀ ਜਾਂਚ ਲਈ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਇੱਕ ਆਜ਼ਾਦ ਉੱਚ-ਪੱਧਰੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ, ਉਹ 20 ਜੁਲਾਈ ਨੂੰ 'ਕੱਕਰੋਚ ਜਨਤਾ ਪਾਰਟੀ' ਦੀ ਅਗਵਾਈ ਹੇਠ ਸੰਸਦ ਵੱਲ ਕੱਢੇ ਗਏ ਰੋਸ ਮਾਰਚ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵਿਦਿਆਰਥੀ ਪ੍ਰਦਰਸ਼ਨਕਾਰੀਆਂ 'ਤੇ ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਕਾਰਵਾਈ ਦਾ ਹਵਾਲਾ ਦੇ ਰਹੇ ਸਨ।

ਇੱਕ ਹੋਰ ਪੋਸਟ ਵਿੱਚ, ਗਾਂਧੀ ਨੇ ਪੁੱਛਿਆ ਕਿ ਸ਼ਾਹ ਸੰਸਦ ਵਿੱਚ ਆਉਣ ਅਤੇ ਵਿਦਿਆਰਥੀਆਂ 'ਤੇ ਹੋਈ ਬੇਰਹਿਮ ਹਿੰਸਾ ਬਾਰੇ ਸਪੱਸ਼ਟੀਕਰਨ ਦੇਣ ਤੋਂ ਇੰਨੇ ਡਰੇ ਹੋਏ ਕਿਉਂ ਹਨ।

ਉਨ੍ਹਾਂ ਅੱਗੇ ਕਿਹਾ, ਇਹ ਦੋਸ਼ ਦੀ ਬੂ ਮਾਰਦਾ ਹੈ। ਗਾਂਧੀ ਨੇ ਬੁੱਧਵਾਰ ਨੂੰ ਵੀ ਸ਼ਾਹ ਨੂੰ ਬਰਖਾਸਤ ਕਰਨ ਅਤੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ 'ਤੇ ਕੀਤੇ ਗਏ ਬੇਰਹਿਮ ਹਮਲੇ ਅਤੇ ਉਨ੍ਹਾਂ 'ਤੇ ਪੈਲਟ ਗਨ ਦੀ ਵਰਤੋਂ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਕਮੇਟੀ ਬਣਾਉਣ ਦੀ ਮੰਗ ਕੀਤੀ ਸੀ।

ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਦੋਸ਼ ਲਾਇਆ ਕਿ ਵਿਦਿਆਰਥੀਆਂ 'ਤੇ ਅੱਤਿਆਚਾਰ ਦੇ ਹੁਕਮ ਦੇ ਸ਼ਾਹ ਦੋਸ਼ੀ ਹਨ ਅਤੇ ਇਸ ਲਈ ਉਨ੍ਹਾਂ ਨੂੰ ਹਟਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇ ਮੰਤਰੀ ਨੂੰ ਪ੍ਰਦਰਸ਼ਨਕਾਰੀਆਂ 'ਤੇ ਪੈਲਟ ਗਨ ਦੀ ਵਰਤੋਂ ਬਾਰੇ ਪਤਾ ਨਹੀਂ ਸੀ, ਤਾਂ ਉਹ ਅਯੋਗ ਹਨ।

ਭਾਜਪਾ ਨੇ ਪਲਟਵਾਰ ਕਰਦਿਆਂ ਬੇਬੁਨਿਆਦ ਦੋਸ਼ ਲਗਾ ਕੇ ਸਦਨ ਦੀ ਦੁਰਵਰਤੋਂ ਕਰਨ ਲਈ ਰਾਹੁਲ ਗਾਂਧੀ ਤੋਂ ਮੁਆਫੀ ਮੰਗਣ ਦੀ ਮੰਗ ਕੀਤੀ।

ਰਾਹੁਲ ਗਾਂਧੀ ਨੇ ਪੇਪਰ ਲੀਕ ਲਈ ਸਖ਼ਤ ਸਜ਼ਾ ਦੀ ਮੰਗ ਕਰਨ ਵਾਲੇ ਬਿੱਲ 'ਤੇ ਬਹਿਸ ਦੌਰਾਨ ਬੋਲਦਿਆਂ ਲੋਕ ਸਭਾ ਵਿੱਚ ਸ਼ਾਹ 'ਤੇ ਹਮਲਾ ਬੋਲਿਆ ਸੀ।

ਉਨ੍ਹਾਂ ਦੋਸ਼ ਲਾਇਆ ਕਿ ਸ਼ਾਹ ਵਿਦਿਆਰਥੀ ਪ੍ਰਦਰਸ਼ਨਕਾਰੀਆਂ 'ਤੇ ਪੁਲੀਸ ਜ਼ਿਆਦਤੀਆਂ ਦੇ ਪਿੱਛੇ ਸਨ, ਜਿਸ ਨਾਲ ਸੰਸਦ ਦੇ ਅੰਦਰ ਅਤੇ ਬਾਹਰ ਸੱਤਾਧਾਰੀ ਬੈਂਚਾਂ ਵੱਲੋਂ ਭਾਰੀ ਹੰਗਾਮਾ ਹੋਇਆ।

# ਗੀਤਾ ਗਿਆਨ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਸਰਕਾਰ ਵਚਨਬੱਧ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਗੀਤਾ ਨੂੰ ਸਿਲੇਬਸ ਵਿੱਚ ਅਤੇ ਘਰ-ਘਰ ਗੀਤਾ ਦੇ ਸੰਕਲਪ 'ਤੇ ਕੰਮ ਕਰ ਰਹੀ ਹੈ। ਸ਼੍ਰੀਮਦ ਭਗਵਦਗੀਤਾ ਸਿਰਫ਼ ਇੱਕ ਧਾਰਮਿਕ ਗ੍ਰੰਥ ਨਹੀਂ ਹੈ, ਸਗੋਂ ਇਹ ਜੀਵਨ ਜਿਊਣ ਦਾ ਪੂਰਾ ਵਿਗਿਆਨ ਹੈ। ਗੀਤਾ ਵਿੱਚ ਕਰਮ, ਧਰਮ, ਗਿਆਨ ਅਤੇ ਭਗਤੀ ਦਾ ਜੋ ਤਾਲਮੇਲ ਦੱਸਿਆ ਗਿਆ ਹੈ, ਉਹੀ ਅੱਜ ਦੇ ਸਮੇਂ ਵਿੱਚ ਸਮਾਜ ਅਤੇ ਦੇਸ਼ ਨੂੰ ਅੱਗੇ ਵਧਾਉਣ ਦਾ ਆਧਾਰ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਸੱਭਿਆਚਾਰ ਅਤੇ ਵਿਕਾਸ ਨੂੰ ਨਾਲ ਲੈ ਕੇ ਚੱਲ ਰਹੀ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਦੇਰ ਸ਼ਾਮ ਗੁਰੂ ਪੂਰਨਿਮਾ ਦੇ ਮੌਕੇ 'ਤੇ ਗੀਤਾ ਗਿਆਨ ਸੰਸਥਾਨ, ਕੁਰੂਕਸ਼ੇਤਰ ਦੇ ਰਾਧਾ ਕ੍ਰਿਸ਼ਨ ਮੰਦਰ ਵਿੱਚ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਨਾਲ ਮੁਲਾਕਾਤ ਕੀਤੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗੀਤਾ ਮਨੀਸ਼ੀ ਗਿਆਨਾਨੰਦ ਮਹਾਰਾਜ ਤੋਂ ਗੁਰੂ-ਸ਼ਿਸ਼ ਪਰੰਪਰਾ ਨਿਭਾਉਂਦੇ ਹੋਏ ਸ਼ਾਲ ਪਾ ਕੇ ਆਸ਼ੀਰਵਾਦ ਲਿਆ। ਮੁੱਖ ਮੰਤਰੀ ਨੇ ਸੰਸਥਾਨ ਦੇ ਰਾਧਾ ਕ੍ਰਿਸ਼ਨ ਮੰਦਰ ਵਿੱਚ ਮੰਤਰ ਉਚਾਰਨ ਨਾਲ ਪੂਜਾ-ਅਰਚਨਾ ਕਰਕੇ ਸੂਬੇ ਦੀ ਸੁੱਖ, ਖੁਸ਼ਹਾਲੀ, ਸ਼ਾਂਤੀ ਅਤੇ ਜਨਭਲਾਈ ਦੀ ਕਾਮਨਾ ਕੀਤੀ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਰੂ ਪੂਰਨਿਮਾ ਦਾ ਦਿਨ ਗੁਰੂ-ਸ਼ਿਸ਼ ਪਰੰਪਰਾ ਅਤੇ ਭਾਰਤੀ ਸੱਭਿਆਚਾਰ ਦੇ ਮਾਣ ਦਾ ਪ੍ਰਤੀਕ ਹੈ। ਗੀਤਾ ਦੀ ਧਰਤੀ ਕੁਰੂਕਸ਼ੇਤਰ ਤੋਂ ਪੂਰੀ ਦੁਨੀਆ ਨੂੰ ਜੀਵਨ ਜਿਊਣ ਦੀ ਕਲਾ ਮਿਲੀ ਹੈ। ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਪਿਛਲੇ ਕਈ ਦਹਾਕਿਆਂ ਤੋਂ ਗੀਤਾ ਦੇ ਸੁਨੇਹੇ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਕੰਮ ਕਰ ਰਹੇ ਹਨ। ਉਨ੍ਹਾਂ ਦਾ ਜੀਵਨ ਅਤੇ ਕੰਮ ਸਾਡੇ ਸਾਰਿਆਂ ਲਈ ਪ੍ਰੇਰਨਾ ਹੈ। ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਨੂੰ ਅੰਤਰਰਾਸ਼ਟਰੀ ਗੀਤਾ ਨਗਰੀ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਬ੍ਰਹਮਸਰੋਵਰ, ਜੋਤੀਸਰ ਅਤੇ ਗੀਤਾ ਗਿਆਨ ਸੰਸਥਾਨ ਵਰਗੇ ਕੇਂਦਰਾਂ ਰਾਹੀਂ ਅਸੀਂ ਪੂਰੀ ਦੁਨੀਆ ਵਿੱਚ ਗੀਤਾ ਦਾ ਸੁਨੇਹਾ ਪਹੁੰਚਾਉਣਾ ਚਾਹੁੰਦੇ ਹਾਂ। ਅੰਤਰਰਾਸ਼ਟਰੀ ਗੀਤਾ ਮਹੋਤਸਵ ਅੱਜ ਦੁਨੀਆ ਦੇ ਸਭ ਤੋਂ ਵੱਡੇ ਸੱਭਿਆਚਾਰਕ ਆਯੋਜਨਾਂ ਵਿੱਚੋਂ ਇੱਕ ਬਣ ਗਿਆ ਹੈ। ਇਹ ਸਭ ਗੀਤਾ ਮਨੀਸ਼ੀ ਵਰਗੇ ਸੰਤਾਂ ਦੇ ਆਸ਼ੀਰਵਾਦ ਨਾਲ ਹੀ ਸੰਭਵ ਹੋਇਆ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਰੂ ਪੂਰਨਿਮਾ ਸਾਨੂੰ ਇਹ ਸਿਖਾਉਂਦੀ ਹੈ ਕਿ ਅਸੀਂ ਆਪਣੇ ਗੁਰੂ, ਮਾਤਾ-ਪਿਤਾ ਅਤੇ ਸਮਾਜ ਪ੍ਰਤੀ ਸ਼ੁਕਰਗੁਜ਼ਾਰ ਰਹੀਏ। ਹਰਿਆਣਾ ਸਰਕਾਰ ਅੰਤੋਦਯ ਦੇ ਸਿਧਾਂਤ 'ਤੇ ਕੰਮ ਕਰ ਰਹੀ ਹੈ। ਗਰੀਬ, ਕਿਸਾਨ, ਮਹਿਲਾ ਅਤੇ ਨੌਜਵਾਨ ਸਾਰਿਆਂ ਲਈ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਗੀਤਾ ਸਾਨੂੰ ਨਿਸ਼ਕਾਮ ਕਰਮ ਦੀ ਪ੍ਰੇਰਨਾ ਦਿੰਦੀ ਹੈ। ਇਸੇ ਭਾਵਨਾ ਨਾਲ ਅਸੀਂ 2047 ਤੱਕ ਵਿਕਸਤ ਭਾਰਤ ਅਤੇ ਵਿਕਸਤ ਹਰਿਆਣਾ ਦੇ ਟੀਚੇ ਨੂੰ ਪ੍ਰਾਪਤ ਕਰਾਂਗੇ।

ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਇੱਕ ਕਰਮਯੋਗੀ ਹਨ। ਉਨ੍ਹਾਂ ਨੇ ਬਹੁਤ ਘੱਟ ਸਮੇਂ ਵਿੱਚ ਸੂਬੇ ਦੀ ਬਹੁਤ ਸੇਵਾ ਕੀਤੀ ਹੈ ਅਤੇ ਅੱਗੇ ਵੀ ਅਜਿਹਾ ਹੀ ਕਰਦੇ ਰਹਿਣਗੇ। ਸਰਕਾਰ ਜਿਸ ਤਰ੍ਹਾਂ ਨਾਲ ਗੀਤਾ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਕੰਮ ਕਰ ਰਹੀ ਹੈ, ਉਹ ਸ਼ਲਾਘਾਯੋਗ ਹੈ।

# ਕਰਜ਼ਾ ਚੁੱਕਣ 'ਚ ਪੰਜਾਬ ਦੇਸ਼ 'ਚੋਂ 12ਵੇਂ ਨੰਬਰ 'ਤੇ, ਤਾਮਿਲਨਾਡੂ ਦੀ ਕਰਜ਼ਾ ਚੁੱਕਣ 'ਚ ਝੰਡੀ

## ਮਿਜ਼ੋਰਮ ਸਭ ਤੋਂ ਫਾਡੀ, ਬਿਹਾਰ ਤੇ ਹਰਿਆਣਾ ਨੂੰ ਪੰਜਾਬ ਨੇ ਪਿੱਛੇ ਛੱਡਿਆ




**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਲਕ ਦਾ ਕੋਈ ਸੂਬਾ ਨਹੀਂ ਜਿਹੜਾ ਕਰਜ਼ੇ ਦੀ ਮਾਰ ਤੋਂ ਬਚਿਆ ਹੋਵੇ। ਕਰਜ਼ਾ ਚੁੱਕਣ ਦੇ ਮਾਮਲੇ 'ਤੇ ਸਭ ਤੋਂ ਵੱਧ ਸਿਆਸੀ ਰੌਲਾ ਰੱਪਾ ਪੰਜਾਬ 'ਚ ਪੈਂਦਾ ਹੈ। ਤਾਮਿਲਨਾਡੂ ਕਰਜ਼ਾ ਚੁੱਕਣ 'ਚ ਪਹਿਲੇ ਨੰਬਰ 'ਤੇ ਹੈ ਅਤੇ ਇਸ ਵੇਲੇ ਤਾਮਿਲਨਾਡੂ 'ਤੇ 10.42 ਲੱਖ ਕਰੋੜ ਦਾ ਕਰਜ਼ਾ ਹੈ। ਸਿਰ ਚੜ੍ਹੇ ਕਰਜ਼ੇ ਦੇ ਮਾਮਲੇ 'ਤੇ ਪੰਜਾਬ ਦਾ ਦੇਸ਼ ਭਰ ਚੋਂ 12ਵਾਂ ਨੰਬਰ ਹੈ ਜਿਸ 'ਤੇ ਮਾਰਚ 2026 ਤੱਕ ਕਰਜ਼ਾ 4.13 ਲੱਖ ਕਰੋੜ ਹੋ ਗਿਆ ਹੈ। ਜਦੋਂ ਮਾਰਚ 2026 ਤੱਕ ਦੀ ਸਥਿਤੀ ਵੇਖਦੇ ਹਾਂ ਤਾਂ ਦੇਸ਼ 'ਚ ਸਭ ਤੋਂ ਘੱਟ ਕਰਜ਼ਾ 14,516 ਕਰੋੜ ਮਿਜ਼ੋਰਮ 'ਤੇ ਹੈ।

ਕੇਂਦਰੀ ਵਿੱਤ ਮੰਤਰਾਲੇ ਅਨੁਸਾਰ ਬਿਹਾਰ ਤੋਂ ਵੱਧ ਪੰਜਾਬ 'ਤੇ ਕਰਜ਼ਾ ਹੈ। ਬਿਹਾਰ 'ਤੇ ਕਰਜ਼ਾ 4.03 ਲੱਖ ਕਰੋੜ ਹੈ ਜਦੋਂ ਕਿ ਪੰਜਾਬ 'ਤੇ 4.13 ਲੱਖ ਕਰੋੜ ਹੈ। ਇਸੇ ਤਰ੍ਹਾਂ ਗੁਆਂਢੀ ਸੂਬੇ ਹਰਿਆਣਾ 'ਤੇ 4.02 ਲੱਖ ਕਰੋੜ ਦਾ ਕਰਜ਼ਾ ਹੈ। 28 ਸੂਬਿਆਂ ਚੋਂ ਦੇਸ਼ ਚੋਂ ਕਰਜ਼ਾ ਚੁੱਕਣ 'ਚ ਦੂਜਾ ਨੰਬਰ ਮਹਾਰਾਸ਼ਟਰ ਦਾ ਹੈ ਜਿਸ 'ਤੇ 9.37 ਲੱਖ ਕਰੋੜ ਦਾ ਕਰਜ਼ਾ ਹੈ।

ਲੰਘੇ ਦੋ ਵਰ੍ਹਿਆਂ 'ਚ ਹਰਿਆਣਾ ਨੇ 63 ਹਜ਼ਾਰ ਕਰੋੜ ਦਾ ਨਵਾਂ ਕਰਜ਼ਾ ਚੁੱਕਿਆ ਹੈ ਜਦੋਂ ਕਿ ਪੰਜਾਬ ਨੇ 67 ਹਜ਼ਾਰ ਕਰੋੜ ਦਾ ਕਰਜ਼ਾ ਲਿਆ ਹੈ। ਦੇਸ਼ ਚੋਂ ਤੀਜਾ ਨੰਬਰ ਉੱਤਰ ਪ੍ਰਦੇਸ਼ ਦਾ ਹੈ ਜਿਸ 'ਤੇ 8.83 ਲੱਖ ਕਰੋੜ ਦਾ ਕਰਜ਼ ਹੈ।

ਚੌਥਾ ਨੰਬਰ 'ਤੇ ਕਰਨਾਟਕਾ ਹੈ ਜਿਸ 'ਤੇ 8.14 ਲੱਖ ਕਰੋੜ ਦਾ ਕਰਜ਼ਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੱਦੀ ਸੂਬੇ ਗੁਜਰਾਤ 'ਤੇ 5.34 ਲੱਖ ਕਰੋੜ ਦਾ ਕਰਜ਼ਾ ਹੈ ਜਦੋਂ ਕਿ ਪੱਛਮੀ ਬੰਗਾਲ 'ਤੇ 7.90 ਲੱਖ ਕਰੋੜ ਦਾ ਕਰਜ਼ਾ ਹੈ। ਸਾਲ 2022 'ਚ ਪੰਜਾਬ 'ਤੇ ਕੁੱਲ ਕਰਜ਼ਾ 2.82 ਲੱਖ ਕਰੋੜ ਨੂੰ ਪਾਰ ਕਰ ਗਿਆ ਸੀ ਜਦੋਂ ਕਿ 31 ਮਾਰਚ 2027 ਤੱਕ ਇਹ ਕਰਜ਼ਾ 4.47 ਲੱਖ ਕਰੋੜ ਤੱਕ ਪਹੁੰਚਣ ਦਾ ਅਨੁਮਾਨ ਹੈ।

ਭਾਰਤੀ ਰਿਜ਼ਰਵ ਬੈਂਕ ਦੇ ਸੰਕੇਤਕ ਕਲੰਡਰ ਅਨੁਸਾਰ ਪੰਜਾਬ ਸਰਕਾਰ ਚਾਲੂ ਵਿੱਤੀ ਸਾਲ ਦੀ ਜੁਲਾਈ-ਸਤੰਬਰ ਦੀ ਤਿਮਾਹੀ ਦੌਰਾਨ 13,900 ਕਰੋੜ ਦਾ ਕਰਜ਼ਾ ਚੁੱਕੇਗੀ। ਪੰਜਾਬ ਦੀ ਪਹਿਲੀ ਤਿਮਾਹੀ ਦੌਰਾਨ 9500 ਕਰੋੜ ਕਰਜ਼ਾ ਚੁੱਕਣ ਦੀ ਵਿਉਂਤ ਸੀ ਪ੍ਰੰਤੂ ਹਕੀਕਤ 'ਚ ਪੰਜਾਬ ਨੇ ਪਹਿਲੀ ਤਿਮਾਹੀ 'ਚ ਕਰੀਬ 7800 ਕਰੋੜ ਲਿਆ।

ਹਰ ਸੂਬੇ 'ਚ ਜਦੋਂ ਚੋਣਾਂ ਹੁੰਦੀਆਂ ਹਨ ਤਾਂ ਉਸ ਵਰ੍ਹੇ 'ਚ ਕਰਜ਼ੇ ਦੀ ਰਫ਼ਤਾਰ ਵਧ ਜਾਂਦੀ ਹੈ। ਪੰਜਾਬ ਚੋਣਾਂ ਵੀ ਨਜ਼ਦੀਕ ਹਨ ਜਿਸ ਕਰਕੇ ਵਿਕਾਸ ਨੂੰ ਰਫ਼ਤਾਰ ਦੇਣ ਲਈ ਸਰਕਾਰ ਹਰ ਮਹੀਨੇ ਕਰਜ਼ਾ ਚੁੱਕ ਰਹੀ ਹੈ। ਪੰਜਾਬ ਸਰਕਾਰ ਚਾਲੂ ਵਿੱਤੀ ਸਾਲ ਦੌਰਾਨ ਮਾਰਕੀਟ ਉਧਾਰ ਜ਼ਰੀਏ 43,798.38 ਕਰੋੜ ਰੁਪਏ ਦਾ ਕਰਜ਼ਾ ਚੁੱਕਣਾ ਦੀ ਇੱਛੁਕ ਹੈ। ਦੂਜੀ ਤਿਮਾਹੀ (ਜੁਲਾਈ ਤੋਂ ਸਤੰਬਰ)ਦੌਰਾਨ ਦੇਸ਼ ਦੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵੱਲੋਂ ਕੁੱਲ 3.18 ਲੱਖ ਕਰੋੜ ਦਾ ਲੋਨ ਲਿਆ ਜਾਣਾ ਹੈ, ਜਿਸ ਚੋਂ ਪੰਜਾਬ ਦੀ ਹਿੱਸੇਦਾਰੀ 4.35 ਫ਼ੀਸਦੀ ਬਣਦੀ ਹੈ।

ਗੁਆਂਢੀ ਸੂਬਿਆਂ 'ਤੇ ਨਜ਼ਰ ਮਾਰੀਏ ਤਾਂ ਹਰਿਆਣਾ ਸਰਕਾਰ ਦੂਜੀ ਤਿਮਾਹੀ ਦੌਰਾਨ 19,000 ਹਜ਼ਾਰ ਕਰੋੜ ਦਾ ਕਰਜ਼ਾ ਚੁੱਕੇਗੀ ਜਦੋਂ ਕਿ ਹਿਮਾਚਲ ਪ੍ਰਦੇਸ਼ ਦੂਜੀ ਤਿਮਾਹੀ 'ਚ 2100 ਕਰੋੜ ਦਾ ਕਰਜ਼ਾ ਲਵੇਗੀ। ਇਸੇ ਤਰ੍ਹਾਂ ਰਾਜਸਥਾਨ ਸਰਕਾਰ ਦੂਜੀ ਤਿਮਾਹੀ ਦੌਰਾਨ 15,000 ਹਜ਼ਾਰ ਕਰੋੜ, ਬਿਹਾਰ ਸਰਕਾਰ 14 ਹਜ਼ਾਰ ਕਰੋੜ ਅਤੇ ਗੁਜਰਾਤ ਸਰਕਾਰ 12,500 ਕਰੋੜ ਦਾ ਕਰਜ਼ਾ ਚੁੱਕ ਰਹੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਤਰਕ ਹੈ ਕਿ ਉਹ ਤਾਂ ਵਿਰਾਸਤ 'ਚ ਮਿਲੇ ਕਰਜ਼ੇ ਨੂੰ ਉਤਾਰਨ ਲਈ ਹੀ ਕਰਜ਼ ਚੁੱਕ ਰਹੇ ਹਨ ਅਤੇ ਤੈਅ ਸੀਮਾ 'ਚ ਹੀ ਕਰਜ਼ ਲੈ ਰਹੇ ਹਨ।

# ਸਿਹਤ ਮੰਤਰੀ ਵੱਲੋਂ ਫੂਡ ਸੇਫਟੀ ਸੈਮੀਨਾਰ 'ਚ ਸਿਹਤਮੰਦ ਭੋਜਨ 'ਤੇ ਜ਼ੋਰ




**ਪਟਿਆਲਾ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਹੋਟਲ ਸ਼ੌਰਿਆ ਵਿਖੇ ਰੰਗਲਾ ਪੰਜਾਬ ਸਾਡੀ ਸਾਂਝੀ ਜ਼ਿੰਮੇਵਾਰੀ—ਸੁਰੱਖਿਅਤ ਅਤੇ ਪੌਸ਼ਟਿਕ ਖੁਰਾਕ, ਚੰਗੀ ਸਿਹਤ ਦਾ ਆਧਾਰ ਵਿਸ਼ੇ 'ਤੇ ਕਰਵਾਏ ਗਏ ਫੂਡ ਸੇਫਟੀ ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਹ ਸੈਮੀਨਾਰ ਡਿਪਟੀ ਕਮਿਸ਼ਨਰ ਪਟਿਆਲਾ, ਸਿਵਲ ਸਰਜਨ ਦਫ਼ਤਰ ਅਤੇ ਫੂਡ ਸੇਫਟੀ ਵਿਭਾਗ ਦੇ ਸਾਂਝੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਜੈਸਾ ਅੰਨ, ਵੈਸਾ ਮਨ ਸਿਰਫ਼ ਇੱਕ ਕਹਾਵਤ ਨਹੀਂ, ਸਗੋਂ ਸਿਹਤਮੰਦ ਜੀਵਨ ਦਾ ਮੂਲ ਮੰਤਰ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸ਼ੁੱਧ ਹਵਾ ਅਤੇ ਸਾਫ਼ ਪਾਣੀ ਮਨੁੱਖੀ ਸਿਹਤ ਲਈ ਜ਼ਰੂਰੀ ਹਨ, ਉਸੇ ਤਰ੍ਹਾਂ ਸੁਰੱਖਿਅਤ, ਪੌਸ਼ਟਿਕ ਅਤੇ ਮਿਆਰੀ ਖੁਰਾਕ ਵੀ ਤੰਦਰੁਸਤ ਜੀਵਨ ਦਾ ਅਹਿਮ ਆਧਾਰ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਸਿਰਜੇ ਜਾ ਰਹੇ 'ਰੰਗਲਾ ਪੰਜਾਬ' ਦੇ ਸੁਪਨੇ ਨੂੰ ਸਾਕਾਰ ਕਰਨ ਲਈ ਲੋਕਾਂ ਵਿੱਚ ਸਿਹਤਮੰਦ ਖਾਣ-ਪੀਣ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸੇ ਉਦੇਸ਼ ਨਾਲ ਸੂਬਾ ਸਰਕਾਰ ਵੱਲੋਂ ਅਜਿਹੇ ਜਾਗਰੂਕਤਾ ਸੈਮੀਨਾਰ ਲਗਾਤਾਰ ਕਰਵਾਏ ਜਾ ਰਹੇ ਹਨ। ਸਿਹਤ ਮੰਤਰੀ ਨੇ ਦੱਸਿਆ ਕਿ ਇਸ ਸੈਮੀਨਾਰ ਵਿੱਚ ਖੇਤੀਬਾੜੀ ਯੂਨੀਵਰਸਿਟੀ, ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ (ਗਡਵਾਸੂ) ਦੇ ਮਾਹਿਰਾਂ ਅਤੇ ਕੁਦਰਤੀ ਤੇ ਜੈਵਿਕ ਖੇਤੀ ਕਰਨ ਵਾਲੇ ਕਿਸਾਨਾਂ ਨੇ ਭਾਗ ਲਿਆ। ਉਨ੍ਹਾਂ ਕਿਹਾ ਕਿ ਇਹ ਸੰਸਥਾਵਾਂ ਆਪਸੀ ਤਾਲਮੇਲ ਨਾਲ ਨੌਜਵਾਨ ਪੀੜ੍ਹੀ ਨੂੰ ਰਸਾਇਣ-ਮੁਕਤ ਅਤੇ ਜੈਵਿਕ ਖੁਰਾਕ ਦੇ ਮਹੱਤਵ ਬਾਰੇ ਜਾਗਰੂਕ ਕਰਨਗੀਆਂ। ਉਨ੍ਹਾਂ ਕਿਹਾ ਕਿ ਜੈਵਿਕ ਖੇਤੀ ਕਰਨ ਵਾਲੇ ਕਿਸਾਨ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਤੋਂ ਪਰਹੇਜ਼ ਕਰਦੇ ਹਨ, ਜਿਸ ਨਾਲ ਸਿਹਤਮੰਦ ਅਤੇ ਗੁਣਵੱਤਾ ਭਰਪੂਰ ਅਨਾਜ ਤਿਆਰ ਹੁੰਦਾ ਹੈ। ਡਾ. ਬਲਬੀਰ ਸਿੰਘ ਨੇ ਲੋਕਾਂ ਨੂੰ ਵੱਧ ਤੋਂ ਵੱਧ ਕੁਦਰਤੀ ਅਤੇ ਜੈਵਿਕ ਖੁਰਾਕ ਅਪਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸਿਹਤਮੰਦ ਸਮਾਜ ਦੀ ਨੀਂਹ ਸੁਰੱਖਿਅਤ ਭੋਜਨ 'ਤੇ ਹੀ ਟਿਕੀ ਹੁੰਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਫੂਡ ਬਿਜ਼ਨਸ ਆਪਰੇਟਰਾਂ ਅਤੇ ਖਾਣ-ਪੀਣ ਵਾਲੀਆਂ ਵਸਤਾਂ ਵੇਚਣ ਵਾਲੇ ਵਿਕਰੇਤਾਵਾਂ ਦੀ ਨਿਯਮਤ ਜਾਂਚ ਕੀਤੀ ਜਾਂਦੀ ਹੈ ਤਾਂ ਜੋ ਲੋਕਾਂ ਨੂੰ ਮਿਆਰੀ ਅਤੇ ਸੁਰੱਖਿਅਤ ਖੁਰਾਕ ਉਪਲਬਧ ਹੋ ਸਕੇ ਅਤੇ ਕਿਸੇ ਵੀ ਤਰ੍ਹਾਂ ਦੀ ਮਿਲਾਵਟ ਜਾਂ ਗੈਰ-ਮਿਆਰੀ ਖੁਰਾਕ ਨੂੰ ਰੋਕਿਆ ਜਾ ਸਕੇ।

ਇਸ ਮੌਕੇ ਫੂਡ ਸੇਫਟੀ ਕਮਿਸ਼ਨਰ ਕੰਵਲਪ੍ਰੀਤ ਬਰਾੜ, ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਡੀਨ ਸੀ.ਓ.ਸੀ.ਐੱਸ. ਕਿਰਨ ਬੈਂਸ, ਵੀਸੀ.ਪੀ.ਏ.ਯੂ. ਡਾ. ਐੱਸ.ਐੱਸ. ਗੋਸਲ, ਵੀ.ਸੀ. ਗਡਵਾਸੂ ਜੇ. ਐਸ. ਗਿੱਲ, ਪਿੰਗਲਵਾੜਾ ਤੋਂ ਸ੍ਰ. ਰਾਜਵੀਰ ਸਿੰਘ, ਚੇਅਰਪਰਸਨ ਪੀ.ਪੀ.ਸੀ.ਬੀ. ਮਿਸ ਰੀਨਾ ਗੁਪਤਾ, ਰਵਨੀਤ ਕੌਰ, ਐਨ.ਜੀ.ਓ. ਮਿਸ ਪ੍ਰਗਤੀ, ਔਰਗੈਨਿਕ ਪ੍ਰੋਡਿਊਸਰ ਸ੍ਰ. ਗੁਰਮੀਤ ਸਿੰਘ, ਖੇਤੀ ਵਿਰਾਸਤ ਮਿਸ਼ਨ ਸ਼੍ਰੀ ਉਮੇਂਦਰ ਦੱਤ, ਸਰਪੰਚ ਕਨਸੂਆ ਸ੍ਰ. ਹਰਪ੍ਰੀਤ ਸਿੰਘ, ਸੀ.ਈ.ਓ. ਚੇਅਰਜ਼ ਫੂਡ ਐਂਡ ਬੇਵਰੇਜਸ ਸ੍ਰ.ਹਰੇਂਦਰ ਪਾਲ ਸਿੰਘ ਲਾਂਬਾ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਗੁਰਪ੍ਰੀਤ ਕੌਰ, ਸਿਵਲ ਸਰਜਨ ਡਾ. ਸ਼ੈਲੀ ਜੇਟਲੀ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਮਾਹਿਰ, ਕਿਸਾਨ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਸਫ਼ਾਈ ਸੇਵਕਾਂ ਵੱਲੋਂ ਪੰਜਾਬ ਬੰਦ; ਜ਼ਿਲ੍ਹਾ ਬਰਨਾਲਾ 'ਚ ਸੁੰਨ ਪਸਰੀ

**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਰਮਚਾਰੀਆਂ 'ਤੇ ਹੋਏ ਲਾਠੀਚਾਰਜ ਦੇ ਮਾਮਲੇ ਨੂੰ ਲੈ ਕੇ ਅੱਜ ਸਫ਼ਾਈ ਕਰਮਚਾਰੀਆਂ ਵਲੋਂ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਦੌਰਾਨ ਬਰਨਾਲਾ ਪੂਰੀ ਤਰ੍ਹਾਂ ਬੰਦ ਨਜ਼ਰ ਆ ਰਿਹਾ ਹੈ। ਹਾਲਾਂਕਿ ਇਸ ਬੰਦ ਦਾ ਅਸਰ ਪੂਰੇ ਪੰਜਾਬ ਵਿੱਚ ਵੇਖਣ ਨੂੰ ਮਿਲ ਰਿਹਾ ਹੈ। ਇਸ ਦੌਰਾਨ ਸਕੂਲ, ਕਾਲਜ, ਡਾਕਟਰੀ ਸੇਵਾਵਾਂ ਅਤੇ ਹੋਰ ਜ਼ਰੂਰੀ ਸੇਵਾਵਾਂ ਆਮ ਵਾਂਗ ਹੀ ਜਾਰੀ ਹਨ ਪਰ ਘਟਨਾ ਦਾ ਮੁੱਖ ਸਥਾਨ ਜ਼ਿਲ੍ਹਾ ਬਰਨਾਲਾ ਦੇ ਬਾਜ਼ਾਰ ਪੂਰੀ ਤਰ੍ਹਾਂ ਬੰਦ ਰਹੇ।



ਸਫ਼ਾਈ ਕਰਮਚਾਰੀ ਆਪਣੀਆਂ ਲੰਬੇ ਸਮੇਂ ਤੋਂ ਲਮਕਦੀਆਂ ਮੰਗਾਂ ਨੂੰ ਜਲਦ ਪੂਰਾ ਕਰਨ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦੀਆਂ ਮੁੱਖ ਮੰਗਾਂ ਵਿੱਚ 3 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ, ਪ੍ਰਦਰਸ਼ਨਕਾਰੀ ਸਫ਼ਾਈ ਕਰਮਚਾਰੀਆਂ 'ਤੇ ਲਾਠੀਚਾਰਜ ਅਤੇ ਕੁੱਟਮਾਰ ਕਰਨ ਵਾਲੇ ਪੁਲੀਸ ਅਧਿਕਾਰੀਆਂ ਖਿਲਾਫ਼ ਮਾਮਲਾ ਦਰਜ ਕਰਨ ਦੀ ਮੰਗ ਵੀ ਕੀਤੀ ਜਾ ਰਹੀ ਹੈ। ਬਰਨਾਲਾ ਪੁਲੀਸ ਵੱਲੋਂ 22 ਜੁਲਾਈ ਨੂੰ ਸਫ਼ਾਈ ਸੇਵਕਾਂ 'ਤੇ ਲਾਠੀਚਾਰਜ ਮਗਰੋਂ ਸਿਆਸੀ ਮਾਹੌਲ ਵੀ ਭਖ ਗਿਆ ਹੈ।

ਇਸ ਬੰਦ ਦਾ ਕਾਂਗਰਸ, ਭਾਜਪਾ, ਸ਼੍ਰੋਮਣੀ ਅਕਾਲੀ ਦਲ ਸਮੇਤ ਹੋਰ ਸਿਆਸੀ ਪਾਰਟੀਆਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ), ਮਜ਼ਦੂਰ ਜਥੇਬੰਦੀਆਂ ਅਤੇ ਕਰਮਚਾਰੀ ਯੂਨੀਅਨਾਂ ਨੇ ਵੀ ਸਫ਼ਾਈ ਕਰਮਚਾਰੀਆਂ ਦੇ ਸਮਰਥਨ ਕੀਤਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਹੜਤਾਲੀ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਨੇ ਸੂਬਾ ਸਰਕਾਰ ਦੀ ਭਲਾਈ ਪੇਸ਼ਕਸ਼ ਰੱਦ ਕਰ ਦਿੱਤੀ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਹੜਤਾਲ ਨੂੰ ਖ਼ਤਮ ਕਰਾਉਣ ਲਈ ਪ੍ਰਤੀ ਮਹੀਨਾ ਤਨਖ਼ਾਹ ਵਧਾ ਕੇ 20,500 ਰੁਪਏ ਕਰ ਦਿੱਤੀ ਸੀ ਅਤੇ ਪੰਜ ਸਾਲ ਪੂਰੇ ਕਰ ਚੁੱਕੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੀ ਨੀਤੀ ਐਲਾਨੀ ਸੀ।

ਪਰ ਪੰਜਾਬ ਸਰਕਾਰ ਦੀ ਆਸ ਦੇ ਉਲਟ ਸਫ਼ਾਈ ਸੇਵਕਾਂ ਦੀਆਂ ਯੂਨੀਅਨਾਂ ਨੇ ਸਰਕਾਰੀ ਪੇਸ਼ਕਸ਼ ਠੁਕਰਾ ਦਿੱਤੀ। ਪੰਜਾਬ ਦੇ ਸ਼ਹਿਰਾਂ 'ਚ ਪਹਿਲਾਂ ਹੀ ਹੜਤਾਲ ਕਾਰਨ ਕੂੜੇ ਦੇ ਢੇਰ ਦਿਸਣ ਲੱਗੇ ਹਨ। ਅੱਗੇ ਮੀਂਹ ਪੈਣੇ ਸ਼ੁਰੂ ਹੋ ਗਏ ਤਾਂ ਸ਼ਹਿਰਾਂ ਦੀ ਸਥਿਤੀ ਨਰਕ 'ਚ ਬਦਲ ਜਾਵੇਗੀ।

# ਐਚਡੀਐਫਸੀ ਬੈਂਕ ਕੇ ਸੀਐਸਆਰ ਫੁੱਟਪ੍ਰਿੰਟ ਨੇ ਦੇਸ਼ ਵਿੱਚ 10.77 ਕਰੋੜਾਂ ਲੋਕਾਂ ਤੱਕ ਪਹੁੰਚਿਆ

**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਸਭ ਤੋਂ ਵੱਡੇ ਨਿੱਜੀ ਖੇਤਰ ਦੇ ਬੈਂਕ, ਐਚਡੀਐਫਸੀ ਬੈਂਕ ਨੇ ਆਪਣੀਆਂ ਸੀਐਸਆਰ ਪਹਿਲਕਦਮੀਆਂ ਰਾਹੀਂ 10.77 ਕਰੋੜਾਂ ਤੋਂ ਵੱਧ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਇਸਦਾ ਛਤਰੀ ਪ੍ਰੋਗਰਾਮ, ਪਰਿਵਰਤਨ, ਹੁਣ ਭਾਰਤ ਦੇ ਸਾਰੇ 28 ਰਾਜਾਂ ਅਤੇ ਅੱਠ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਫੈਲਿਆ ਹੋਇਆ ਹੈ। ਬੈਂਕ ਭਾਈਵਾਲਾਂ, ਸਥਾਨਕ ਪ੍ਰਸ਼ਾਸਨਾਂ ਅਤੇ ਭਾਈਚਾਰਕ ਸੰਸਥਾਵਾਂ ਨਾਲ ਸਾਂਝੇਦਾਰੀ ਵਿੱਚ ਕੰਮ ਕਰਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦਖਲਅੰਦਾਜ਼ੀ ਢੁਕਵੀਂ, ਸਕੇਲੇਬਲ ਅਤੇ ਸਥਾਨਕ ਪੱਧਰ 'ਤੇ ਟਿਕਾਊ ਲੰਬੇ ਸਮੇਂ ਦੇ ਪ੍ਰਭਾਵ ਪ੍ਰਦਾਨ ਕਰਨ ਦੇ ਸਮਰੱਥ ਹੋਵੇ। ਸਾਲ ਲਈ ਆਪਣੀ ਏਕੀਕ੍ਰਿਤ ਸਾਲਾਨਾ ਰਿਪੋਰਟ ਦੇ ਅਨੁਸਾਰ, ਬੈਂਕ ਨੇ ਵਿੱਤੀ ਸਾਲ 2025-26 ਵਿੱਚ ਆਪਣੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀਐਸਆਰ) ਪਹਿਲਕਦਮੀਆਂ 'ਤੇ ?1,316.18 ਕਰੋੜ ਖਰਚ ਕਰਨ ਦੀ ਰਿਪੋਰਟ ਦਿੱਤੀ। ਇਹ ਪਿਛਲੇ ਵਿੱਤੀ ਸਾਲ ਨਾਲੋਂ ?248 ਕਰੋੜ ਤੋਂ ਵੱਧ ਦਾ ਵਾਧਾ ਹੈ, ਜਿਸ ਨਾਲ ਬੈਂਕ ਦੇ ਛਤਰੀ ਪ੍ਰੋਗਰਾਮ 'ਪਰਿਵਰਤਨ' ਅਧੀਨ ਕੁੱਲ ਸੀਐਸਆਰ ਨਿਵੇਸ਼ ਇਸਦੀ ਸ਼ੁਰੂਆਤ ਤੋਂ ਲਗਭਗ 7,492 ਕਰੋੜ ਹੋ ਗਿਆ ਹੈ। ਐਚ ਡੀ ਐਫਸੀ ਬੈਂਕ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਸ਼੍ਰੀ ਕੈਜ਼ਾਦ ਭਰੂਚਾ ਨੇ ਕਿਹਾ, ਪਰਿਵਰਤਨ ਰਾਹੀਂ ਸਾਡੀਆਂ ਸੀਐਸਆਰ ਪਹਿਲਕਦਮੀਆਂ ਇਸ ਵਿਸ਼ਵਾਸ ਦੁਆਰਾ ਸੇਧਿਤ ਹਨ ਕਿ ਸਥਾਈ ਤਬਦੀਲੀ ਪਿੰਡ-ਦਰ-ਪਿੰਡ, ਪਰਿਵਾਰ-ਦਰ-ਪਰਿਵਾਰ, ਉਹਨਾਂ ਭਾਈਚਾਰਿਆਂ ਨਾਲ ਨੇੜਿਓਂ ਸਾਂਝੇਦਾਰੀ ਵਿੱਚ ਪ੍ਰਾਪਤ ਕੀਤੀ ਜਾਂਦੀ ਹੈ।

# ਸਤਿਕਾਰ ਐਕਟ ਸੋਧਾਂ 'ਤੇ ਪੰਜਾਬ ਸਰਕਾਰ ਦਾ ਜਵਾਬ 'ਮਨਜ਼ੂਰ ਨਹੀਂ': ਜਥੇਦਾਰ ਗੜਗੱਜ

## ਜਵਾਬ 29 ਜੂਨ ਨੂੰ ਹੋਈ ਸਹਿਮਤੀ ਨੂੰ ਨਹੀਂ ਦਰਸਾਉਂਦਾ: ਜਥੇਦਾਰ

**ਅੰਮ੍ਰਿਤਸਰ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ ਐਕਟ ਵਿੱਚ ਪ੍ਰਸਤਾਵਿਤ ਸੋਧਾਂ 'ਤੇ ਸਰਕਾਰ ਦੇ ਜਵਾਬ ਨੂੰ ਅਸੰਤੁਸ਼ਟੀਜਨਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ 29 ਜੂਨ ਨੂੰ ਜਦੋਂ ਪੰਜਾਬ ਵਿਧਾਨ ਸਭਾ ਦੇ ਸਿੱਖ ਵਿਧਾਇਕ ਸ੍ਰੀ ਅਕਾਲ ਤਖ਼ਤ ਅੱਗੇ ਪੇਸ਼ ਹੋਏ ਸਨ ਅਤੇ ਉਨਾਂ ਨੇ ਇਤਰਾਜ਼ਯੋਗ ਮੱਦਾਂ ਹਟਾਉਣ ਲਈ ਜੋ ਸਹਿਮਤੀ ਦਿੱਤੀ ਸੀ, ਇਹ ਜਵਾਬ ਉਸ ਦੇ ਮੁਤਾਬਕ ਨਹੀਂ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਅਕਾਲ ਤਖ਼ਤ ਵੱਲੋਂ ਪੇਸ਼ ਕੀਤੇ ਗਏ ਇਤਰਾਜ਼ਾਂ ਅਤੇ ਸੁਝਾਵਾਂ 'ਤੇ ਪੰਜਾਬ ਸਰਕਾਰ ਦੇ ਜਵਾਬ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸਰਕਾਰ ਸਿੱਖਾਂ ਦੀ ਸਰਵਉੱਚ ਸੰਸਥਾ ਅਤੇ ਸਿੱਖ ਭਾਵਨਾਵਾਂ ਦੇ ਅਨੁਸਾਰ ਕਾਨੂੰਨ ਵਿੱਚ ਸੋਧ ਕਰਨ ਲਈ ਤਿਆਰ ਨਹੀਂ ਹੈ।

ਉਨ੍ਹਾਂ ਕਿਹਾ ਕਿ ਇਹ ਜਵਾਬ 29 ਜੂਨ ਨੂੰ ਹੋਈ ਸਹਿਮਤੀ ਨੂੰ ਨਹੀਂ ਦਰਸਾਉਂਦਾ ਹੈ। ਉਸ ਦਿਨ ਸਿੱਖ ਵਿਧਾਇਕ ਅਤੇ ਕੈਬਨਿਟ ਮੰਤਰੀ ਅਕਾਲ ਤਖ਼ਤ ਅੱਗੇ ਪੇਸ਼ ਹੋਏ ਸਨ ਅਤੇ ਭਰੋਸਾ ਦਿੱਤਾ ਸੀ ਕਿ ਪ੍ਰਸਤਾਵਿਤ ਸੋਧਾਂ ਨੂੰ ਪ੍ਰਵਾਨ ਕਰਦੇ ਹੋਏ ਕਾਨੂੰਨ ਵਿੱਚ ਸੋਧ ਕਰਵਾਈ ਜਾਵੇਗੀ। ਜਥੇਦਾਰ ਅਨੁਸਾਰ, ਸਰਕਾਰ ਨੇ ਅਕਾਲ ਤਖ਼ਤ ਵੱਲੋਂ ਪੇਸ਼ ਕੀਤੇ ਗਏ ਇਤਰਾਜ਼ਾਂ ਅਤੇ ਸਿਫ਼ਾਰਸ਼ਾਂ ਵਿੱਚੋਂ ਸਿਰਫ਼ '10 ਫੀਸਦੀ' ਹੀ ਸਵੀਕਾਰ ਕੀਤੇ ਸਨ।

ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿੱਚ ਸਰਕਾਰ ਦਾ ਜਵਾਬ ਤਸੱਲੀਬਖਸ਼ ਨਹੀਂ ਹੈ ਅਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੋਧਾਂ ਦੇ ਮਾਮਲੇ ਵਿੱਚ ਅਕਾਲ ਤਖ਼ਤ ਨਾਲ ਤਾਲਮੇਲ ਵੀ ਨਹੀਂ ਕੀਤਾ। ਦੱਸਣ ਯੋਗ ਹੈ ਕਿ ਪੰਜਾਬ ਦੇ ਗ੍ਰਹਿ ਵਿਭਾਗ ਨੇ ਬੁੱਧਵਾਰ ਨੂੰ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਅਤੇ ਡੀਸੀ ਅੰਮ੍ਰਿਤਸਰ ਰਾਹੀਂ ਅਕਾਲ ਤਖ਼ਤ ਸਕੱਤਰੇਤ ਨੂੰ 24 ਪੰਨਿਆਂ ਦਾ ਜਵਾਬ ਸੌਂਪਿਆ ਹੈ। ਜਵਾਬ ਵਿੱਚ ਤਖ਼ਤ ਵੱਲੋਂ ਐਕਟ 'ਤੇ ਉਠਾਏ ਗਏ 12 ਇਤਰਾਜ਼ਾਂ ਅਤੇ ਸੁਝਾਵਾਂ ਨੂੰ ਸੰਬੋਧਿਤ ਕੀਤਾ ਗਿਆ। ਮੁੱਖ ਨੁਕਤਿਆਂ ਵਿੱਚੋਂ ਸਰਕਾਰ ਨੇ ਕਾਨੂੰਨ ਵਿੱਚੋਂ ਵਿਵਾਦਪੂਰਨ ਸ਼ਬਦ ਕਸਟੋਡੀਅਨ ਨੂੰ ਹਟਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਦੀ ਬਜਾਏ ਐਕਟ ਦੇ ਹਵਾਲੇ ਨਾਲ ਇੱਕ ਵਿਸਤ੍ਰਿਤ ਨੋਟ ਰਾਹੀਂ ਇਸਨੂੰ ਸ਼ਾਮਲ ਕਰਨ ਨੂੰ ਜਾਇਜ਼ ਠਹਿਰਾਇਆ।



ਜਥੇਦਾਰ ਗੜਗੱਜ ਨੇ ਸਰਕਾਰ ਵੱਲੋਂ ਭੇਜੇ ਗਏ ਜਵਾਬ ਨੂੰ ਅਸਵੀਕਾਰ ਕਰਦਿਆਂ ਕਿਹਾ ਕਿ ਜੇ ਸਰਕਾਰ ਇਸ ਮਾਮਲੇ ਵਿੱਚ ਕਾਨੂੰਨ 'ਤੇ ਚਰਚਾ ਜਾਰੀ ਰੱਖਣਾ ਚਾਹੁੰਦੀ ਹੈ ਤਾਂ ਅਕਾਲ ਤਖ਼ਤ ਵੱਲੋਂ ਗੱਲਬਾਤ ਲਈ ਰਾਹ ਖੁੱਲ੍ਹਾ ਹੈ। ਉਨ੍ਹਾਂ ਇਸ ਮੁੱਦੇ 'ਤੇ ਸਰਕਾਰ ਨਾਲ ਗੱਲਬਾਤ ਲਈ ਇੱਕ ਕਮੇਟੀ ਦੇ ਗਠਨ ਦਾ ਐਲਾਨ ਕੀਤਾ।

ਇਸ ਕਮੇਟੀ ਵਿੱਚ ਸੇਵਾਮੁਕਤ ਜਸਟਿਸ ਰੁਪਿੰਦਰ ਸਿੰਘ ਸੋਢੀ, ਸੇਵਾਮੁਕਤ ਜਸਟਿਸ ਮਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਵਕੀਲ ਪੂਰਨ ਸਿੰਘ ਹੁੰਦਲ, ਸਿੱਖ ਵਿਦਵਾਨ ਡਾ. ਕੇਹਰ ਸਿੰਘ ਪਟਿਆਲਾ, ਲੁਧਿਆਣਾ ਦੇ ਪ੍ਰੋਫੈਸਰ ਜਗਮੋਹਨ ਸਿੰਘ ਅਤੇ ਐਸਜੀਪੀਸੀ ਸਕੱਤਰ ਲਖਵੀਰ ਸਿੰਘ ਸ਼ਾਮਲ ਹਨ, ਜੋ ਕੋਆਰਡੀਨੇਟਰ ਵਜੋਂ ਸੇਵਾ ਨਿਭਾਉਣਗੇ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਵਿਧਾਨ ਸਭਾ ਦੇ ਇਜਲਾਸ ਵਿੱਚ ਸ਼ਾਮਿਲ ਹੋਣ ਸਬੰਧੀ ਮਾਰਗਦਰਸ਼ਨ ਲਈ ਕੀਤੀ ਗਈ ਅਪੀਲ ਸੰਬੰਧੀ ਇੱਕ ਸਵਾਲ ਦੇ ਜਵਾਬ ਵਿੱਚ, ਜਥੇਦਾਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵਿੱਚ ਸ਼ਾਮਲ ਹੋਣ ਵਾਲੇ ਸਿੱਖ ਵਿਧਾਇਕਾਂ ਨੂੰ ਆਪਣੀ ਗੱਲਬਾਤ ਸਪੀਕਰ ਤੱਕ ਸੀਮਤ ਰੱਖਣੀ ਚਾਹੀਦੀ ਹੈ ਅਤੇ ਸਿਰਫ਼ ਸਦਨ ਦੀ ਕਾਰਵਾਈ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਕਿਸੇ ਵੀ ਤਰ੍ਹਾਂ ਦਾ ਸੰਪਰਕ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ ਅਤੇ ਨਾ ਹੀ ਉਨ੍ਹਾਂ ਦੀ ਕਿਸੇ ਵੀ ਗੱਲ ਦਾ ਜਵਾਬ ਦੇਣਾ ਚਾਹੀਦਾ ਹੈ। ਬਾਜਵਾ ਨੇ ਇਸ ਮੁੱਦੇ 'ਤੇ ਅਕਾਲ ਤਖ਼ਤ ਤੋਂ ਲਿਖਤੀ ਰੂਪ ਵਿੱਚ ਦਿਸ਼ਾ ਨਿਰਦੇਸ਼ ਮੰਗੇ ਸਨ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ 2 ਅਗਸਤ ਨੂੰ ਕਰਨਗੇ 'ਨਸ਼ਾ ਮੁਕਤ ਯੁਵਾ ਫ਼ੋਰ ਵਿਕਸਿਤ ਭਾਰਤ- ਸੰਕਲਪ ਮੁਹਿੰਮ ਦੀ ਸ਼ੁਰੂਆਤ

**ਚੰਡੀਗੜ੍ਹ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਜਵਾਨਾਂ ਨੂੰ ਨਸ਼ੇ ਦੀ ਪ੍ਰਵਿਰਤੀ ਤੋਂ ਦੂਰ ਰੱਖਦਿਆਂ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਦੀ ਮੁੱਖ ਧਾਰਾ ਨਾਲ ਜੋੜਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਪਹਿਲ ਤਹਿਤ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ 2 ਅਗਸਤ, 2026 ਨੂੰ 'ਨਸ਼ਾ ਮੁਕਤ ਯੁਵਾ ਫ਼ੋਰ ਵਿਕਸਿਤ ਭਾਰਤ - ਸੰਕਲਪ ਮੁਹਿੰਮ ਦੀ ਰਾਸ਼ਟਰੀ ਪੱਧਰ 'ਤੇ ਆਗਾਜ਼ ਕਰਨਗੇ। ਇਸ ਮੌਕੇ ਹਰਿਆਣਾ ਦੇ ਲੱਖਾਂ ਨੌਜਵਾਨ ਇਸ ਮੁਹਿੰਮ ਨਾਲ ਵਰਚੁਅਲ ਤੌਰ 'ਤੇ ਜੁੜ ਕੇ ਨਸ਼ਾਮੁਕਤ ਸਮਾਜ ਦੀ ਸਿਰਜਣਾ ਦਾ ਪ੍ਰਣ ਲੈਣਗੇ ਅਤੇ ਇਸ ਨੂੰ ਸੂਬਾ ਵਿਆਪੀ ਜਨ-ਅੰਦੋਲਨ ਦਾ ਰੂਪ ਦੇਣਗੇ। ਹਰਿਆਣਾ ਵਿੱਚ ਇਸ ਮੁਹਿੰਮ ਦਾ ਰਾਜ ਪੱਧਰੀ ਮੁੱਖ ਪ੍ਰੋਗਰਾਮ ਪਵਿੱਤਰ ਧਰਤੀ ਕੁਰੂਕਸ਼ੇਤਰ ਵਿਖੇ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਮੁੱਖ ਮਹਿਮਾਨ ਵਜੋਂ ਮੌਜੂਦ ਰਹਿਣਗੇ। ਇਸ ਮੌਕੇ ਸੂਬੇ ਭਰ ਤੋਂ ਵੱਡੀ ਗਿਣਤੀ ਵਿੱਚ ਨੌਜਵਾਨ, ਵਿਦਿਆਰਥੀ, ਸਿੱਖਿਆ ਸੰਸਥਾਵਾਂ ਦੇ ਪ੍ਰਤੀਨਿਧੀ, ਸਵੈ-ਸੇਵੀ ਸੰਸਥਾਵਾਂ ਅਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਸ਼ਿਰਕਤ ਕਰਨਗੀਆਂ।

ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇਸ਼ ਭਰ ਦੇ ਲਗਭਗ 10,000 ਸਥਾਨਾਂ 'ਤੇ ਆਯੋਜਿਤ ਪ੍ਰੋਗਰਾਮਾਂ ਨਾਲ ਵਰਚੁਅਲ ਰਾਹੀਂ ਜੁੜਦਿਆਂ ਇੱਕ ਕਰੋੜ ਤੋਂ ਵੱਧ ਨੌਜਵਾਨਾਂ ਨੂੰ ਸੰਬੋਧਿਤ ਕਰਨਗੇ।

**ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿੱਚ ਹੋਵੇਗੀ ਨੌਜਵਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ**

ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਵਿਸ਼ੇਸ਼ ਮਾਰਗਦਰਸ਼ਨ ਅਤੇ ਸਹਿਯੋਗ ਪ੍ਰਾਪਤ ਰਹੇਗਾ। ਮੁਹਿੰਮ ਦੀ ਪੂਰੀ ਮਿਆਦ ਦੌਰਾਨ ਸੂਬੇ ਦੇ ਨੌਜਵਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਲਈ ਰਾਜ ਸਰਕਾਰ ਵੱਡੇ ਪੱਧਰ 'ਤੇ ਯਤਨ ਕਰੇਗੀ। ਮੁੱਖ ਮੰਤਰੀ ਦੀ ਅਗਵਾਈ ਵਿੱਚ ਸੂਬੇ ਦੇ ਨੌਜਵਾਨ ਉਤਸ਼ਾਹ ਅਤੇ ਦ੍ਰਿੜ ਸੰਕਲਪ ਨਾਲ ਨਸ਼ਿਆਂ ਵਿਰੁੱਧ ਫ਼ੈਸਲਾਕੁੰਨ ਲੜਾਈ ਵਿੱਚ ਆਪਣੀ ਸਰਗਰਮ ਭਾਗੀਦਾਰੀ ਨਿਭਾਉਣਗੇ।

ਨਾਲ ਹੀ, ਮੁਹਿੰਮ ਨੂੰ ਸਫ਼ਲ ਬਣਾਉਣ ਵਿੱਚ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਦਾ ਵੀ ਅਹਿਮ ਸਹਿਯੋਗ ਰਹੇਗਾ। ਉੱਥੇ ਹੀ, ਰਾਜ ਮੰਤਰੀ ਸ੍ਰੀ ਗੌਰਵ ਗੌਤਮ ਦੀ ਅਗਵਾਈ ਹੇਠ ਯੁਵਾ ਸ਼ਕਤੀਕਰਨ ਅਤੇ ਖੇਡ ਵਿਭਾਗ ਇਸ ਮੁਹਿੰਮ ਦੀ ਨੋਡਲ ਏਜੰਸੀ ਵਜੋਂ ਕੰਮ ਕਰੇਗਾ। ਵਿਭਾਗ ਮੁਹਿੰਮ ਦੀ ਪੂਰੀ ਸਮੇਂ ਦੌਰਾਨ ਰਾਜ ਪੱਧਰ 'ਤੇ ਸਾਰੇ ਲੋੜੀਂਦੇ ਪ੍ਰਬੰਧਾਂ, ਵੱਖ-ਵੱਖ ਵਿਭਾਗਾਂ ਵਿੱਚ ਤਾਲਮੇਲ ਅਤੇ ਪ੍ਰਭਾਵੀ ਅਮਲ ਨੂੰ ਯਕੀਨੀ ਬਣਾਏਗਾ, ਤਾਂ ਜੋ ਮੁਹਿੰਮ ਆਪਣੇ ਨਿਰਧਾਰਤ ਟੀਚਿਆਂ ਨੂੰ ਸਫ਼ਲਤਾਪੂਰਵਕ ਪ੍ਰਾਪਤ ਕਰ ਸਕੇ।

# ਮਹਾਨ ਧਾਰਮਿਕ ਸਮਾਗਮ, 'ਇਕ ਸ਼ਾਮ ਭਗਵਾਨ ਸ਼ਿਵ ਕੇ ਨਾਮ' ਆਤਮਾ ਰਾਮ ਕੁਮਾਰ ਸਭਾ ਗਰਾਊਂਡ ਵਿਖੇ ਅੱਜ : ਦੀਪਕ ਬਾਲੀ

## ਪਟਿਆਲਾ ਵਾਸੀਆਂ ਨੂੰ ਭਜਨ ਸੰਧਿਆ 'ਚ ਸ਼ਾਮਿਲ ਹੋਣ ਦਾ ਸੱਦਾ: ਬਲਤੇਜ ਸਿੰਘ ਪੰਨੂ

**ਪਟਿਆਲਾ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਪਟਿਆਲਾ ਦੇ ਆਤਮਾ ਰਾਮ ਕੁਮਾਰ ਸਭਾ ਗਰਾਊਂਡ ਵਿਖੇ 28 ਜੁਲਾਈ (ਬੁੱਧਵਾਰ) ਦੀ ਸ਼ਾਮ 6.30 ਵਜੇ ਭਗਵਾਨ ਸ਼ਿਵ ਜੀ ਨੂੰ ਸਮਰਪਿਤ ਮਹਾਨ ਧਾਰਮਿਕ ਸਮਾਗਮ, 'ਏਕ ਸ਼ਾਮ ਭਗਵਾਨ ਸ਼ਿਵ ਕੇ ਨਾਮ' ਕਰਵਾਇਆ ਜਾਵੇਗਾ। ਉਹ ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਅਤੇ ਮੁੱਖ ਬੁਲਾਰੇ ਸ. ਬਲਤੇਜ ਸਿੰਘ ਪੰਨੂ, ਆਪ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਤੇਜਿੰਦਰ ਮਹਿਤਾ, ਸਨਾਤਨ ਸੇਵਾ ਸਮਿਤੀ ਦੇ ਪ੍ਰਧਾਨ ਵਿਜੈ ਸ਼ਰਮਾ, ਮੇਅਰ ਕੁੰਦਨ ਗੋਗੀਆ ਅਤੇ ਪੀ.ਆਰ.ਟੀ.ਸੀ. ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨਾਲ ਸਮਾਗਮ ਵਾਲੀ ਜਗ੍ਹਾ ਪ੍ਰਬੰਧਾਂ ਦਾ ਜਾਇਜ਼ਾ ਲੈ ਰਹੇ ਸਨ।

ਇਸ ਮੌਕੇ ਸ. ਬਲਤੇਜ ਸਿੰਘ ਪੰਨੂ ਨੇ ਦੱਸਿਆ ਕਿ ਇਸ ਮਹਾਨ ਧਾਰਮਿਕ ਸਮਾਗਮ 'ਏਕ ਸ਼ਾਮ ਭਗਵਾਨ ਸ਼ਿਵ ਕੇ ਨਾਮ' ਦੌਰਾਨ ਸੰਗਤੀ ਰੂਪ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ, ਆਪ ਪੰਜਾਬ ਪ੍ਰਧਾਨ ਅਮਨ ਅਰੋੜਾ, ਪੰਜਾਬ ਦੇ ਕੈਬਨਿਟ ਮੰਤਰੀ ਤੇ ਵਿਧਾਇਕਾਂ ਸਮੇਤ ਹੋਰ ਅਹਿਮ ਸ਼ਖ਼ਸੀਅਤਾਂ ਵੀ ਸ਼ਾਮਲ ਹੋਣਗੀਆਂ। ਸ. ਪੰਨੂ ਨੇ ਪਟਿਆਲਾ ਵਾਸੀਆਂ ਨੂੰ ਇਸ ਭਜਨ ਸੰਧਿਆ 'ਚ ਸ਼ਾਮਿਲ ਹੋਣ ਸੱਦਾ ਦਿੱਤਾ।

ਇਸ ਮੌਕੇ ਤੇਜਿੰਦਰ ਮਹਿਤਾ ਨੇ ਦੱਸਿਆ ਕਿ ਇਸ ਵੱਡੇ ਧਾਰਮਿਕ ਸਮਾਗਮ ਮੌਕੇ ਪ੍ਰਸਿੱਧ ਧਾਰਮਿਕ ਗੁਣਗਾਨ ਕਰਤਾ ਸ੍ਰੀ ਹੰਸ ਰਾਜ ਰਘੂਵੰਸ਼ੀ ਭਗਵਾਨ ਸ਼ਿਵ ਦਾ ਗੁਣ ਗਾਇਨ ਕਰਨਗੇ ਅਤੇ ਭਜਨਾਂ ਰਾਹੀਂ ਹਜ਼ਾਰਾਂ ਸ਼ਰਧਾਲੂਆਂ ਨੂੰ ਅਧਿਆਤਮਿਕਤਾ ਨਾਲ ਜੋੜਨਗੇ।

ਚੇਅਰਮੈਨ ਹਰਪਾਲ ਜੁਨੇਜਾ ਨੇ ਦੱਸਿਆ ਕਿ ਇਹ ਸਮਾਗਮ, ਸ਼ਰਧਾ, ਆਸਥਾ, ਵਿਸ਼ਵਾਸ ਅਤੇ ਸਭਿਆਚਾਰ ਦਾ ਇਕ ਵਿਲੱਖਣ ਸੁਮੇਲ ਕਰਾਰ ਸਾਬਿਤ ਹੋਵੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਵਿੱਚ ਪਟਿਆਲਾ ਅਤੇ ਨੇੜਲੇ ਜਿਲ੍ਹਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਵਲੋਂ ਸ਼ਿਰਕਤ ਕੀਤੀ ਜਾਵੇਗੀ। ਪ੍ਰਧਾਨ ਸਨਾਤਨ ਸੇਵਾ ਸਮਿਤੀ ਵਿਜੇ ਸ਼ਰਮਾ ਨੇ ਕਿਹਾ ਕਿ ਸਮਾਗਮ ਪੰਜਾਬ ਦੀ ਅਮੀਰ ਧਾਰਮਿਕ ਤੇ ਸਭਿਆਚਾਰਕ ਰਵਾਇਤਾਂ ਅਤੇ ਭਾਈਚਾਰਕ ਸਾਂਝ ਤੇ ਏਕਤਾ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਇਸ ਵਿਸ਼ੇਸ਼ ਪਹਿਲਕਦਮੀ ਦਾ ਮੁੱਖ ਉਦੇਸ਼ ਇਸ ਖੇਤਰ ਵਿੱਚ ਭਾਈਚਾਰਕ ਸਾਂਝ, ਸ਼ਾਂਤੀ ਅਤੇ ਧਾਰਮਿਕ ਇਕਜੁੱਟਤਾ ਨੂੰ ਹੋਰ ਮਜ਼ਬੂਤ ਕਰਨਾ ਹੈ।

# ਪਟਿਆਲਾ ਦਿਹਾਤੀ ਕਾਂਗਰਸ ਨੂੰ ਵੱਡਾ ਝਟਕਾ, ਪਿੰਡ ਅਜਨੌਦਾ ਦੇ ਸਰਪੰਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ



**ਪਟਿਆਲਾ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦਿਹਾਤੀ ਕਾਂਗਰਸ ਨੂੰ ਵੱਡਾ ਝਟਕਾ ਲੱਗਿਆ ਜਦੋਂ ਪਿੰਡ ਅੱਜਨੌਦਾ ਦੇ ਸਰਪੰਚ ਮਨਜਿੰਦਰ ਸਿੰਘ ,ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਅਤੇ ਐਮਐਲਏ ਦਿਹਾਤੀ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ, ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਅਤੇ ਹਰਪਾਲ ਸਿੰਘ ਵਿਰਕ ਪਾਰਟੀ ਦਿਹਾਤੀ ਪ੍ਰਧਾਨ ਅਤੇ ਪਟਿਆਲਾ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਨੇ ਉਹਨਾਂ ਨੂੰ ਫੁੱਲਾਂ ਦੇ ਹਾਰ ਅਤੇ ਸਰੋਪਾ ਪਾ ਕੇ ਪਾਰਟੀ ਵਿੱਚ ਸ਼ਾਮਿਲ ਕੀਤਾ। ਸਿਹਤ ਮੰਤਰੀ ਨੇ ਇਸ ਮੌਕੇ ਦੱਸਿਆ ਕਿ ਉਹਨਾਂ ਨੂੰ ਪਾਰਟੀ ਵਿੱਚ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ ਅਤੇ ਪਿੰਡ ਅਜਨੌਦਾ ਦੀ ਤਰੱਕੀ ਲਈ ਵੱਧ ਤੋਂ ਵੱਧ ਫੰਡ ਅਤੇ ਸਹਿਯੋਗ ਦਿੱਤਾ ਜਾਵੇਗਾ।

ਮਨਜਿੰਦਰ ਸਿੰਘ ਸਰਪੰਚ ਨੇ ਵੀ ਸਿਹਤ ਮੰਤਰੀ ਨੂੰ ਭਰੋਸਾ ਦਵਾਇਆ ਕਿ ਉਹ ਪਾਰਟੀ ਪ੍ਰਤੀ ਵਫਾਦਾਰ ਹੋ ਕੇ ਪਾਰਟੀ ਦੀ ਬੇਹਤਰੀ ਲਈ ਕੰਮ ਕਰਨਗੇ। ਇਸ ਮੌਕੇ ਪਾਰਟੀ ਆਗੂ ਜੈ ਸ਼ੰਕਰ ਸ਼ਰਮਾ, ਅਮਨਦੀਪ ਸਿੰਘ ਭੁੱਲਰ, ਡਾਕਟਰ ਹੇਮਰਾਜ ਅਜਨੌਦਾ, ਚੇਅਰਮੈਨ ਗੁਰੂ ਵਿੰਦਰ ਸਿੰਘ ਕਸਿਆਣਾ, ਸਰਪੰਚ ਪ੍ਰਿਤਪਾਲ ਸਿੰਘ ਲਚਕਾਣੀ ਅਤੇ ਸਤਵਿੰਦਰ ਸਿੰਘ ਬੰਡੌੜ ਵੀ ਉਹਨਾਂ ਨਾਲ ਹਾਜ਼ਰ ਸਨ।

# ਅਵਾਰਾ ਕੁੱਤਿਆਂ ਨੇ 65 ਦੇ ਕਰੀਬ ਭੇਡਾਂ ਨੂੰ ਨੋਚਿਆ, ਹੋਈ ਮੌਤ

**ਸਨੌਰ,31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਲਕਾ ਸਨੌਰ ਦੇ ਪਿੰਡ ਨੋਰੰਗਵਾਲ ਤੋਂ ਇੱਕ ਪ੍ਰੀਵਾਰ ਦੀਆ ਭੇਡਾਂ , ਬੱਕਰੀਆਂ ਦੀ ਮੌਤ ਦਾ ਮਾਮਲਾ ਸਾਹਮਣੇ ਆਇਆ ਹੈ ਇਸ ਸਬੰਧ ਚ ਪ੍ਰੀਵਾਰ ਦੇ ਮੈਂਬਰ ਕਰਮਜੀਤ ਸਿੰਘ ਨੇ ਦੁੱਖ ਪ੍ਰਗਟ ਕਰਦੇ ਹੋਏ ਅਫ਼ਸੋਸ ਨਾਲ ਦੱਸਿਆ ਕਿ ਰਾਤ ਦੇ ਸਮੇਂ ਉਹ ਆਪਣੀਆਂ ਭੇਡਾਂ, ਬੱਕਰੀਆਂ ਨੂੰ ਵਾੜੇ ਚ ਛੱਡ ਕੇ ਗਏ ਸਨ । ਜਦੋਂ ਸਵੇਰੇ ਸਮਾਂ ਪੰਜ ਵਜੇ ਦੇ ਕਰੀਬ ਆ ਕੇ ਦੇਖਿਆ ਤਾਂ ਮ੍ਰਿਤਕ ਭੇਡਾਂ ਬਹੁਤ ਬੂਰੀ ਦੁਰਦਸਾ ਚ ਪਈਆ ਸਨ ਮੌਕੇ ਤੇ ਕੁਝ ਅਵਾਰਾ ਕੁੱਤੇ ਭੇਡਾਂ ਬੱਕਰੀਆਂ ਨੂੰ ਨੌਚਦੇ ਨਜ਼ਰ ਆਏ ਅੱਗੇ ਕਿਹਾ ਕਿ ਮ੍ਰਿਤਕ ਭੇਡਾਂ ਦੀ ਗਿਣਤੀ 65 ਦੇ ਕਰੀਬ ਹੋਣ ਨਾਲ ਉਨ੍ਹਾਂ ਦਾ ਸੱਤ ਤੋਂ ਅੱਠ ਲੱਖ ਦਾ ਨੁਕਸਾਨ ਹੋ ਚੁੱਕਿਆ ਹੈ ਇਹਨਾਂ ਭੇਡਾਂ ਬੱਕਰੀਆਂ ਨਾਲ ਹੀ ਉਹਨਾਂ ਦੇ ਘਰ ਦਾ ਗੁਜ਼ਾਰਾ ਚੱਲਦਾ ਸੀ । ਉਹ ਬਹੁਤ ਹੀ ਗਰੀਬ ਪਰਿਵਾਰ ਨਾਲ ਸੰਬੰਧ ਰੱਖਦੇ ਹਨ।

ਪੀੜਿਤ ਪਰਿਵਾਰ ਨੇ ਸਰਕਾਰ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਸਹਾਇਤਾ ਕਰਨ ਦੀ ਅਪੀਲ ਕੀਤੀ।

# ਮਾਡਲ ਸਕੂਲ ਵਿਖੇ ਵਿਦਿਆਰਥੀਆਂ ਵੱਲੋਂ ਡਾ. ਏ.ਪੀ.ਜੇ ਅਬਦੁਲ ਕਲਾਮ ਜੀ ਨੂੰ ਅਤੇ ਕਾਰਗਿੱਲ ਵਿਜੇ ਦਿਵਸ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ




**ਪਟਿਆਲਾ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਡਲ ਸਕੂਲ ਵਿਖੇ ਅੱਜ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਵੱਲੋਂ 27ਵਾਂ ਕਾਰਗਿੱਲ ਵਿਜੇ ਦਿਵਸ ਮਨਾਉਣ ਦੇ ਨਾਲ ਹੀ ਡਾ. ਏ. ਪੀ .ਜੇ ਅਬਦੁਲ ਕਲਾਮ ਜੀ ਨੂੰ ਯਾਦ ਕੀਤਾ ਗਿਆ। ਇਸ ਮੌਕੇ ਵਿਦਿਆਰਥਣ ਸੁਖਮਨਪ੍ਰੀਤ ਕੌਰ, ਰਮਨਪ੍ਰੀਤ ਕੌਰ, ਦਿ ?ਸਟੀ ਅਤੇ ਚਾਹਤ ਭਾਰਦਵਾਜ ਵੱਲੋਂ ਕਾਰਗਿੱਲ ਵਿਜੇ ਦਿਵਸ ਅਤੇ ਡਾ. ਏ.ਪੀ.ਜੇ ਅਬਦੁਲ ਕਲਾਮ ਜੀ ਤੇ ਚਾਨਣਾ ਪਾਇਆ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸੇ ਮੌਕੇ ਸਕੂਲ ਵਿਦਿਆਰਥੀਆਂ ਵੱਲੋਂ ਪੂਰਵ ਰਾਸ਼ਟਰਪਤੀ ਡਾ. ਏ.ਪੀ.ਜੇ ਅਬਦੁਲ ਕਲਾਮ ਜੀ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸਕੂਲ ਦੇ ਇੰਚਾਰਜ ਸ੍ਰ. ਸਤਵੀਰ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ 26 ਜੁਲਾਈ 1999 ਨੂੰ ਹੋਈ ਕਾਰਗਿੱਲ ਜੰਗ ਤੇ ਦੇਸ਼ ਦੀ ਖਾਤਰ ਆਪਣੀ ਆਨ -ਬਾਨ ਤੇ ਸ਼ਾਨ ਦੀ ਖਾਤਰ ਜਾਨਾ ਨਿਛਾਵਰ ਕਰਨ ਵਾਲੇ ਅਤੇ ਤਿਰੰਗੇ ਝੰਡੇ ਦੀ ਰਾਖੀ ਕਰਨ ਵਾਲੇ ਬਹਾਦਰ ਫ਼ੌਜੀਆਂ ਨੂੰ ਸ਼ਰਧਾਜਲੀ ਭੇਟ ਕੀਤੀ ਅਤੇ ਨਾਲ ਹੀ ਇੰਨ੍ਹਾਂ ਵੱਲੋਂ ਬੱਚਿਆਂ ਨੂੰ ਦੱਸਿਆ ਗਿਆ ਕਿ ਡਾ. ਅਬਦੁਲ ਕਲਾਮ 1974 ਵਿੱਚ ਭਾਰਤ ਦਾ ਪਹਿਲਾ ਐਟਮੀ ਤਜਰਬਾ ਕੀਤਾ ਸੀ। ਜਿਸਦੇ ਸਬੱਬ ਉਨ੍ਹਾਂ ਨੂੰ ਮਿਜ਼ਾਹੀਲ ਮੈਨ ਵੀ ਕਿਹਾ ਜਾਂਦਾ ਸੀ। ਇੰਚਾਰਜ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਅਜਿਹੀ ਸਖਸ਼ਿਅਤ ਤੋਂ ਸੇਧ ਲੈਣ ਦਾ ਸੁਨੇਹਾ ਦਿੱਤਾ।

ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜੂਦ ਰਿਹਾ।

# ਬਾਬੂ ਰਾਮ ਦੀ ਅਗਵਾਈ ਵਿੱਚ ਨਗਰ ਨਿਗਮ ਪਟਿਆਲਾ ਦੇ ਦਫਤਰ ਕਰਮਚਾਰੀਆਂ ਦੇ ਹਿੱਤ ਲਈ ਧਰਨਾ ਲਾਇਆ



**ਪਟਿਆਲਾ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵਿਪਰ ਯੂਨੀਅਨ ਨਗਰ ਨਿਗਮ ਰਜਿ: ਪਟਿਆਲਾ ਦੇ ਪ੍ਰਧਾਨ ਬਾਬੂ ਰਾਮ ਦੀ ਅਗਵਾਈ ਵਿੱਚ ਨਗਰ ਨਿਗਮ ਪਟਿਆਲਾ ਦੇ ਦਫਤਰ ਕਰਮਚਾਰੀਆਂ ਦੇ ਹਿੱਤ ਲਈ ਧਰਨਾ ਲਾਇਆ ਗਿਆ। ਜਿਸ ਵਿੱਚ ਸਭ ਤੋਂ ਪਹਿਲਾ ਉਸ ਬੁਚੜ ਡੀ.ਐਸ.ਪੀ. ਸਤਬੀਰ ਬੈਂਸ ਤੇ ਐਸ.ਐਚ.ਓ. ਲਖਵਿੰਦਰ ਸਿੰਘ ਵਲੋਂ ਕਰਮਚਾਰੀਆਂ ਤੇ ਜੋ ਜ਼ੁਰਮ ਕੀਤਾ ਗਿਆ। ਲਾਠੀਚਾਰਜ ਕੀਤਾ ਗਿਆ ਇਹ ਸਰਾਸਰ ਬੇਇਨਸਾਫੀ ਹੈ ਇਹ ਡੀ.ਐਸ.ਪੀ. ਤੇ ਐਸ.ਐਚ.ਓ. ਨੂੰ ਆਈ.ਐਸ.ਸੀ., ਐਸ.ਟੀ. ਐਕਟ ਦਾ ਪਰਚਾ ਦਰਜ ਕੀਤਾ ਜਾਵੇ ਤੇ ਇਸ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ। ਸਫਾਈ ਕਰਮਚਾਰੀਆਂ ਵਲੋਂ ਪੂਰੇ ਪੰਜਾਬ ਵਿੱਚ ਆਪਣੇ ਹੱਕਾਂ ਵਾਸਤੇ ਬੜੇ ਲੰਬੇ ਸਮੇਂ ਤੋਂ ਧਰਨਾ ਲਾਉਂਦੇ ਆ ਰਹੇ ਸੀ ਉਨ੍ਹਾਂ ਮੁਲਾਜਮਾਂ ਦਾ ਕਸੂਰ ਸਿਰਫ ਤੇ ਸਿਰਫ ਪੱਕਾ ਹੋਣ ਵਾਸਤੇ ਹੱਕ ਸੱਚ ਦੀ ਲੜਾਈ ਲਈ ਧਰਨਾ ਲਾਇਆ ਸੀ ਸਰਕਾਰ ਨੇ ਇਸ ਧਰਨੇ ਨੂੰ ਲਾਠੀ ਚਾਰਜ ਦਾ ਰੂਪ ਦਿੱਤਾ ਜ਼ੋ ਕਿ ਸਰਾਸਰ ਲਗਤ ਹੈ। ਸਵਿਪਰ ਯੂਨੀਅਨ ਪਟਿਆਲਾ ਇਸ ਦਾ ਸਖਤ ਵਿਰੋਧ ਕਰਦੀ ਹੈ ਤੇ ਪੂਰੇ ਪੰਜਾਬ ਵਿੱਚ ਲੱਗੇ ਧਰਨੇ ਨੂੰ ਹੋਰ ਇੰਨਕਲਾਬੀ ਰੂਪ ਦਿੱਤਾ ਜਾਵੇਗਾ। ਵਿਸ਼ੇਸ਼ ਤੌਰ ਤੇ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਜੀ ਵਲੋਂ ਪੂਰਨ ਸਹਿਯੋਗ ਰਿਹਾ। ਇਸ ਧਰਨੇ ਵਿੱਚ ਵਿਸ਼ੇਸ਼ ਤੌਰ ਤੇ ਸਵਿਪਰ ਯੂਨੀਅਨ ਦੇ ਪ੍ਰਧਾਨ ਬੱਬੂ ਰਾਮ (ਬੱਬੂ), ਮੰਗਤ ਕਲਿਆਣ ਜਨਰਲ ਸਕੱਤਰ, ਸੰਜੇ ਕਲਿਆਣ ਚੇਅਰਮੈਨ, ਬਲਜਿੰਦਰ ਸਿੰਘ ਕੈਸ਼ੀਅਰ,ਹੇਮ ਰਾਜ ਸਰਪ੍ਰਸਤ, ਅਜੈ ਕੁਮਾਰ , ਧਰਮਿੰਦਰ, ਰਾਹੁਲ, ਸੰਦੀਪ, ਪੰਮੀ ਦਰੋਗਾ, ਨੇਤਰ ਦਰੋਗਾ, ਵਿਨੋਦ ਦਰੋਗਾ, ਰਾਜੀਵ ਦਰੋਗਾ, ਰਾਜੂ ਦਰੋਗਾ, ਪੱਪੂ ਦਰੋਗਾ, ਕੁਲਦੀਪ ਦਰੋਗਾ, ਓਮ ਗੋਪਾਲ, ਅਸ਼ੋਕ ਵੈਦ, ਅਭਿਸ਼ੇਕ, ਰਤਨ ਦਰੋਗਾ, ਗੱਗੂ, ਮਿੱਠੂ, ਪੂਰਨ ਦਰੋਗਾ, ਅਜੈ ਦਰੋਗਾ, ਮੱਖਣ ਦਰੋਗਾ ਤੇ ਸਮੂੰਹ ਮੁਲਾਜਮਾਂ ਨੇ ਸਹਿਯੋਗ ਕੀਤਾ।

# ਪੇਸਕੋ ਨੇ ਸਾਫ਼-ਸੁਥਰਾ ਪੰਜਾਬ ਰੱਖਣ ਦੀ ਜ਼ਿੰਮੇਵਾਰੀ ਲਈ



**ਪਟਿਆਲਾ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਮਿਊਂਸੀਪਲ ਇਨਫਰਾਸਟ੍ਰਕਚਰ ਡਿਵੈਲਪਮੈਂਟ ਕੰਪਨੀ (ਪੀ.ਐਮ. ਆਈ.ਡੀ.ਸੀ.) ਨੇ ਸ਼ਹਿਰੀ ਖੇਤਰਾਂ ਵਿੱਚ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੀ ਨਿਗਰਾਨੀ ਲਈ ਪੇਸਕੋ ਤੋਂ ਸਾਬਕਾ ਸੈਨਿਕਾਂ ਦੀ ਇੱਕ ਟੀਮ ਨੂੰ ਨਿਯੁਕਤ ਕੀਤਾ। ਪਟਿਆਲਾ ਜ਼ੋਨ ਵਿੱਚ ਪੰਜ ਜ਼ਿਲ੍ਹੇ (ਪਟਿਆਲਾ, ਬਰਨਾਲਾ, ਸੰਗਰੂਰ, ਮਲੇਰਕੋਟਲਾ ਅਤੇ ਐਸ.ਏ.ਐਸ. ਨਗਰ) ਸ਼ਾਮਲ ਹਨ, ਕਰਨਲ ਹਰਜੀਤ ਸਿੰਘ ਨੂੰ 31 ਸੁਪਰਵਾਈਜ਼ਰਾਂ (ਸਾਬਕਾ ਸੈਨਿਕਾਂ) ਦੇ ਨਾਲ ਪਟਿਆਲਾ ਜ਼ੋਨ ਦਾ ਡੀ.ਜੀ.ਐਮ. ਨਿਯੁਕਤ ਕੀਤਾ ਗਿਆ ਹੈ। ਸੁਪਰਵਾਈਜ਼ਰਾਂ ਦੇ ਠੋਸ ਯਤਨਾਂ ਅਤੇ ਸਮਰਪਣ ਨਾਲ, ਪਿਛਲੇ ਸਾਲ 1 ਮਈ 2025 ਤੋਂ ਅੱਜ ਤੱਕ 93868 ਜਨਤਕ ਸ਼ਿਕਾਇਤਾਂ, ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਐਮ ਸੇਵਾ ਐਪ ਵਿੱਚ ਅਪਲੋਡ ਕੀਤੀਆਂ ਗਈਆਂ ਸਨ। ਐਮ ਸੇਵਾ ਐਪ ਰਾਹੀਂ ਦਰਜ ਕੀਤੀਆਂ ਗਈਆਂ 93868 ਸ਼ਿਕਾਇਤਾਂ ਵਿੱਚੋਂ, 83732 ਤੋਂ ਵੱਧ ਸ਼ਿਕਾਇਤਾਂ ਦਾ ਹੱਲ ਕੀਤਾ ਗਿਆ ਹੈ।

ਸਰਕਾਰੀ ਅੰਕੜਿਆਂ ਅਨੁਸਾਰ, ਪਿਛਲੇ ਸਾਲ ਦੌਰਾਨ ਐਮ-ਸੇਵਾ ਮੋਬਾਈਲ ਐਪਲੀਕੇਸ਼ਨ ਰਾਹੀਂ 93868 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਸਭ ਤੋਂ ਵੱਧ ਸ਼ਿਕਾਇਤਾਂ ਕੂੜੇ ਦੇ ਖ਼ਤਰੇ ਵਾਲੀਆਂ ਥਾਵਾਂ, ਗੰਦੀਆਂ ਸੜਕਾਂ, ਨਾਲੀਆਂ ਅਤੇ ਹੋਰ ਸੈਨੀਟੇਸ਼ਨ ਨਾਲ ਸਬੰਧਤ ਮੁੱਦਿਆਂ ਨਾਲ ਸਬੰਧਤ ਸਨ।

ਸਥਾਨਕ ਸਰਕਾਰ ਪੰਜਾਬ ਅਤੇ ਪੀ.ਐਮ.ਆਈ.ਡੀ.ਸੀ. ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ, ਕਰਨਲ ਹਰਜੀਤ ਸਿੰਘ ਡਿਪਟੀ ਜਨਰਲ ਮੈਨੇਜਰ (ਡੀ.ਜੀ.ਐਮ.) ਪਟਿਆਲਾ ਜ਼ੋਨ ਨੇ ਦੱਸਿਆ ਕਿ 31 ਸੇਵਾਮੁਕਤ ਜੂਨੀਅਰ ਕਮਿਸ਼ਨਡ ਅਫਸਰਾਂ (ਜੇ.ਸੀ.ਓ.) ਦੀ ਟੀਮ ਨੇ ਪਟਿਆਲਾ ਜ਼ੋਨ ਦੇ ਸਾਰੇ 37 ਸ਼ਹਿਰੀ ਖੇਤਰਾਂ ਦੀ ਜਾਂਚ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕੀਤੀ ਹੈ ਅਤੇ ਉਪਰੋਕਤ ਟੀਚਾ ਪ੍ਰਾਪਤ ਕੀਤਾ ਹੈ।

ਡੀ.ਜੀ.ਐਮ. ਨੇ ਦੱਸਿਆ ਕਿ ਫੀਲਡ ਸੁਪਰਵਾਈਜ਼ਰ ਸੈਨੀਟੇਸ਼ਨ ਦੀਆਂ ਕਮੀਆਂ, ਸੀਵਰੇਜ ਸਮੱਸਿਆਵਾਂ, ਕੂੜਾ ਇਕੱਠਾ ਹੋਣਾ, ਜਨਤਕ ਪਖਾਨਿਆਂ ਦੀ ਸਥਿਤੀ ਅਤੇ ਆਮ ਸਫਾਈ ਸਮੇਤ ਨਾਗਰਿਕ ਮੁੱਦਿਆਂ ਦੀ ਪਛਾਣ ਕਰਦੇ ਹਨ ਅਤੇ ਰਿਪੋਰਟ ਕਰਦੇ ਹਨ। ਉਹ ਪੀ.ਐਮ.ਆਈ.ਡੀ.ਸੀ. ਦੁਆਰਾ ਵਿਕਸਤ ਐਮ-ਸੇਵਾ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕਰਦੇ ਹਨ।

# ਸੰਗਰੂਰ ਵਿੱਚ ਗਊ ਸਨਮਾਨ ਮੁਹਿੰਮ ਤਹਿਤ ਡੀਸੀ ਨੂੰ ਸੌਂਪਿਆ ਗਿਆ ਮੰਗ ਪੱਤਰ



**ਸੰਗਰੂਰ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਵੱਖ-ਵੱਖ ਧਾਰਮਿਕ ਸੰਗਠਨਾਂ ਅਤੇ ਗਊ ਭਗਤਾਂ ਵੱਲੋਂ ਸਾਂਝੇ ਤੌਰ 'ਤੇ ਗਊ ਸਨਮਾਨ ਮੁਹਿੰਮ ਤਹਿਤ ਭਾਰਤ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਮ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਡਿਪਟੀ ਕਮਿਸ਼ਨਰ (ਡੀਸੀ) ਨੂੰ ਮੰਗ ਪੱਤਰ ਸੌਂਪਿਆ ਗਿਆ।

ਇਸ ਮੌਕੇ ਮੁਹਿੰਮ ਨਾਲ ਜੁੜੇ ਨੁਮਾਇੰਦਿਆਂ ਨੇ ਦੱਸਿਆ ਕਿ ਦੇਸ਼ ਭਰ ਵਿੱਚ ਲੱਖਾਂ ਨਾਗਰਿਕਾਂ ਅਤੇ ਕਾਰਕੁਨਾਂ ਵੱਲੋਂ ਕੀਤੇ ਗਏ ਹਸਤਾਖਰਾਂ ਦੇ ਸਮਰਥਨ ਨਾਲ ਇਹ ਮੰਗ ਪੱਤਰ ਸੌਂਪਿਆ ਗਿਆ ਹੈ। ਮੰਗ ਪੱਤਰ ਵਿੱਚ ਪ੍ਰਮੁੱਖ ਤੌਰ 'ਤੇ ਗਊਮਾਤਾ ਨੂੰ ਰਾਸ਼ਟਰਮਾਤਾ ਘੋਸ਼ਿਤ ਕਰਨ ਅਤੇ ਦੇਸ਼ ਭਰ ਵਿੱਚ ਗਊ ਹੱਤਿਆ 'ਤੇ ਪੂਰਨ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ।

ਨੁਮਾਇੰਦਿਆਂ ਨੇ ਕਿਹਾ ਕਿ ਗਊ ਭਾਰਤੀ ਸੱਭਿਆਚਾਰ, ਧਾਰਮਿਕ ਆਸਥਾ ਅਤੇ ਪਰੰਪਰਾਵਾਂ ਦਾ ਅਹਿਮ ਹਿੱਸਾ ਹੈ। ਇਸ ਲਈ ਗਊ ਸੁਰੱਖਿਆ ਅਤੇ ਗਊ ਸੰਵਰਧਨ ਲਈ ਦੇਸ਼ ਪੱਧਰ 'ਤੇ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇਸ ਦੌਰਾਨ ਗਊ ਭਗਤਾਂ ਅਤੇ ਵੱਖ-ਵੱਖ ਧਾਰਮਿਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਦਿਆਂ ਜਲਦ ਤੋਂ ਜਲਦ ਲੋੜੀਂਦੇ ਕਦਮ ਚੁੱਕੇ ਜਾਣ।

# ਸਿੱਖਿਆ ਕ੍ਰਾਂਤੀ ਦੇ ਤਹਿਤ ਸੁਰਜੀਤ ਸਿੰਘ ਰੱਖੜਾ ਨੇ ਸਸਸਸ ਗੱਜੂਮਾਜਰਾ ਦੇ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ



**ਪਟਿਆਲਾ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਹੇਠ,ਸੁਰਜੀਤ ਸਿੰਘ ਰੱਖੜਾ ਸਾਬਕਾ ਕੈਬਨਿਟ ਮੰਤਰੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਜੂਮਾਜਰਾ ਵਿਖੇ ਗਿਆਰਵੀਂ ਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਭੇਜੇ ਗਏ ਸਕੂਲ ਬੈਗ ਵੰਡੇ।

ਉਨ੍ਹਾਂ ਨੇ ਦੱਸਿਆ ਕਿ ਇਹ ਸਿੱਖਿਆ ਕ੍ਰਾਂਤੀ ਦੇ ਤਹਿਤ ਪੰਜਾਬ ਸਰਕਾਰ ਦਾ ਬਹੁਤ ਹੀ ਸਲਾਂਘਾਯੋਗ ਕਦਮ ਹੈ। ਸੁਰਜੀਤ ਸਿੰਘ ਰੱਖੜਾ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਕਾਮਯਾਬ ਹੋਣ ਲਈ ਬਹੁਤ ਚੰਗੀਆਂ ਉਦਾਹਰਣਾਂ ਨਾਲ ਸਮਝਾਇਆ।ਸਟੇਜ ਦਾ ਸੰਚਾਲਨ ਹਰਵਿੰਦਰ ਸਿੰਘ ਨੇ ਕੀਤਾ। ਪ੍ਰਿੰਸੀਪਲ ਦਿਆਲ ਸਿੰਘ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਤੇ ਗੁਰਜਿੰਦਰ ਸਿੰਘ ਕਾਲਾ (ਸਾਬਕਾ ਬਲਾਕ ਸੰਮਤੀ ਮੈਂਬਰ), ਕੁਲਵੀਰ ਪਾਠਕ ਬੰਟੀ (ਪ੍ਰਧਾਨ ਯੁਵਕ ਸੇਵਾਵਾਂ ਕਲੱਬ ਗੱਜੂਮਾਜਰਾ),ਕੈਪਟਨ ਗੁਰਚਰਨ ਸਿੰਘ ਨਿਰਮਾਣ, ਹਰਦੀਪ ਸਿੰਘ ਕਾਲਾ,ਸੰਦੀਪ ਸਿੰਘ (ਚੇਅਰਮੈਨ ਸਪੋਰਟਸ ਵੈਲਫੇਅਰ),ਸੁਖਵਿੰਦਰ ਸਿੰਘ ਸੁੱਖੀ ਪੀ .ਏ. , ਜਗਜੀਤ ਸਿੰਘ ਸੋਨੀ ਪੀ .ਏ .,ਐਸਐਮਸੀ ਦੇ ਚੇਅਰਮੈਨ ਗੁਰਮੀਤ ਰਾਮ, ਐਸਐਮਸੀ ਦੇ ਵਾਈਸ ਚੇਅਰਮੈਨ ਕੁਲਦੀਪ ਸਿੰਘ, ਲੈਕ. ਸੁਖਰਾਜ ਕੁਮਾਰ,ਲੈਕ. ਗੁਰਪਿੰਦਰ ਕੌਰ, ਲੈਕ.ਕਮਲਪ੍ਰੀਤ ਅਤੇ ਸਮੂਹ ਸਟਾਫ ਹਾਜ਼ਰ ਸੀ।

# ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਪਟਿਆਲਾ ਤੋਂ ਦੋ ਹੋਰ ਬੱਸਾਂ ਰਵਾਨਾ



**ਪਟਿਆਲਾ, 31 ਜੁਲਾਈ/ਲਾਂਬਾ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਵਿਰਾਸਤ ਸੇਵਾ ਸੰਗਠਨ ਵੱਲੋਂ ਚਲ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪਟਿਆਲਾ ਸ਼ਹਿਰ ਦੀ ਢਿੱਲੋਂ ਕਾਲੋਨੀ ਅਤੇ ਤੇਜ ਬਾਗ ਕਾਲੋਨੀ ਤੋਂ ਅੱਜ ਦੋ ਬੱਸਾਂ ਰਵਾਨਾ ਕੀਤੀਆਂ। ਇਸ ਮੌਕੇ ਵਾਰਡ ਨੰਬਰ 35 ਦੇ ਇੰਚਾਰਜ ਰਮੇਸ਼ ਸਿੰਗਲਾ ਅਤੇ ਵਾਰਡ ਨੰਬਰ 34 ਦੇ ਐੱਮ.ਸੀ. ਤੇਜਿੰਦਰ ਮਹਿਤਾ ਵੀ ਮੌਜੂਦ ਸਨ। ਇਸ ਮੌਕੇ ਸੰਗਤਾਂ ਯਾਤਰਾ ਦੌਰਾਨ ਬਹੁਤ ਉਤਸ਼ਾਹ ਵਿਚ ਸਨ। ਸਰਕਾਰ ਦੇ ਇਸ ਵਿਸ਼ੇਸ਼ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਐਮ.ਐਲ.ਏ. ਪਟਿਆਲਾ ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਕੀਤਾ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਇਹ ਯਾਤਰਾ ਤਿੰਨ ਦਿਨ ਲਈ ਹੈ, ਜਿਥੇ ਕਿ ਵਧੀਆ ਹੋਟਲ ਵਿਚ ਖਾਣਾ ਅਤੇ ਰਹਿਣ ਦਾ ਪ੍ਰਬੰਧ ਹੁੰਦਾ ਹੈ। ਇਹ ਜਲਿਆਂ ਵਾਲਾ ਬਾਗ, ਰਾਮ ਤੀਰਥ ਮੰਦਰ, ਦੁਰਗਿਆਣਾ ਮੰਦਰ, ਅਤੇ ਵਾਹਗਾ ਬਾਰਡਰ ਵੀ ਜਾਂਦੀ ਹੈ। ਇਸ ਤੀਰਥ ਯਾਤਰਾ ਦਾ ਸਾਰਾ ਖਰਚ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ ਕਿਸੇ ਵੀ ਸ਼ਰਧਾਲੂ ਤੋਂ ਕੋਈ ਪੈਸਾ ਨਹੀਂ ਲਿਆ ਜਾ ਰਿਹਾ ਉਹਨਾਂ ਦੱਸਿਆ ਕਿ ਹੁਣ ਤੱਕ ਅਣਗਿਣਤ ਸ਼ਰਧਾਲੂ ਤੀਰਥ ਯਾਤਰਾ ਕਰ ਚੁੱਕੇ ਹਨ ਅਤੇ ਲੱਖਾਂ ਸ਼ਰਧਾਲੂ ਲਗਾਤਾਰ ਸਬੰਧਤ ਇਲਾਕੇ ਦੇ ਆਗੂਆਂ ਨਾਲ ਸੰਪਰਕ ਕਰ ਰਹੇ ਹਨ ਜਿਨਾਂ ਨੂੰ ਇਹ ਯਾਤਰਾ ਕਰਵਾਈ ਜਾ ਰਹੀ ਹੈ ਉਹਨਾਂ ਦੱਸਿਆ ਸਰਕਾਰ ਨੇ ਇਸ ਉਪਰਾਲੇ ਦਾ ਸੂਬਾ ਵਾਸੀਆਂ ਵੱਲੋਂ ਸਹਿਯੋਗ ਕਰਨ ਦੇ ਨਾਲ ਨਾਲ ਧੰਨਵਾਦ ਵੀ ਕੀਤਾ ਜਾ ਰਿਹਾ ਹੈ। ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਧਾਰਮਿਕ ਆਸਥਾ ਨਾਲ ਜੁੜੇ ਲੋਕਾਂ ਲਈ ਇੱਕ ਵੱਡਾ ਉਪਰਾਲਾ ਹੈ। ਇਸ ਯੋਜਨਾ ਰਾਹੀਂ ਸ਼ਰਧਾਲੂਆਂ ਨੂੰ ਵੱਖ-ਵੱਖ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਵਿਧਾਇਕ ਕੋਹਲੀ ਨੇ ਯਾਤਰਾ 'ਤੇ ਜਾ ਰਹੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੁਖਦ ਅਤੇ ਮੰਗਲਮਈ ਯਾਤਰਾ ਦੀ ਕਾਮਨਾ ਕੀਤੀ। ਸ਼ਰਧਾਲੂਆਂ ਨੇ ਵੀ ਪੰਜਾਬ ਸਰਕਾਰ ਅਤੇ ਵਿਧਾਇਕ ਕੋਹਲੀ ਦਾ ਧੰਨਵਾਦ ਕਰਦਿਆਂ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ।

# ਸਹਾਇਕ ਕਮਿਸ਼ਨਰ ਦੀ ਅਗਵਾਈ ਹੇਠ ਟ੍ਰੇਡ ਕਮਿਸ਼ਨ ਦੀ ਅਹਿਮ ਮੀਟਿੰਗ



**ਪਟਿਆਲਾ, 31 ਜੁਲਾਈ/ਲਾਂਬਾ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਤੁਰੰਤ ਹੱਲ ਅਤੇ ਵਪਾਰਕ ਗਤੀਵਿਧੀਆਂ ਨੂੰ ਹੋਰ ਸੁਚਾਰੂ ਬਣਾਉਣ ਦੇ ਮੰਤਵ ਨਾਲ ਅੱਜ ਪਟਿਆਲਾ ਦੇ ਸਹਾਇਕ ਕਮਿਸ਼ਨਰ ਹਰਜੋਤ ਕੌਰ ਮਾਵੀ ਦੀ ਅਗਵਾਈ ਹੇਠ ਟ੍ਰੇਡ ਕਮਿਸ਼ਨ ਦੀ ਮੀਟਿੰਗ ਕਰਵਾਈ ਗਈ।

ਇਸ ਦੌਰਾਨ ਵਪਾਰੀਆਂ ਵੱਲੋਂ ਉਠਾਏ ਗਏ ਵੱਖ-ਵੱਖ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਕਈ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ।

ਸਹਾਇਕ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਪਾਰੀਆਂ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਪ੍ਰਾਪਤ ਸ਼ਿਕਾਇਤਾਂ ਵਿੱਚੋਂ 368 ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ, ਜਦਕਿ 10 ਸ਼ਿਕਾਇਤਾਂ ਖੁਲੀਆਂ ਮੰਨੀਆਂ ਗਈਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਾਕੀ ਸ਼ਿਕਾਇਤਾਂ ਦਾ ਵੀ ਜਲਦ ਨਿਪਟਾਰਾ ਯਕੀਨੀ ਬਣਾਇਆ ਜਾਵੇ।

ਇਸ ਮੌਕੇ ਟ੍ਰੇਡਰਜ਼ ਕਮਿਸ਼ਨ, ਪਟਿਆਲਾ ਦੇ ਜ਼ਿਲ੍ਹਾ ਚੇਅਰਮੈਨ ਐਡਵੋਕੇਟ ਵਿਨੋਦ ਕੁਮਾਰ ਸਿੰਗਲਾ ਨੇ ਦੱਸਿਆ ਕਿ ਵਪਾਰੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਆਉਣ ਵਾਲੇ ਕੁਝ ਦਿਨਾਂ ਵਿੱਚ ਹੈਰੀਟੇਜ ਸਟਰੀਟ ਵਾਲੀ ਸੜਕ ਦਾ ਸਮਾਣੀਆ ਗੇਟ ਤੋਂ ਮਹਾਂਵੀਰ ਮੰਦਰ ਤੱਕ ਅਤੇ ਬਰਤਨ ਬਾਜ਼ਾਰ ਤੋਂ ਮੰਡੀ ਵਾਲੀ ਸੜਕ ਦਾ ਨਿਰਮਾਣ ਕਾਰਜ ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਵਪਾਰੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਦਾ ਹੱਲ ਹੋਵੇਗਾ।

# ਚੇਅਰਮੈਨ ਅਸ਼ੋਕ ਕੁਮਾਰ ਲੱਖਾ ਵੱਲੋਂ ਧੂਰੀ ਦੇ ਦਸਮੇਸ਼ ਨਗਰ ਵਿਖੇ ਆਮ ਆਦਮੀ ਕਲੀਨਿਕ ਦਾ ਉਦਘਾਟਨ

**ਧੂਰੀ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਮੁਫ਼ਤ ਅਤੇ ਗੁਣਵੱਤਾ ਭਰੀਆਂ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਦੇ ਉਦੇਸ਼ ਨਾਲ ਸਥਾਪਤ ਕੀਤੇ ਜਾ ਰਹੇ ਆਮ ਆਦਮੀ ਕਲੀਨਿਕਾਂ ਦੀ ਲੜੀ ਤਹਿਤ ਅੱਜ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਨੇ ਧੂਰੀ ਦੇ ਦਸਮੇਸ਼ ਨਗਰ, ਵਾਰਡ ਨੰਬਰ-12 ਵਿਖੇ ਨਵੇਂ ਆਮ ਆਦਮੀ ਕਲੀਨਿਕ ਦਾ ਉਦਘਾਟਨ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰ ਨਾਗਰਿਕ ਤੱਕ ਬਿਹਤਰ ਸਿਹਤ ਸਹੂਲਤਾਂ ਪਹੁੰਚਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਮਾਹਿਰ ਡਾਕਟਰਾਂ ਦੀ ਮੁਫ਼ਤ ਸਲਾਹ, ਲੋੜੀਂਦੀਆਂ ਦਵਾਈਆਂ ਅਤੇ ਲੈਬ ਟੈਸਟਾਂ ਦੀ ਸਹੂਲਤ ਇੱਕੋ ਛੱਤ ਹੇਠ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਨਾਲ ਲੋਕਾਂ ਦੇ ਇਲਾਜ 'ਤੇ ਹੋਣ ਵਾਲੇ ਖਰਚ ਵਿੱਚ ਕਾਫ਼ੀ ਕਮੀ ਆਈ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ ਵਿੱਚ ਕੀਤੇ ਜਾ ਰਹੇ ਸੁਧਾਰਾਂ ਦਾ ਲਾਭ ਲੱਖਾਂ ਲੋਕਾਂ ਤੱਕ ਪਹੁੰਚ ਰਿਹਾ ਹੈ ਅਤੇ ਆਮ ਆਦਮੀ ਕਲੀਨਿਕ ਲੋਕਾਂ ਲਈ ਵਰਦਾਨ ਸਾਬਤ ਹੋ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕਲੀਨਿਕਾਂ ਵਿੱਚ ਉਪਲਬਧ ਮੁਫ਼ਤ ਸਿਹਤ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਨਿਯਮਤ ਸਿਹਤ ਜਾਂਚ ਕਰਵਾ ਕੇ ਤੰਦਰੁਸਤ ਜੀਵਨ ਅਪਣਾਉਣ।

ਇਸ ਮੌਕੇ ਕੌਂਸਲਰ ਮੁਨੀਸ਼ ਕੁਮਾਰ ਰਿੰਕੂ, ਕੌਂਸਲਰ ਦਰਸ਼ਨ ਕੁਮਾਰ ਦਰਸੀ, ਕੌਂਸਲਰ ਸੰਦੀਪ ਬਾਂਸਲ, ਕੌਂਸਲਰ ਜਸਵੀਰ ਸਿੰਘ ਜੱਜ, ਐਸ.ਐਮ.ਓ. ਡਾ. ਸੰਜੀਵ ਅਰੋੜਾ, ਬਲਦੇਵ ਸਿੰਘ ਖਾਲਸਾ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਇਸ ਦੌਰਾਨ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਕਲੀਨਿਕ ਦਾ ਦੌਰਾ ਕੀਤਾ ਅਤੇ ਮਰੀਜ਼ਾਂ ਨੇ ਡਾਕਟਰਾਂ ਤੋਂ ਸਿਹਤ ਜਾਂਚ ਕਰਵਾ ਕੇ ਮੁਫ਼ਤ ਸਿਹਤ ਸੇਵਾਵਾਂ ਦਾ ਲਾਭ ਉਠਾਇਆ।

# ਬਰਨਾਲਾ ਲਾਠੀਚਾਰਜ ਦੇ ਵਿਰੋਧ ਵਿੱਚ ਮਾਛੀਵਾੜਾ ਵਿਖੇ ਰੋਸ ਪ੍ਰਦਰਸ਼ਨ

**ਮਾਛੀਵਾੜਾ ਸਾਹਿਬ, 31 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




(ਸੁੱਚਾ ਬੰਗੜ)ਪਿਛਲੇ ਲੰਬੇ ਸਮੇਂ ਤੋਂ ਸਫਾਈ ਸੇਵਕ ਆਪਣੀਆਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖਿਲਾਫ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰਕੇ ਆਪਣੇ ਮੰਗ ਪੱਤਰ ਵੱਖ ਵੱਖ ਸ਼ਹਿਰਾਂ ਅੰਦਰ ਦੇ ਰਹੇ ਸਨ। ਇਸੇ ਲੜੀ ਤਹਿਤ ਬਰਨਾਲਾ ਸ਼ਹਿਰ ਅੰਦਰ ਸਫਾਈ ਸੇਵਕਾਂ ਵੱਲੋਂ ਸ਼ਾਂਤਮਈ ਢੰਗ ਨਾਲ ਆਪਣੀਆਂ ਮੰਗਾਂ ਨੂੰ ਲੈ ਕੇ ਰੋਸ਼ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਜਿਸ ਤਹਿਤ ਪੁਲਿਸ ਪ੍ਰਸ਼ਾਸਨ ਦੇ ਡੀ.ਐਸ.ਪੀ. ਸਤਬੀਰ ਸਿੰਘ ਬੈਂਸ ਅਤੇ ਐਸ.ਐਚ.ਓ. ਲਖਬੀਰ ਸਿੰਘ ਵੱਲੋਂ ਇਹਨਾਂ ਸਫਾਈ ਸੇਵਕਾਂ ਉੱਪਰ ਲਾਠੀ ਚਾਰਜ ਕਰਕੇ ਉਹਨਾਂ ਨੂੰ ਜ਼ਖਮੀ ਕਰ ਦਿੱਤਾ ਅਤੇ ਜਾਤੀ ਸੂਚਕ ਸ਼ਬਦ ਵੀ ਬੋਲੇ ਗਏ। ਇਸ ਲਾਠੀ ਚਾਰਜ ਦੇ ਵਿਰੋਧ ਨੂੰ ਲੈ ਕੇ ਅੱਜ ਸਫਾਈ ਸੇਵਕ ਯੂਨੀਅਨ ਪੰਜਾਬ ਵੱਲੋਂ ਪੰਜਾਬ ਬੰਦ ਦੀ ਕਾਲ ਦਿੱਤੀ ਗਈ ਸੀ।

ਅੱਜ ਮਾਛੀਵਾੜਾ ਸਾਹਿਬ ਅੰਦਰ ਸਫਾਈ ਸੇਵਕ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਡੀ.ਐਸ.ਪੀ. ਬਰਨਾਲਾ ਤੇ ਐਸ.ਐਚ. ਓ.ਬਰਨਾਲਾ ਦਾ ਪੁਤਲਾ ਫੂਕਿਆ ਗਿਆ। ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਸਨੀ ਵੈਦ ਅਤੇ ਦੇਵਕੀ ਨੰਦਨ ਨੇ ਕਿਹਾ ਕਿ ਇਹਨਾਂ ਦੋਨਾਂ ਪੁਲਿਸ ਮੁਲਾਜ਼ਮਾਂ ਨੂੰ ਸਸਪੈਂਡ ਕਰਨ ਨਾਲ ਕੁਝ ਨਹੀਂ ਹੋਣਾ ਇਹਨਾਂ ਨੂੰ ਨੌਕਰੀ ਤੋਂ ਫਾਰਗ ਕਰਕੇ ਘਰ ਭੇਜਿਆ ਜਾਵੇ,ਤਾਂ ਕਿ ਇਹੋ ਜਿਹੇ ਅੱਤਿਆਚਾਰੀ ਪੁਲਿਸ ਮੁਲਾਜ਼ਮਾਂ ਦਾ ਅੰਤ ਹੋ ਸਕੇ।

ਉਨਾਂ ਨੇ ਰੋਸ਼ ਪ੍ਰਦਰਸ਼ਨ ਦੌਰਾਨ ਸ਼ਹਿਰ ਦੀਆਂ ਦੁਕਾਨਾਂ ਨੂੰ ਵੀ ਬੰਦ ਕਰਵਾਇਆ ਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਸਾਡੇ ਨਾਲ ਡੱਟ ਕੇ ਖੜਨ ਜੋ ਸਾਡੀਆਂ ਮੰਗਾਂ ਨੂੰ ਸਰਕਾਰ ਪੂਰਾ ਕਰ ਸਕੇ। ਵੱਡੀ ਗਿਣਤੀ ਵਿੱਚ ਪਹੁੰਚੀਆਂ ਸਫਾਈ ਸੇਵਕ ਬੀਬੀਆਂ ਨੇ ਇਹਨਾਂ ਦੋਨੇ ਮੁਲਾਜ਼ਮਾਂ ਦਾ ਪਿੱਟ ਸਿਆਪਾ ਵੀ ਕੀਤਾ ਤੇ ਉਹਨਾਂ ਨੇ ਮੰਗ ਕੀਤੀ ਕਿ ਇਹਨਾਂ ਦੋਨੇ ਮੁਲਾਜ਼ਮਾਂ ਨੂੰ ਪੱਕੇ ਤੌਰ ਤੇ ਨੌਕਰੀ ਤੋਂ ਫਾਰਗ ਕਰਕੇ ਘਰ ਭੇਜਿਆ ਜਾਵੇ॥ ਉਹਨਾਂ ਨੇ ਕਿਹਾ ਕਿ ਇਹੋ ਜਿਹਾ ਜ਼ੁਲਮ ਕੋਈ ਜਾਨਵਰਾਂ ਤੇ ਵੀ ਨਹੀਂ ਕਰਦਾ ਜੋ ਇਹਨਾਂ ਨੇ ਸਾਡੇ ਸਫਾਈ ਸੇਵਕਾਂ ਤੇ ਕੀਤਾ। ਉਹਨਾਂ ਨੇ ਕਿਹਾ ਕਿ ਅਸੀਂ ਦਿਨ ਰਾਤ ਘੱਟ ਤਨਖਾਹਾਂ ਵਿੱਚ ਨੌਕਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਾਂ। ਅਸੀਂ ਤਾਂ ਸਰਕਾਰ ਕੋਲੇ ਆਪਣੀਆਂ ਮੰਗਾਂ ਰੱਖੀਆਂ ਸਨ ਕਿ ਸਾਨੂੰ ਪੱਕਾ ਕੀਤਾ ਜਾਵੇ ਅਤੇ ਸਾਡੀਆਂ ਤਨਖਾਹਾਂ ਵਧਾਈਆਂ ਜਾਣ ਤਾਂ ਕਿ ਅਸੀਂ ਆਪਣੇ ਬੱਚਿਆਂ ਨੂੰ ਵਧੀਆ ਸਿੱਖਿਆ ਦੇ ਸਕੀਏ ਅਤੇ ਆਪਣੇ ਪਰਿਵਾਰ ਨੂੰ ਵਧੀਆ ਤਰੀਕੇ ਨਾਲ ਪਾਲਣ ਪੋਸ਼ਣ ਕਰ ਸਕੀਏ। ਪਰ ਸਾਡੇ ਸਾਥੀਆਂ ਨਾਲ ਇਸ ਤਰ੍ਹਾਂ ਦਾ ਵਰਤਾਓ ਕਰਨਾ ਲੋਕਤੰਤਰ ਦਾ ਘਾਣ ਹੈ।

ਉਹਨਾਂ ਨੇ ਕਿਹਾ ਕਿ ਜਦੋਂ ਤੱਕ ਸਾਡੀਆਂ ਮੰਗਾਂ ਨਹੀਂ ਪੂਰੀਆਂ ਹੁੰਦੀਆਂ ਉਦੋਂ ਤੱਕ ਸਾਡਾ ਇਹ ਪ੍ਰਦਰਸ਼ਨ ਜਾਰੀ ਰਹੇਗਾ।

# ਬਿਜਲੀ ਮੁਲਾਜ਼ਮ ਹੜਤਾਲ ਵਾਪਸ ਲੈਣ, ਸਰਕਾਰ ਗੱਲਬਾਤ ਲਈ ਹਮੇਸ਼ਾ ਤਿਆਰ : ਅਮਨ ਅਰੋੜਾ

**ਕੌਮੀ ਪਤ੍ਰਿਕਾ**

ਸੁਨਾਮ 31 ਜੁਲਾਈ। ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ (ਆਪ) ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਐਤਵਾਰ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ) ਦੇ ਕਰਮਚਾਰੀਆਂ ਨੂੰ ਤੁਰੰਤ ਹੜਤਾਲ ਖ਼ਤਮ ਕਰ ਕੇ ਡਿਊਟੀ ’ਤੇ ਵਾਪਸ ਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਝੋਨੇ ਦੀ ਲਵਾਈ ਦੇ ਬਹੁਤ ਮਹੱਤਵਪੂਰਨ ਸੀਜ਼ਨ ਦੌਰਾਨ ਬਿਜਲੀ ਸਪਲਾਈ ਪ੍ਰਭਾਵਿਤ ਹੋਣ ਕਾਰਨ ਕਿਸਾਨਾਂ ਦੇ ਨਾਲ-ਨਾਲ ਸੂਬੇ ਦੇ ਲਗਭਗ ਤਿੰਨ ਕਰੋੜ ਲੋਕਾਂ ਨੂੰ ਵੀ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਹਰ ਜਾਇਜ਼ ਮੰਗ ’ਤੇ ਗੱਲਬਾਤ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਪ੍ਰੈੱਸ ਕਾਨਫਰੰਸ ਦੌਰਾਨ ਅਮਨ ਅਰੋੜਾ ਨੇ ਦੱਸਿਆ ਕਿ 21 ਜੁਲਾਈ ਤੋਂ ਪਾਵਰ ਕਾਰਪੋਰੇਸ਼ਨ ਦੇ ਕਰੀਬ 18,500 ਕਰਮਚਾਰੀ, ਜੋ ਕੁੱਲ ਕਰਮਚਾਰੀਆਂ ਦਾ ਲਗਭਗ 90 ਫੀਸਦੀ ਹਨ, ਹੜਤਾਲ ’ਤੇ ਹਨ। ਬਿਜਲੀ ਸਪਲਾਈ ਪ੍ਰਭਾਵਿਤ ਹੋਣ ਕਾਰਨ ਸਿੰਚਾਈ ਦਾ ਕੰਮ ਰੁਕ ਰਿਹਾ ਹੈ ਤੇ ਕਿਸਾਨਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਘਰੇਲੂ ਖਪਤਕਾਰਾਂ, ਵਪਾਰੀਆਂ, ਮਹਿਲਾਵਾਂ ਅਤੇ ਆਮ ਲੋਕਾਂ ਨੂੰ ਵੀ ਕਈ ਸਮੱਸਿਆਵਾਂ ਝੱਲਣੀਆਂ ਪੈ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਹਰ ਵਰਗ ਦੀ ਸਰਕਾਰ ਹੈ ਤੇ ਕਰਮਚਾਰੀਆਂ ਦੇ ਹਿੱਤਾਂ ਲਈ ਕਈ ਅਹਿਮ ਫ਼ੈਸਲੇ ਕਰ ਚੁੱਕੀ ਹੈ। ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ, ਜਦਕਿ ਹਜ਼ਾਰਾਂ ਅਸਥਾਈ ਕਰਮਚਾਰੀਆਂ ਨੂੰ ਰੈਗੂਲਰ ਕੀਤਾ ਗਿਆ ਹੈ। ਸਾਲਾਂ ਤੋਂ ਲਟਕ ਰਹੀਆਂ ਕਈ ਮੰਗਾਂ ਵੀ ਪੂਰੀਆਂ ਕੀਤੀਆਂ ਗਈਆਂ ਹਨ। ਪਾਵਰ ਕਾਰਪੋਰੇਸ਼ਨ ਦੇ ਕਰਮਚਾਰੀਆਂ ਦੀਆਂ ਕਈ ਮੰਗਾਂ ਸਰਕਾਰ ਪਹਿਲਾਂ ਹੀ ਮੰਨ ਚੁੱਕੀ ਹੈ। ਬਾਕੀ ਮੰਗਾਂ ਸਬੰਧੀ ਖੁਦ ਕਰਮਚਾਰੀ ਯੂਨੀਅਨਾਂ ਨੇ ਸਰਕਾਰ ਨੂੰ ਸਾਂਝੀ ਕਮੇਟੀ ਬਣਾਉਣ ਦੀ ਅਪੀਲ ਕੀਤੀ ਸੀ। ਇਸ ਤਹਿਤ ਲਗਭਗ 25 ਦਿਨ ਪਹਿਲਾਂ ਇੱਕ ਉੱਚ ਪੱਧਰੀ ਕਮੇਟੀ ਬਣਾਈ ਗਈ, ਜੋ ਲਗਾਤਾਰ ਮੰਗਾਂ ’ਤੇ ਵਿਚਾਰ ਕਰ ਰਹੀ ਹੈ। ਸਰਕਾਰ ਹਰ ਜਾਇਜ਼



ਮੰਗ ’ਤੇ ਗੰਭੀਰਤਾ ਨਾਲ ਵਿਚਾਰ ਕਰਨ ਲਈ ਵਚਨਬੱਧ ਹੈ। ਅਜਿਹੇ ਵਿੱਚ ਗੱਲਬਾਤ ਦੌਰਾਨ ਹੜਤਾਲ ਕਰਨਾ ਠੀਕ ਨਹੀਂ ਹੈ। ਅਰੋੜਾ ਨੇ ਕਿਹਾ ਕਿ ਲੋਕਾਂ ਅਤੇ ਕਿਸਾਨਾਂ ਨੂੰ ਪਰੇਸ਼ਾਨ ਕਰਕੇ ਸਰਕਾਰ ’ਤੇ ਦਬਾਅ ਬਣਾਉਣ ਦੀ ਨੀਅਤ ਨਾਲ ਹੜਤਾਲ ਕਰਨਾ ਜਾਇਜ਼ ਨਹੀਂ ਹੈ। ਸਰਕਾਰ ਵੀ ਲੋਕਾਂ ਦੀ ਹੈ ਅਤੇ ਕਰਮਚਾਰੀ ਵੀ ਲੋਕਾਂ ਦੇ ਸੇਵਕ ਹਨ। ਇਸ ਲਈ ਉਨ੍ਹਾਂ ਕਰਮਚਾਰੀ ਯੂਨੀਅਨਾਂ ਨੂੰ ਨਿਮਰਤਾ ਨਾਲ ਅਪੀਲ ਕੀਤੀ ਕਿ ਉਹ ਕਿਸਾਨਾਂ ਅਤੇ ਆਮ ਲੋਕਾਂ ਨੂੰ ਪਰੇਸ਼ਾਨ ਨਾ ਕਰਨ। ਉਨ੍ਹਾਂ ਦੱਸਿਆ ਕਿ ਇਕ ਕਿਸਾਨ ਨੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਕਿ ਉਸ ਨੇ ਤਿੰਨ ਏਕੜ ਠੇਕੇ ਦੀ ਜ਼ਮੀਨ ’ਤੇ ਖੇਤੀ ਕੀਤੀ ਹੋਈ ਹੈ, ਪਰ ਹੜਤਾਲ ਕਾਰਨ ਬਿਜਲੀ ਨਾ ਮਿਲਣ ਨਾਲ ਉਸ ਦੀ ਰੋਜ਼ੀ-ਰੋਟੀ ’ਤੇ ਗੰਭੀਰ ਸੰਕਟ ਪੈਦਾ ਹੋ ਗਿਆ ਹੈ। ਅਰੋੜਾ ਨੇ ਸਵਾਲ ਕੀਤਾ ਕਿ ਅਜਿਹੇ ਮਿਹਨਤੀ ਕਿਸਾਨਾਂ ਦਾ ਕੀ ਕਸੂਰ ਹੈ? ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਕਰਮਚਾਰੀ ਯੂਨੀਅਨਾਂ ਨਾਲ ਲਗਾਤਾਰ ਸੰਪਰਕ ’ਚ ਹਨ ਤੇ ਗੱਲਬਾਤ ਜਾਰੀ ਹੈ। ਮੁੱਖ ਮੰਤਰੀ, ਬਿਜਲੀ ਵਿਭਾਗ ਤੇ ਪੂਰੀ ਸਰਕਾਰ ਕਰਮਚਾਰੀਆਂ ਨਾਲ ਸੰਵਾਦ ਲਈ ਹਮੇਸ਼ਾ ਤਿਆਰ ਹੈ। ਅਮਨ ਅਰੋੜਾ ਨੇ ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਸਰਕਾਰ ਨੇ ਸੂਬੇ ’ਚ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਹੈ। ਹੁਣ ਜੇ ਕੁਝ ਲੋਕ ਹੜਤਾਲ ਕਰ ਕੇ ਸਰਕਾਰ ਦਾ ਅਕਸ ਖ਼ਰਾਬ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਲੋਕ ਸਭ ਕੁਝ ਸਮਝਦੇ ਹਨ। ਉਨ੍ਹਾਂ ਕਿਸਾਨ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਰਮਚਾਰੀ ਯੂਨੀਅਨਾਂ ਨਾਲ ਗੱਲਬਾਤ ਕਰਕੇ ਹੜਤਾਲ ਖਤਮ ਕਰਵਾਉਣ ਵਿੱਚ ਆਪਣੀ ਭੂਮਿਕਾ ਨਿਭਾਉਣ।

# ਮੇਅਰ ਹਸਨਪ੍ਰੀਤ ਭਾਰਦਵਾਜ ਨੇ ਜ਼ਖ਼ਮੀ ਸਫ਼ਾਈ ਸੇਵਕਾਂ ਨੂੰ ਰੈੱਡ ਕਰਾਸ ਵੱਲੋਂ 7.50 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇ ਚੈੱਕ ਵੰਡੇ

ਬਰਨਾਲਾ 31 ਜੁਲਾਈ। ਨਗਰ ਨਿਗਮ ਬਰਨਾਲਾ ਦੇ ਪਹਿਲੇ ਮੇਅਰ ਹਸਨਪ੍ਰੀਤ ਭਾਰਦਵਾਜ ਨੇ ਸਥਾਨਕ ਸਿਵਲ ਹਸਪਤਾਲ ਪਹੁੰਚ ਕੇ ਇੱਕ ਮੰਦਭਾਗੀ ਘਟਨਾ ਦੌਰਾਨ ਜ਼ਖ਼ਮੀ ਹੋਏ ਸਫ਼ਾਈ ਕਰਮਚਾਰੀਆਂ ਦਾ ਹਾਲ-ਚਾਲ ਪੁੱਛਿਆ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਬਰਨਾਲਾ ਹਰਪ੍ਰੀਤ ਸਿੰਘ ਆਈ.ਏ.ਐੱਸ. ਅਤੇ ਜ਼ਿਲ੍ਹਾ ਪੁਲਿਸ ਮੁਖੀ ਮੁਹੰਮਦ ਸਰਫ਼ਰਾਜ਼ ਆਲਮ ਆਈ.ਪੀ.ਐੱਸ. ਵੀ ਮੌਜੂਦ ਸਨ। ਪੰਜਾਬ ਸਰਕਾਰ ਵੱਲੋਂ ਰੈੱਡ ਕਰਾਸ ਬਰਨਾਲਾ ਦੇ ਸਹਿਯੋਗ ਨਾਲ, ਹਸਪਤਾਲ ਵਿੱਚ ਜ਼ੇਰ-ਏ-ਇਲਾਜ 13 ਜ਼ਖ਼ਮੀ ਸਫ਼ਾਈ ਕਾਮਿਆਂ ਨੂੰ ਕੁੱਲ 7.50 ਲੱਖ ਰੁਪਏ ਦੇ ਰਾਹਤ ਚੈੱਕ ਸੌਂਪੇ ਗਏ। ਇਸ ਦੌਰਾਨ ਭਾਵੁਕ ਹੁੰਦਿਆਂ ਮੇਅਰ ਹਸਨਪ੍ਰੀਤ ਭਾਰਦਵਾਜ ਨੇ ਕਿਹਾ ਕਿ ਬਰਨਾਲਾ ਵਿੱਚ ਵਾਪਰਿਆ ਇਹ ਹਾਦਸਾ ਅਤਿ-ਨਿੰਦਣਯੋਗ ਹੈ ਅਤੇ ਇਸ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਘੱਟ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਬਾਅਦ ਉਹ ਖ਼ੁਦ ਇਨ੍ਹਾਂ ਸਫ਼ਾਈ ਕਾਮਿਆਂ ਨਾਲ ਅੱਖਾਂ ਮਿਲਾ ਕੇ ਗੱਲ ਕਰਨ ਜੋਗੇ ਨਹੀਂ ਰਹੇ। ਮੇਅਰ ਨੇ ਅੱਗੇ ਕਿਹਾ,



ਇਹ ਸਫ਼ਾਈ ਕਰਮਚਾਰੀ ਸਿਰਫ਼ ਮੇਰੇ ਵਾਰਡ ਦੇ ਨਿਵਾਸੀ ਹੀ ਨਹੀਂ, ਸਗੋਂ ਮੇਰੇ ਪਰਿਵਾਰਕ ਮੈਂਬਰਾਂ ਵਾਂਗ ਹਨ। ਉਨ੍ਹਾਂ ਦੇ ਸਰੀਰ ’ਤੇ ਲੱਗੀਆਂ ਸੱਟਾਂ ਅਤੇ ਜ਼ਖ਼ਮਾਂ ਨੇ ਮੇਰਾ ਹਿਰਦਾ ਵਲੂੰਧਰ ਕੇ ਰੱਖ ਦਿੱਤਾ ਹੈ। ਉਨ੍ਹਾਂ ਇਨ੍ਹਾਂ ਕਾਮਿਆਂ ਦੇ ਪੈਰੀਂ ਹੱਥ ਲਾ ਕੇ ਅਤੇ ਦੋਵੇਂ ਹੱਥ ਜੋੜ ਕੇ ਮੁਆਫ਼ੀ ਮੰਗੀ। ਨਾਲ ਹੀ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਮੌਜੂਦਾ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਵੀ ਜਨਤਕ ਤੌਰ ’ਤੇ ਬਰਨਾਲਾ ਦੇ ਸਫ਼ਾਈ ਕਾਮਿਆਂ ਤੋਂ ਮੁਆਫ਼ੀ ਮੰਗੀ ਹੈ। ਸਫ਼ਾਈ ਕਰਮਚਾਰੀ ਯੂਨੀਅਨ ਬਰਨਾਲਾ ਦੇ ਪ੍ਰਧਾਨ ਗੁਲਸ਼ਨ, ਆਗੂ ਵਿੱਕੀ ਅਤੇ ਵਿਨੈ ਦੀ ਹਾਜ਼ਰੀ ਵਿੱਚ ਮੇਅਰ ਨੇ ਭਰੋਸਾ ਦਿਵਾਇਆ ਕਿ ਉਹ ਜ਼ਖ਼ਮੀ ਸਫ਼ਾਈ ਕਰਮਚਾਰੀਆਂ ਨੂੰ ਇਨਸਾਫ਼ ਦਿਵਾਉਣ ਲਈ ਹਰ ਸੰਭਵ ਚਾਰਾਜੋਈ ਕਰਨਗੇ। ਉਨ੍ਹਾਂ ਦੇ ਉਚਿਤ ਇਲਾਜ ਲਈ ਉਹ ਖੁਦ ਅੱਗੇ ਲੱਗਣਗੇ। ਇਸ ਮੌਕੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਅਤੇ ਜ਼ਿਲ੍ਹਾ ਪੁਲਿਸ ਮੁਖੀ ਮੁਹੰਮਦ ਸਰਫ਼ਰਾਜ਼ ਆਲਮ ਨੇ ਵੀ ਜ਼ਖ਼ਮੀਆਂ ਦਾ ਖ਼ੈਰ-ਸੁੱਖ ਪੁੱਛਿਆ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਆਰਥਿਕ ਤੇ ਪ੍ਰਸ਼ਾਸਨਿਕ ਮੱਦਦ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ। ਇਸ ਮੌਕੇ ਸੀ.ਆਈ.ਏ. ਇੰਚਾਰਜ ਇੰਸਪੈਕਟਰ ਬਲਜੀਤ ਸਿੰਘ ਤੋਂ ਇਲਾਵਾ ਜ਼ਿਲ੍ਹਾ ਬਰਨਾਲਾ ਦੇ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਹੋਰ ਉੱਚ ਅਧਿਕਾਰੀ ਵੀ ਹਾਜ਼ਰ ਸਨ।

# ਪੰਜਾਬ ’ਚ ਵੱਡਾ ਸੜਕ ਹਾਦਸਾ, ਕਾਰ ਤੇ ਮੋਟਰਸਾਈਕਲ ਦੀ ਟੱਕਰ ’ਚ 2 ਨੌਜਵਾਨਾਂ ਦੀ ਮੌਤ

ਬਰਨਾਲਾ 31 ਜੁਲਾਈ। ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇ ਨੰਬਰ 703 ’ਤੇ ਮੋਗਾ ਪੁਲ ਨਜ਼ਦੀਕ ਭਿਆਨਕ ਸੜਕ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਕ ਤੇਜ਼ ਰਫਤਾਰ ਆਈ ਟਵੰਟੀ (●20) ਕਾਰ ਵੱਲੋਂ ਮੋਟਰਸਾਈਕਲ ਨੂੰ ਪਿਛਿਓਂ ਮਾਰੀ ਟੱਕਰ ਕਾਰਨ ਮੋਟਰਸਾਈਕਲ ਚਾਲਕ ਅਤੇ ਕਾਰ ਚਾਲਕ ਦੋਵਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਬੂਟਾ ਸਿੰਘ ਅਤੇ ਹਰਪ੍ਰੀਤ ਸਿੰਘ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ, ਮ੍ਰਿਤਕ ਬੂਟਾ ਸਿੰਘ (ਪੁੱਤਰ ਸਵ. ਰੁਲਦੂ ਸਿੰਘ), ਜੋ ਕਿ ਗੁਰਸੇਵਕ ਨਗਰ ਬਠਿੰਡਾ ਦਾ ਰਹਿਣ ਵਾਲਾ ਸੀ, ਬਰਨਾਲਾ ਟੀ-ਪੁਆਇੰਟ ’ਤੇ ਦੁੱਧ ਪਾਉਣ ਤੋਂ ਬਾਅਦ ਆਪਣੇ ਮੋਟਰਸਾਈਕਲ ’ਤੇ ਹੰਡਿਆਇਆ ਚੌਕ ਰਾਹੀਂ ਵਾਪਸ ਘਰ ਪਰਤ ਰਿਹਾ ਸੀ। ਜਦੋਂ ਉਹ ਨੈਸ਼ਨਲ ਹਾਈਵੇ 703 ’ਤੇ ਮੋਗਾ ਪੁਲ ਕੋਲ ਪਹੁੰਚਿਆ, ਤਾਂ ਪਿੱਛੋਂ ਆ ਰਹੀ ਇਕ ਬੇਕਾਬੂ ਤੇ ਤੇਜ਼ ਰਫਤਾਰ ਆਈ-20 ਕਾਰ ਨੇ ਉਸ ਨੂੰ ਆਪਣੀ ਲਪੇਟ ’ਚ ਲੈ ਲਿਆ। ਚਸ਼ਮਦੀਦਾਂ ਅਨੁਸਾਰ ਕਾਰ ਦੀ ਰਫਤਾਰ ਇੰਨੀ ਜ਼ਿਆਦਾ ਸੀ ਕਿ ਉਹ ਮੋਟਰਸਾਈਕਲ ਚਾਲਕ ਨੂੰ ਕਾਫੀ ਦੂਰ ਤੱਕ ਘਸੀਟਦੀ ਹੋਈ ਲੈ ਗਈ। ਇਸ ਤੋਂ ਬਾਅਦ ਕਾਰ ਸੜਕ ਕੰਢੇ ਖੜ੍ਹੇ ਟਾਹਲੀ ਦੇ ਇਕ ਵੱਡੇ ਦਰੱਖਤ ਨਾਲ ਜਾ ਟਕਰਾਈ ਅਤੇ ਕਾਫੀ ਦੂਰ ਜਾ ਕੇ ਰੁਕੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਤੇ ਮੋਟਰਸਾਈਕਲ ਦੋਵਾਂ ਦੇ ਪਰਖੱਚੇ ਉੱਡ ਗਏ। ਹਾਦਸੇ ਤੋਂ ਤੁਰੰਤ ਬਾਅਦ ਦੋਵਾਂ ਜ਼ਖਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਬਰਨਾਲਾ ਵਿਖੇ ਪਹੁੰਚਾਇਆ ਗਿਆ। ਇੱਥੇ ਡਾਕਟਰਾਂ ਨੇ ਬੂਟਾ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਦੂਜੇ ਪਾਸੇ, ਕਾਰ ਚਾਲਕ ਹਰਪ੍ਰੀਤ ਸਿੰਘ (ਵਾਸੀ ਰਾਮਪੁਰਾ) ਦੀ ਗੰਭੀਰ ਹਾਲਤ ਨੂੰ ਦੇਖਦਿਆਂ ਉਸ ਨੂੰ ਮੁੱਢਲੀ ਸਹਾਇਤਾ ਦੇ ਕੇ ਹਾਇਰ ਸੈਂਟਰ ਰੈਫਰ ਕੀਤਾ ਗਿਆ ਪਰ ਉਸ ਨੇ ਰਸਤੇ ’ਚ ਹੀ ਦਮ ਤੋੜ ਦਿੱਤਾ। ਮ੍ਰਿਤਕ ਬੂਟਾ ਸਿੰਘ ਆਪਣੇ ਪਿੱਛੇ ਪਤਨੀ, ਬਜ਼ੁਰਗ ਮਾਤਾ ਤੇ ਤਿੰਨ ਛੋਟੇ-ਛੋਟੇ ਬੱਚਿਆਂ ਨੂੰ ਰੋਂਦੇ-ਵਿਲਕਦੇ ਛੱਡ ਗਿਆ ਹੈ। ਉਹ ਆਪਣੇ ਘਰ ਦਾ ਇਕਲੌਤਾ ਕਮਾਊ ਜੀਅ ਸੀ। ਇਸ ਮੰਦਭਾਗੀ ਖ਼ਬਰ ਤੋਂ ਬਾਅਦ ਪੂਰੇ ਇਲਾਕੇ ’ਚ ਸੋਗ ਦੀ ਲਹਿਰ ਦੌੜ ਗਈ ਹੈ। ਮਾਮਲੇ ਸਬੰਧੀ ਗੱਲਬਾਤ ਕਰਦਿਆਂ ਥਾਣਾ ਸਿਟੀ-2 ਦੇ ਸਹਾਇਕ ਥਾਣੇਦਾਰ ਬਲੀ ਰਾਮ ਭਾਂਡੇ ਨੇ ਦੱਸਿਆ ਕਿ ਪੁਲਸ ਨੇ ਕਾਨੂੰਨੀ ਕਾਰਵਾਈ ਕਰਦਿਆਂ ਦੋਵਾਂ ਮ੍ਰਿਤਕਾਂ ਦੀਆਂ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਹਨ।

## ਕੁੱਟਮਾਰ ਦਾ ਦੋਸ਼ ਲਾਉਣ ਵਾਲੇ ’ਆਪ’ ਆਗੂ ’ਤੇ ਹੀ ਪੁਲਿਸ ਨੇ ਦਰਜ ਕੀਤਾ ਪਰਚਾ

ਪਟਿਆਲਾ 31 ਜੁਲਾਈ। ਥਾਣਾ ਪਸਿਆਣਾ ਇਲਾਕੇ ਦੇ ਪਿੰਡ ਰਾਮਗੜ੍ਹ ਦੇ ਰਹਿਣ ਵਾਲੇ ਆਮ ਆਦਮੀ ਪਾਰਟੀ ਦੇ ਆਗੂ ਨਾਲ ਕੁੱਟਮਾਰ ਦੀ ਇੰਟਰਨੈੱਟ ’ਤੇ ਵਾਇਰਲ ਹੋਈ ਵੀਡੀਓ ਤੇ ਬਿਆਨਾਂ ਦੀ ਜਾਂਚ ਤੋਂ ਬਾਅਦ ਪੁਲਿਸ ਨੇ ਆਪ ਆਗੂ ਖ਼?ਲਾਫ਼ ਹੀ ਐੱਫਆਈਆਰ ਦਰਜ ਕਰ ਲਈ ਹੈ। ਇਹ ਮਾਮਲਾ ਗੁਰਦੀਪ ਸਿੰਘ ਵਾਸੀ ਪਿੰਡ ਰਾਮਗੜ੍ਹ ਦੇ ਬਿਆਨਾਂ ਦੇ ਆਧਾਰ ’ਤੇ ਆਪ ਆਗੂ ਅੰਗਰੇਜ਼ ਸਿੰਘ ’ਤੇ ਦਰਜ ਹੋਇਆ ਹੈ। ਇਸ ਮਾਮਲੇ ’ਚ ਆਪ ਆਗੂ ’ਤੇ ਫਾਇਰਿੰਗ ਕਰਨ ਦੀਆਂ ਧਾਰਾਵਾਂ ਵੀ ਲਗਾਈਆਂ ਗਈਆਂ ਹਨ ਤੇ ਘਟਨਾ ਤੋਂ ਬਾਅਦ ਦੋਵੇਂ ਧਿਰਾਂ ਹਸਪਤਾਲ ’ਚ ਇਲਾਜ ਅਧੀਨ ਹਨ। ਗੁਰਦੀਪ ਸਿੰਘ ਦੇ ਬਿਆਨਾਂ ਅਨੁਸਾਰ, 19 ਜੁਲਾਈ ਨੂੰ ਸ਼ਾਮ ਸਾਢੇ ਪੰਜ ਵਜੇ ਉਹ ਆਪਣੀ ਸਕੂਟੀ ’ਤੇ ਸਵਾਰ ਹੋ ਕੇ ਖੇਤਾਂ ਤੋਂ ਘਰ ਵੱਲ ਆ ਰਿਹਾ ਸੀ। ਪਿੰਡ ਦੇ ਗੁਰਦੁਆਰਾ ਸਾਹਿਬ ਦੇ ਅੱਗੇ ਇਕ ਸਵਿਫਟ ਕਾਰ ਨੇ ਉਸ ਦੀ ਸਕੂਟੀ ਨੂੰ ਟੱਕਰ ਮਾਰ ਦਿੱਤੀ। ਕਾਰ ’ਤੇ ਪੰਜਾਬ ਸਰਕਾਰ ਦਾ ਸਟਿੱਕਰ ਲੱਗਿਆ ਹੋਇਆ ਸੀ, ਜਿਸ ’ਚ ਸਵਾਰ ਅੰਗਰੇਜ਼ ਸਿੰਘ ਨੇ ਉਸ ’ਤੇ ਜਾਨੋਂ ਮਾਰਨ ਦੀ ਨੀਅਤ ਨਾਲ ਰਿਵਾਲਵਰ ਤੋਂ ਫਾਇਰ ਕਰਨ ਦੀ ਕੋਸ਼ਿਸ਼ ਕੀਤੀ। ਗੁਰਦੀਪ ਸਿੰਘ ਨੇ ਉਸ ਦਾ ਹੱਥ ਫੜ ਕੇ ਉੱਪਰ ਵੱਲ ਕਰਕੇ ਆਪਣੀ ਜਾਨ ਬਚਾਈ, ਜਿਸ ਨਾਲ ਹਵਾ ਵਿੱਚ ਦੋ ਫਾਇਰ ਹੋ ਗਏ। ਇਸ ਤੋਂ ਬਾਅਦ ਮੁਲਜ਼ਮ ਅੰਗਰੇਜ਼ ਸਿੰਘ ਨੇ ਦੋਬਾਰਾ ਤਿੰਨ ਸਿੱਧੇ ਫਾਇਰ ਕੀਤੇ, ਤਾਂ ਸ਼ਿਕਾਇਤਕਰਤਾ ਗੁਰਦੀਪ ਸਿੰਘ ਨੇ ਕਾਰ ਦੇ ਪਿੱਛੇ ਲੁੱਕ ਕੇ ਆਪਣਾ ਬਚਾਅ ਕੀਤਾ। ਫਾਇਰਿੰਗ ਦੀ ਆਵਾਜ਼ ਸੁਣ ਕੇ ਲੋਕ ਇਕੱਠੇ ਹੋਣ ਲੱਗੇ ਤਾਂ ਮੁਲਜ਼ਮ ਉਸ ਦਾ ਫ਼ੋਨ ਖ਼ੋਹ ਕੇ ਅਤੇ ਧਮਕੀਆਂ ਦਿੰਦਾ ਹੋਇਆ ਮੌਕੇ ਤੋਂ ਫਰਾਰ ਹੋ ਗਿਆ। ਹਮਲੇ ਦੀ ਵਜ?ਹਾ ਦੋਵਾਂ ਧਿਰਾਂ ਵਿਚਾਲੇ ਪੰਚਾਇਤੀ ਚੋਣਾਂ ਦੌਰਾਨ ਹੋਈ ਪੁਰਾਣੀ ਝੜਪ ਦੱਸੀ ਜਾ ਰਹੀ ਹੈ।

# ਅੰਮ੍ਰਿਤਸਰ ਤੋਂ ਅੰਤਰਰਾਸ਼ਟਰੀ ਸ਼ਹਿਰਾਂ ਲਈ ਸ਼ੁਰੂ ਕੀਤੀ ’ਈਜ਼ੀ ਕਨੈਕਟ’ ਹਵਾਈ ਸੇਵਾ ਇਕ ਇਤਿਹਾਸਕ ਤੋਹ.ਫਾ: ਕੇਵਲ ਢਿੱਲੋਂ

**ਕੌਮੀ ਪਤ੍ਰਿਕਾ**

ਚੰਡੀਗੜ੍ਹ 31 ਜੁਲਾਈ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕੇਂਦਰ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਸ਼ੁਰੂ ਕੀਤੀ ਗਈ ਨਵੀਂ ’ਈਜ਼ੀ ਕਨੈਕਟ’ ਹਵਾਈ ਸੇਵਾ ਦਾ ਭਰਪੂਰ ਸਵਾਗਤ ਕੀਤਾ ਹੈ। ਉਹਨਾਂ ਨੇ ਇਸ ਇਤਿਹਾਸਕ ਉਪਰਾਲੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਨਾਗਰਿਕ ਉਡਾਣ ਮੰਤਰੀ ਕਿੰਜਰਾਪੂ ਰਾਮ ਮੋਹਨ ਨਾਇਡੂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਢਿੱਲੋਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ’ਹਬ-ਐਂਡ-ਸਪੋਕ’ ਮਾਡਲ ਤਹਿਤ ਏਅਰ ਇੰਡੀਆ ਵੱਲੋਂ ਸ਼ੁਰੂ ਕੀਤੀ ਗਈ ਇਸ ਸੇਵਾ ਨਾਲ ਪੰਜਾਬ ਦੇ ਹਜ਼ਾਰਾਂ ਮੁਸਾਫਰਾਂ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਐਨ.ਆਰ.ਆਈ ਭਾਈਚਾਰੇ ਨੂੰ ਬਹੁਤ ਵੱਡਾ ਫਾਇਦਾ ਹੋਵੇਗਾ। ਹੁਣ ਅੰਮ੍ਰਿਤਸਰ ਤੋਂ ਉੱਡਣ ਵਾਲੇ ਯਾਤਰੀ ਦਿੱਲੀ ਰਾਹੀਂ ਦੁਨੀਆ ਦੇ 27 ਪ੍ਰਮੁੱਖ ਅੰਤਰਰਾਸ਼ਟਰੀ ਸ਼ਹਿਰਾਂ ਟੋਰਾਂਟੋ, ਵੈਨਕੂਵਰ (ਕੈਨੇਡਾ),



ਨਿਊਯਾਰਕ, ਸ਼ਿਕਾਗੋ, ਸੈਨ ਫਰਾਂਸਿਸਕੋ (ਅਮਰੀਕਾ), ਲੰਡਨ, ਬਰਮਿੰਘਮ (ਇੰਗਲੈਂਡ), ਮੈਲਬੌਰਨ, ਸਿਡਨੀ (ਆਸਟ?ਰੇਲੀਆ) ਦੇ ਨਾਲ-ਨਾਲ ਯੂਰਪ, ਦੱਖਣ-ਪੂਰਬੀ ਏਸ਼ੀਆ ਅਤੇ ਮੱਧ ਪੂਰਬ (ਦੁਬਈ ਆਦਿ) ਦੇ ਦੇਸ਼ਾਂ ਵਿੱਚ ਬਿਨਾਂ ਕਿਸੇ ਖੱਜਲ-ਖੁਆਰੀ ਦੇ ਪਹੁੰਚ ਸਕਣਗੇ। ਢਿੱਲੋਂ ਨੇ ਕਿਹਾ ਕਿ ਪੰਜਾਬ ਦੇ ਲੱਖਾਂ ਪਰਵਾਸੀ ਵਿਦੇਸ਼ਾਂ ਵਿੱਚ ਵੱਸਦੇ ਹਨ ਅਤੇ ਉਹਨਾਂ ਦਾ ਆਪਣੇ ਪਿੰਡਾਂ, ਸ਼ਹਿਰਾਂ ਅਤੇ ਪਰਿਵਾਰਾਂ ਨਾਲ ਸਦੀਵੀ ਤੇ ਅਟੁੱਟ ਰਿਸ਼ਤਾ ਹੈ। ਆਪਣੇ ਪਰਿਵਾਰਕ ਸਮਾਗਮਾਂ, ਤਿਉਹਾਰਾਂ ਅਤੇ ਸੁੱਖ-ਦੁੱਖ ਵਿੱਚ ਸ਼ਾਮਲ ਹੋਣ ਲਈ ਉਹਨਾਂ ਦੀ ਪੰਜਾਬ ਆਉਣ-ਜਾਣ ਦੀ ਲਗਾਤਾਰ ਆਵਾਜਾਈ ਬਣੀ ਰਹਿੰਦੀ ਹੈ। ਪਹਿਲਾਂ ਦਿੱਲੀ ਹਵਾਈ ਅੱਡੇ ’ਤੇ ਲੰਮੀ ਇਮੀਗ੍ਰੇਸ਼ਨ ਲਾਈਨਾਂ, ਸਮਾਨ ਦੀ ਮੁੜ-ਚੈਕਿੰਗ ਅਤੇ ਟਰਮੀਨਲ ਬਦਲਣ ਦੀ ਖੱਜਲ-ਖੁਆਰੀ ਕਾਰਨ ਸਾਡੇ ਬਜ਼ੁਰਗਾਂ, ਬੱਚਿਆਂ ਅਤੇ ਮਹਿਲਾਵਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਇਸ ’ਈਜ਼ੀ ਕਨੈਕਟ’ ਸੁਵਿਧਾ ਨਾਲ ਸਾਡੇ ਪਰਵਾਸੀ ਵੀਰਾਂ ਅਤੇ ਉਹਨਾਂ ਦੇ ਪਰਿਵਾਰਾਂ ਦਾ ਸਫ਼ਰ ਬਹੁਤ ਸੁਖਾਲਾ ਅਤੇ ਆਰਾਮਦਾਇਕ ਹੋ ਜਾਵੇਗਾ। ਕੇਂਦਰ ਦੀ ਮੋਦੀ ਸਰਕਾਰ ਹਮੇਸ਼ਾ ਉਹਨਾਂ ਕਿਹਾ ਕਿ ਪੰਜਾਬ, ਪੰਜਾਬੀਅਤ ਅਤੇ ਪੰਜਾਬੀਆਂ ਦੇ ਹਿੱਤ ਵਿੱਚ ਫੈਸਲੇ ਲੈਂਦੀ ਰਹੀ ਹੈ ਅਤੇ ਮੋਦੀ ਸਰਕਾਰ ਨੇ ਇਸ ਵੱਡੇ ਫੈਸਲੇ ਨਾਲ ਪੰਜਾਬੀਆਂ ਦਾ ਦਿਲ ਜਿੱਤ ਲਿਆ ਹੈ। ਉਹਨਾਂ ਦੱਸਿਆ ਕਿ ਇਸ ਸੇਵਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਯਾਤਰੀ ਅੰਮ੍ਰਿਤਸਰ ਹਵਾਈ ਅੱਡੇ ’ਤੇ ਹੀ ਆਪਣੀ ਇਮੀਗ੍ਰੇਸ਼ਨ ਅਤੇ ਪੂਰੀ ਚੈੱਕ-ਇਨ ਪ੍ਰਕਿਰਿਆ ਮੁਕੰਮਲ ਕਰ ਸਕਣਗੇ। ਦਿੱਲੀ ਪਹੁੰਚ ਕੇ ਉਹਨਾਂ ਨੂੰ ਨਾ ਤਾਂ ਟਰਮੀਨਲ ਬਦਲਣ ਦੀ ਲੋੜ ਪਵੇਗੀ ਅਤੇ ਨਾ ਹੀ ਸਮਾਨ ਮੁੜ ਚੈੱਕ ਕਰਵਾਉਣ ਦੀ ਲੋੜ ਹੋਵੇਗੀ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਇਸ ਕਦਮ ਨਾਲ ਨਾ ਕੇਵਲ ਐਨ.ਆਰ.ਆਈਜ਼ ਅਤੇ ਅੰਤਰਰਾਸ਼ਟਰੀ ਯਾਤਰੀਆਂ ਦੇ ਸਮੇਂ ਦੀ ਬਚਤ ਹੋਵੇਗੀ, ਸਗੋਂ ਪੰਜਾਬ ਵਿੱਚ ਟੂਰਿਜ਼ਮ, ਵਪਾਰ ਅਤੇ ਸਭਿਆਚਾਰਕ ਸਾਂਝ ਨੂੰ ਵੀ ਵੱਡਾ ਉਤਸ਼ਾਹ ਮਿਲੇਗਾ।

# ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਨੇ ਪ੍ਰਿਯਾਂਕ ਕਾਨੂੰਨਗੋ ਬਰਨਾਲਾ ਦੇ ਸਿਵਲ ਹਸਪਤਾਲ ’ਚ ਪੀੜਤਾਂ ਨਾਲ ਕੀਤੀ ਮੁਲਾਕਾਤ

**ਕੌਮੀ ਪਤ੍ਰਿਕਾ**

ਬਰਨਾਲਾ 31 ਜੁਲਾਈ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨਵੀਂ ਦਿੱਲੀ ਦੇ ਮੈਂਬਰ ਪ੍ਰਿਯਾਂਕ ਕਾਨੂੰਨਗੋ ਜ਼ਿਲ੍ਹਾ ਬਰਨਾਲਾ ’ਚ ਪੁੱਜੇ, ਜਿੱਥੇ ਉਨ੍ਹਾਂ ਸਿਵਲ ਹਸਪਤਾਲ ਬਰਨਾਲਾ ’ਚ ਜ਼ੇਰੇ ਇਲਾਜ ਸਫ਼ਾਈ ਕਰਮਚਾਰੀਆਂ ਦਾ ਹਾਲ ਚਾਲ ਪੁੱਛਿਆ ਉੱਥੇ ਹੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ ਤੇ ਕੇਂਦਰ ਸਰਕਾਰ ਦੀਆਂ ਵੱਖ-ਵੱਖ ਭਲਾਈ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਲਾਗੂ ਕਰਨਾ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਨੌਜਵਾਨਾਂ ਦੇ ਰੋਜ਼ਗਾਰ ਤੇ ਹੁਨਰ ਵਿਕਾਸ, ਬਜ਼ੁਰਗਾਂ ਲਈ ਭਲਾਈ ਯੋਜਨਾਵਾਂ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ, ਪ੍ਰਧਾਨ ਮੰਤਰੀ ਰੁਜ਼ਗਾਰ ਉਤਪਤੀ ਯੋਜਨਾ, ਪੀ.ਐੱਮ. ਵਿਸ਼ਵਕਰਮਾ ਯੋਜਨਾ, ਪੌਕਸੋ ਮਾਮਲਿਆਂ ਦੀ ਸਥਿਤੀ, ਨਮਸਤੇ ਸਕੀਮ, ਪ੍ਰਧਾਨ ਮੰਤਰੀ ਮਾਤ੍ਰੂ ਵੰਦਨਾ ਯੋਜਨਾ ਸਮੇਤ ਵੱਖ ਵੱਖ ਸਕੀਮਾਂ ਦਾ ਵਿਸਥਾਰ ’ਚ ਜਾਇਜ਼ਾ ਲਿਆ। ਕਾਨੂੰਨਗੋ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਹਰ ਯੋਗ ਲਾਭਪਾਤਰੀ ਤੱਕ ਪੂਰੀ ਪਾਰਦਰਸ਼ਤਾ ਨਾਲ ਪਹੁੰਚਾਇਆ ਜਾਵੇ ਅਤੇ ਕਿਸੇ ਵੀ ਯੋਗ ਵਿਅਕਤੀ ਨੂੰ ਖੱਜਲ-ਖੁਆਰ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਲੋਕ-ਭਲਾਈ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਰੂਪ ’ਚ ਲਾਗੂ ਕਰਨਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ। ਇਸ ਲਈ ਵੱਧ ਤੋਂ ਵੱਧ ਯੋਗ ਵਿਅਕਤੀਆਂ ਨੂੰ ਸਕੀਮਾਂ ਦਾ ਲਾਭ ਦਿੱਤਾ ਜਾਵੇ। ਮੀਡੀਆ ਨਾਲ ਗੱਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਜ਼ਮੀਨੀ ਪੱਧਰ ਉੱਤੇ ਜਾਇਜ਼ਾ ਲੈਣ ਲਈ ਵੱਖ ਵੱਖ ਜ਼ਿਲ੍ਹਿਆਂ ਦੇ ਦੌਰੇ ’ਤੇ ਹਨ। ਉਨ੍ਹਾਂ




ਕਿਹਾ ਕਿ ਸਕੀਮਾਂ ਬਾਰੇ ਮੀਟਿੰਗ ’ਚ ਪ੍ਰਧਾਨ ਮੰਤਰੀ ਆਯੂਸ਼ਮਾਨ ਯੋਜਨਾ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ’ਚ ਪੜ੍ਹਦੇ ਐੱਸਸੀ ਵਿਦਿਆਰਥੀਆਂ ਨੂੰ ਵਜ਼ੀਫਾ ਸਕੀਮਾਂ ਦਾ ਬਣਦਾ ਲਾਭ ਦਿਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ ਅਤੇ ਆਰਥਿਕ ਤੌਰ ’ਤੇ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਸਕੀਮਾਂ ਦਾ ਲਾਭ ਦਾ ਦਿਵਾਉਣ ਸਮੇਤ ਹੋਰ ਦਿਸ਼ਾ - ਨਿਰਦੇਸ਼ ਦਿੱਤੇ ਗਏ ਹਨ।ਇਸ ਮੌਕੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਆਈ ਏ ਐਸ, ਐੱਸ ਐੱਸ ਪੀ ਮੁਹੰਮਦ ਸਰਫਰਾਜ਼ ਆਲਮ, ਵਧੀਕ ਡਿਪਟੀ ਕਮਿਸ਼ਨਰ (ਜ) ਵਿਵੇਕ ਮੋਦੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਹਰਜਿੰਦਰ ਸਿੰਘ ਬੇਦੀ ਆਈ ਏ ਐੱਸ, ਐੱਸਡੀਐਮਜ਼ ਤੋਂ ਇਲਾਵਾ ਪੁਲੀਸ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਮੈਂਬਰ ਪ੍ਰਿਯਾਂਕ ਕਾਨੂੰਨਗੋ ਸਿਵਲ ਹਸਪਤਾਲ ਬਰਨਾਲਾ ’ਚ ਸਫ਼ਾਈ ਕਰਮਚਾਰੀਆਂ ਨੂੰ ਵੀ ਮਿਲੇ ਹਨ। ਬਰਨਾਲਾ ਸਫ਼ਾਈ ਕਰਮਚਾਰੀਆਂ ਦੇ ਮਾਮਲੇ ’ਚ ਉਨ੍ਹਾਂ ਕਿਹਾ ਕਿ ਕਮਿਸ਼ਨ ਵਲੋਂ ਇਸ ਮਾਮਲੇ ਦਾ ਨੋਟਿਸ ਲਿਆ ਗਿਆ ਹੈ ਤੇ ਮੁੱਖ ਸਕੱਤਰ ਅਤੇ ਡੀਜੀਪੀ ਪੰਜਾਬ ਤੋਂ ਵੱਖ ਵੱਖ 9 ਨੁਕਤਿਆਂ ’ਤੇ ਰਿਪੋਰਟ ਮੰਗੀ ਗਈ ਹੈ। ਉਨ੍ਹਾਂ ਕਿਹਾ ਕਿ ਕਸੂਰਵਾਰਾਂ ਖ਼?ਲਾਫ਼ ਬਣਦੀ ਕਾਰਵਾਈ ਕਰਵਾਈ ਜਾਵੇਗੀ ਅਤੇ ਪੀੜਤਾਂ ਨੂੰ ਪੂਰਾ ਇਨਸਾਫ਼ ਦਿਵਾਇਆ ਜਾਵੇਗਾ।

# ਵਾਇਨਾਡ ’ਚ ਲੈਂਡਸਲਾਈਡ ਕਾਰਨ ਭਾਰੀ ਤਬਾਹੀ ! ਮਲਬੇ ਦੇ ਨਾਲ ਇਮਾਰਤਾਂ ਤੇ ਟੈਂਕਰ ਸਭ ਕੁਝ ਰੁੜ੍ਹਿ ਆ

ਨੈਸ਼ਨਲ ਡੈਸਕ 31 ਜੁਲਾਈ। ਕੇਰਲ ਵਿੱਚ ਭਾਰੀ ਬਾਰਿਸ਼ ਨੇ ਤਬਾਹੀ ਮਚਾ ਦਿੱਤੀ ਹੈ। ਮੰਗਲਵਾਰ ਨੂੰ ਵਾਇਨਾਡ ਜ਼ਿਲ੍ਹੇ ਦੇ ਕਲਾਡੀ ਇਲਾਕੇ ਵਿੱਚ ਜ਼ਮੀਨ ਖਿਸਕਣ ਕਾਰਨ ਕੁਝ ਲੋਕਾਂ ਦੀ ਮੌਤ ਹੋਣ ਦਾ ਖਦਸ਼ਾ ਹੈ। ਵਾਇਨਾਡ ਤੋਂ ਜ਼ਮੀਨ ਖਿਸਕਣ ਦੀ ਇੱਕ ਡਰਾਉਣੀ ਵੀਡੀਓ ਵੀ ਸਾਹਮਣੇ ਆਈ ਹੈ। ਕੇਰਲ ਦੇ ਮੁੱਖ ਮੰਤਰੀ ਵੀ.ਡੀ. ਸਤੀਸਨ ਨੇ ਮੰਗਲਵਾਰ ਨੂੰ ਕਿਹਾ ਕਿ ਕਲਾਡੀ ਵਿੱਚ ਜ਼ਮੀਨ ਖਿਸਕਣ ਕਾਰਨ ਇੱਕ ਵਿਅਕਤੀ ਦੀ ਮੌਤ, ਸੱਤ ਹੋਰ ਜ਼ਖ਼ਮੀ ਤੇ ਸੱਤ ਹੋਰ ਲਾਪਤਾ ਹੋ ਗਏ ਹਨ। ਇਹ ਜ਼ਮੀਨ ਖਿਸਕਣ ਕਲਾਡੀ ਵਿੱਚ ਮੀਨਾਕਸ਼ੀ ਪੁਲ ਦੇ ਨੇੜੇ ਵਾਪਰੀ, ਜਿੱਥੇ ਕੋਝੀਕੋਡ ਅਤੇ ਵਾਇਨਾਡ ਜ਼ਿਲ੍ਹਿਆਂ ਨੂੰ ਜੋੜਨ ਵਾਲੇ ਇੱਕ ਸੁਰੰਗ ਸੜਕ ਪ੍ਰੋਜੈਕਟ ’ਤੇ ਕੰਮ ਚੱਲ ਰਿਹਾ ਸੀ। ਸਤੀਸਨ ਨੇ ਦੱਸਿਆ ਕਿ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਮੰਤਰੀ ਪੀ.ਕੇ. ਬਸ਼ੀਰ ਅਤੇ ਜ਼ਿਲ੍ਹਾ ਕੁਲੈਕਟਰ ਨੇ ਠੇਕੇਦਾਰਾਂ ਨੂੰ ਪਹਿਲਾਂ ਹੀ ਇਲਾਕੇ ਵਿੱਚ ਜਮ?ਹਾਂ ਹੋਏ ਮਿੱਟੀ ਦੇ ਮਲਬੇ ਨੂੰ ਹਟਾਉਣ ਦੇ ਨਿਰਦੇਸ਼ ਦਿੱਤੇ ਸਨ। ਹਾਲਾਂਕਿ, ਠੇਕੇਦਾਰਾਂ ਨੇ ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ, ਮੁੱਖ ਮੰਤਰੀ ਨੇ ਕੇਰਲ ਰਾਜ ਆਫ਼ਤ ਪ੍ਰਬੰਧਨ ਅਥਾਰਟੀ (ਕੇ.ਐਸ.ਡੀ.ਐਮ.ਏ.) ਦਫ਼ਤਰ ਦੇ ਅਧਿਕਾਰੀਆਂ ਨਾਲ ਸਥਿਤੀ ਦੀ ਸਮੀਖਿਆ ਕਰਨ ਤੋਂ ਬਾਅਦ ਕਿਹਾ ਕਿ ਇਹ ਇੱਕ ਮੰਦਭਾਗੀ ਘਟਨਾ ਹੈ। ਬਚਾਅ ਕਾਰਜ ਜਾਰੀ ਹਨ,। ਮੁੱਖ ਮੰਤਰੀ ਨੇ ਕਿਹਾ ਕਿ ਜ਼ਮੀਨ ਖਿਸਕਣ ਦਾ ਕਾਰਨ ਮੌਸਮ ਸੰਬੰਧੀ ਸਹੀ ਚਿਤਾਵਨੀਆਂ ਦੀ ਘਾਟ ਨਹੀਂ ਸੀ, ਸਗੋਂ ਅਧਿਕਾਰੀਆਂ ਦੁਆਰਾ ਨਿਰਦੇਸ਼ ਦਿੱਤੇ ਅਨੁਸਾਰ ਸਮੇਂ ਸਿਰ ਮਿੱਟੀ ਹਟਾਉਣ ਵਿੱਚ ਅਸਫਲਤਾ ਸੀ। ਉਨ੍ਹਾਂ ਕਿਹਾ ਕਿ ਜ਼ਰੂਰੀ ਬਚਾਅ ਟੀਮਾਂ ਇਲਾਕੇ ਵਿੱਚ ਪਹੁੰਚ ਰਹੀਆਂ ਹਨ ਅਤੇ ਪੁਲਸ ਅਤੇ ਅੱਗ ਬੁਝਾਊ ਦਸਤੇ ਪਹਿਲਾਂ ਹੀ ਤਾਇਨਾਤ ਕਰ ਦਿੱਤੇ ਗਏ ਹਨ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਖੋਜ ਅਤੇ ਬਚਾਅ ਕਾਰਜ ਲਈ ਸਾਰੇ ਜ਼ਰੂਰੀ ਪ੍ਰਬੰਧ ਜਲਦੀ ਤੋਂ ਜਲਦੀ ਉਪਲਬਧ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਘਟਨਾ ਤੋਂ ਪਹਿਲਾਂ ਇਲਾਕੇ ਵਿੱਚ ਭਾਰੀ ਮੀਂਹ ਪਿਆ ਸੀ, ਅਤੇ ਹਾਲਾਂਕਿ ਹੁਣ ਮੀਂਹ ਦੀ ਤੀਬਰਤਾ ਘੱਟ ਗਈ ਹੈ, ਪਰ ਇਹ ਬਚਾਅ ਕਰਮਚਾਰੀਆਂ ਲਈ ਮੁਸ਼ਕਲਾਂ ਪੈਦਾ ਕਰ ਰਹੀ ਹੈ।

# 60 ਸਾਲਾ ਮਕਾਨ ਮਾਲਕ ਵੱਲੋਂ 9 ਸਾਲਾ ਬੱਚੀ ਨਾਲ ਜਬਰ-ਜਨਾਹ, ਵਿਰੋਧ ਕਰਨ ’ਤੇ ਡੰਡਿਆਂ ਨਾਲ ਕੁੱਟਮਾਰ

ਬਠਿੰਡਾ 31 ਜੁਲਾਈ। ਥਾਣਾ ਕੈਨਾਲ ਖੇਤਰ ਵਿੱਚ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਇੱਥੇ 60 ਸਾਲਾ ਮਕਾਨ ਮਾਲਕ ਵੱਲੋਂ ਕਿਰਾਏ ’ਤੇ ਰਹਿ ਰਹੇ ਪਰਿਵਾਰ ਦੀ 9 ਸਾਲਾ ਮਾਸੂਮ ਬੱਚੀ ਨਾਲ ਜਬਰ-ਜਨਾਹ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਵਿਰੋਧ ਕਰਨ ’ਤੇ ਦੋਸ਼ੀ ਨੇ ਬੱਚੀ ਦੀ ਡੰਡਿਆਂ ਨਾਲ ਕੁੱਟਮਾਰ ਵੀ ਕੀਤੀ, ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਪੁਲਿਸ ਨੇ ਦੋਸ਼ੀ ਨੂੰ ਪੋਕਸੋ ਐਕਟ ਸਮੇਤ ਹੋਰ ਸੰਗੀਨ ਧਾਰਾਵਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਪੀੜਤਾ ਆਪਣੀ ਮਾਤਾ ਦੀ ਮੌਤ ਤੋਂ ਬਾਅਦ ਆਪਣੇ ਪਿਤਾ ਅਤੇ ਦੋ ਛੋਟੇ ਭੈਣ-ਭਰਾਵਾਂ ਨਾਲ ਕਿਰਾਏ ਦੇ ਮਕਾਨ ਵਿੱਚ ਰਹਿੰਦੀ ਹੈ। ਦੋਸ਼ੀ ਮਕਾਨ ਮਾਲਕ ਇੱਕ ਟਰਾਂਸਫਾਰਮਰ ਕੰਪਨੀ ਵਿੱਚ ਸੁਰੱਖਿਆ ਗਾਰਡ ਵਜੋਂ ਕੰਮ ਕਰਦਾ ਹੈ। ਬੀਤੇ ਦਿਨ ਦੋਸ਼ੀ ਨੇ ਘਰ ਵਿੱਚ ਬੱਚੀ ਨੂੰ ਇਕੱਲੀ ਪਾ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਰੌਲਾ ਪਾਉਣ ’ਤੇ ਦੋਸ਼ੀ ਨੇ ਡੰਡੇ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਬੱਚੀ ਦਾ ਹੱਥ ਫਰੈਕਚਰ ਹੋ ਗਿਆ ਅਤੇ ਸਿਰ ’ਤੇ ਵੀ ਗੰਭੀਰ ਸੱਟਾਂ ਲੱਗੀਆਂ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸਮਾਜ ਸੇਵੀ ਹਰਿਓਮ ਠਾਕੁਰ ਅਤੇ ਉਨ੍ਹਾਂ ਦੀ ਟੀਮ ਮੌਕੇ ’ਤੇ ਪਹੁੰਚੀ। ਉਨ੍ਹਾਂ ਨੇ ਜ਼ਖ਼ਮੀ ਬੱਚੀ ਨੂੰ ਬਠਿੰਡਾ ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਥਾਣਾ ਕੈਨਾਲ ਦੇ ਐੱਸਐੱਚਓ ਦਲਜੀਤ ਸਿੰਘ ਨੇ ਦੱਸਿਆ ਕਿ ਪੀੜਤ ਪਰਿਵਾਰ ਦੀ ਸ਼ਿਕਾਇਤ ’ਤੇ ਤੁਰੰਤ ਮਾਮਲਾ ਦਰਜ ਕਰ ਲਿਆ ਗਿਆ ਹੈ। ਦੋਸ਼ੀ ਖ਼?ਲਾਫ਼ ਪੋਕਸੋ ਐਕਟ ਅਤੇ ਜਬਰ-ਜਨਾਹ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਅਤੇ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣ ਲਈ ਕਾਰਵਾਈ ਕੀਤੀ ਜਾਵੇਗੀ।

# ਬਰਨਾਲਾ ਲਾਠੀਚਾਰਜ ’ਤੇ ਮੇਅਰ ਦਾ ਵੱਡਾ ਬਿਆਨ, ਪੁਲਿਸ ਦੇ ਅੱਤਿਆਚਾਰ ਨੇ ਕਰਮਚਾਰੀਆਂ ਦੀਆਂ ਅੱਖਾਂ ’ਚ ਅੱਖਾਂ ਪਾ ਕੇ ਗੱਲ ਕਰਨ ਜੋਗਾ ਨਹੀਂ ਛੱਡਿਆ

**ਕੌਮੀ ਪਤ੍ਰਿਕਾ**

ਬਰਨਾਲਾ 31 ਜੁਲਾਈ। ਬਰਨਾਲਾ ਵਿਖੇ ਸਫ਼ਾਈ ਕਰਮਚਾਰੀਆਂ ’ਤੇ ਹੋਏ ਲਾਠੀਚਾਰਜ ਦੀ ਘਟਨਾ ਤੋਂ ਬਾਅਦ ਸ਼ਹਿਰ ’ਚ ਸਿਆਸੀ ਅਤੇ ਪ੍ਰਸ਼ਾਸਨਿਕ ਹਲਚਲ ਤੇਜ਼ ਹੋ ਗਈ ਹੈ। ਇਸ ਪੂਰੇ ਘਟਨਾਕ੍ਰਮ ’ਤੇ ਨਗਰ ਨਿਗਮ ਬਰਨਾਲਾ ਦੇ ਮੇਅਰ ਹਸਨਪ੍ਰੀਤ ਭਾਰਦਵਾਜ ਨੇ ’ਪੰਜਾਬੀ ਜਾਗਰਣ’ ਨਾਲ ਗੱਲਬਾਤ ਕਰਦਿਆਂ ਆਪਣਾ ਪੱਖ ਰੱਖਿਆ ਹੈ। ਮੇਅਰ ਭਾਰਦਵਾਜ ਨੇ ਦੱਸਿਆ ਕਿ ਲਾਠੀਚਾਰਜ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਦੇ ਖ਼?ਲਾਫ਼ ਮੁੱਢਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਜੇਕਰ ਜਾਂਚ ਦੇ ਆਧਾਰ ’ਤੇ ਕੋਈ ਵੱਡੀ ਕਾਰਵਾਈ ਕਰਨੀ ਬਣਦੀ ਹੋਈ, ਤਾਂ ਉਹ ਵੀ ਜ਼ਰੂਰ ਕੀਤੀ ਜਾਵੇਗੀ। ਸਫ਼ਾਈ ਕਰਮਚਾਰੀਆਂ ’ਤੇ ਹੋਏ ਲਾਠੀਚਾਰਜ ਨੂੰ ਅੱਤਿਆਚਾਰ ਗਰਦਾਨਦਿਆਂ ਮੇਅਰ ਨੇ ਕਿਹਾ ਕਿ ਉਹ ਇਸ ਘਟਨਾ ਤੋਂ ਬਹੁਤ ਸ਼ਰਮਿੰਦਾ ਹਨ। ਇਸ ਪੁਲਿਸ ਕਾਰਵਾਈ ਨੇ ਉਨ੍ਹਾਂ ਨੂੰ ਸਫ਼ਾਈ ਕਰਮਚਾਰੀਆਂ ਦੀਆਂ ਅੱਖਾਂ ’ਚ ਅੱਖਾਂ ਪਾ ਕੇ ਗੱਲ ਕਰਨ ਜੋਗਾ ਨਹੀਂ ਛੱਡਿਆ। ਉਨ੍ਹਾਂ ਦੱਸਿਆ ਕਿ? ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਨੇ ਵੀ ਇਸ ਘਟਨਾ ਲਈ ਨਿੱਜੀ ਤੌਰ ’ਤੇ ਮਾਫ਼ੀ ਮੰਗੀ ਹੈ। ?ਮੇਅਰ ਨੇ ਕਿਹਾ ਕਿ ਮੈਂ ਖ਼ੁਦ ਵੀ ਇਸ ਪੂਰੇ ਘਟਨਾਕ੍ਰਮ ਲਈ ਵਾਰ-ਵਾਰ ਮਾਫ਼ੀ ਮੰਗਦਾ ਹਾਂ। ਜ਼ਿਕਰਯੋਗ ਹੈ ਕਿ ਘਟਨਾ ਵਾਲੇ ਦਿਨ ਨਗਰ ਨਿਗਮ ਦੇ ਅਸਿਸਟੈਂਟ ਕਮਿਸ਼ਨਰ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਕੂੜੇ ਦੇ ਢੇਰ ਚੁੱਕੇ ਜਾ ਰਹੇ ਸਨ। ਗੱਲਬਾਤ ਦੌਰਾਨ ਮੇਅਰ ਨੇ ਇਹ ਹੈਰਾਨੀਜਨਕ ਖੁਲਾਸਾ ਕੀਤਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਭਣਕ



ਤੱਕ ਨਹੀਂ ਸੀ ਕਿ ਨਿਗਮ ਵੱਲੋਂ ਪੁਲਿਸ ਦੀ ਨਿਗਰਾਨੀ ਹੇਠ ਕੂੜਾ ਚੁਕਵਾਇਆ ਜਾ ਰਿਹਾ ਹੈ। ? ਮੇਅਰ ਨੇ ਕਿਹਾ ਕਿ ਭਾਵੇਂ ਹਾਈਕੋਰਟ ਵੱਲੋਂ ਕੂੜੇ ਦੇ ਢੇਰ ਚੁਕਵਾਉਣ ਦੇ ਹੁਕਮ ਸਨ ਪਰ ਹਾਈਕੋਰਟ ਨੇ ਇਹ ਹੁਕਮ ਕਦੇ ਨਹੀਂ ਦਿੱਤੇ ਸਨ ਕਿ ਸਫ਼ਾਈ ਕਰਮਚਾਰੀਆਂ ’ਤੇ ਡਾਂਗਾਂ ਵਰ੍ਹਾ ਕੇ ਉਨ੍ਹਾਂ ਦੇ ਸਿਰ ਪਾੜ੍ਹ ਦਿੱਤੇ ਜਾਣ। ਉਨ੍ਹਾਂ ਇਸ ਘਟਨਾਕ੍ਰਮ ਨੂੰ ਬੇਹੱਦ ਮੰਦਭਾਗਾ ਦੱਸਦਿਆਂ ਇਸ ਦੀ ਸਖ਼ਤ ਸ਼ਬਦਾਂ ’ਚ ਨਿੰਦਾ ਕੀਤੀ। ਮੇਅਰ ਦੀ ਗੱਲਬਾਤ ਅਤੇ ਸਰੀਰਕ ਭਾਸ਼ਾ ਤੋਂ ਇਹ ਸਾਫ਼ ਝਲਕ ਰਿਹਾ ਸੀ ਕਿ ਉਹ ਇਸ ਘਟਨਾ ਤੋਂ ਬਹੁਤ ਜ਼ਿਆਦਾ ਦੁਖੀ ਹਨ। ਇਸ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਜ਼ਖ਼ਮੀ ਹੋਏ ਜ਼ਿਆਦਾਤਰ ਸਫ਼ਾਈ ਕਰਮਚਾਰੀ ਮੇਅਰ ਦੇ ਆਪਣੇ ਵਾਰਡ ਨੰਬਰ 44 ਨਾਲ ਸਬੰਧਤ ਹਨ, ਜਿਨ੍ਹਾਂ ਨੇ ਹਾਲ ਹੀ ਵਿੱਚ ਉਨ੍ਹਾਂ ਨੂੰ ਵੋਟਾਂ ਪਾ ਕੇ ਕੌਂਸਲਰ ਬਣਾਇਆ ਸੀ ਅਤੇ ਜਿਸ ਤੋਂ ਬਾਅਦ ਉਹ ਮੇਅਰ ਦੀ ਕੁਰਸੀ ’ਤੇ ਬਿਰਾਜਮਾਨ ਹੋਏ ਸਨ। ਨਗਰ ਨਿਗਮ ਬਰਨਾਲਾ ਦੇ ਪਲੇਠੇ ਮੇਅਰ ਹਸਨਪ੍ਰੀਤ ਭਾਰਦਵਾਜ ਦਾ ਸਫਾਈ ਕਾਮਿਆਂ ਪ੍ਰਤੀ ਦਰਦ ਭਾਵੇਂ ਛੇ ਦਿਨ ਬਾਅਦ ਹੀ ਛਲਕਿਆ ਪਰ ਇਹ ਅੱਜ ਦਰਦ ਧੁਰ ਅੰਦਰੋਂ ਛਲਕ ਰਿਹਾ ਸੀ। ਹਸਨਪ੍ਰੀਤ ਭਾਰਦਵਾਜ ਦੇ ਗੱਲ ਕਰਨ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਹੈ ਕਿ ਘਟਨਾ ਨਾਲ ਸਬੰਧਤ ਡੀਐੱਸਪੀ ਤੇ ਐੱਸਐੱਚਓ ਦੇ ਖ਼?ਲਾਫ਼ ਕਾਰਵਾਈ ਕੀਤੀ ਜਾ ਚੁੱਕੀ ਹੈ ਪਰ ਮੇਅਰ ਦੀ ਅੱਜ ਵਾਲੀ ਤਾਜ਼ਾ ਗੱਲਬਾਤ ਬਾਅਦ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਅਗਲੀ ਪੜ੍ਹਤਾਲ ਦੇ ਆਧਾਰ ’ਤੇ ਦੋਵਾਂ ਅਧਿਕਾਰੀਆਂ ਵਿਰੁੱਧ ਕੋਈ ਹੋਰ ਸਖ਼ਤ ਤੇ ਵੱਡੀ ਕਾਰਵਾਈ ਹੋ ਸਕਦੀ ਹੈ। ਸਫ਼ਾਈ ਕਰਮਚਾਰੀਆਂ ’ਤੇ ਹੋਏ ਲਾਠੀਚਾਰਜ ਤੋਂ ਛੇ ਦਿਨਾਂ ਬਾਅਦ ਆਇਆ ਨਗਰ ਨਿਗਮ ਮੇਅਰ ਦਾ ਸਫਾਈ ਕਾਮਿਆਂ ਦੇ ਹੱਕ ਚ ਦਿੱਤਾ ਬਿਆਨ ਇਸ ਵੇਲੇ ਪੂਰੇ ਸ਼ਹਿਰ ’ਚ ਭਾਰੀ ਚਰਚਾ ਦਾ ਵੀ ਵਿਸ਼ਾ ਬਣਿਆ ਹੋਇਆ ਹੈ।